ਬਾਰਹਮਾਹਾ
ਪੋਖਿ

ਡਾ. ਜਗਜੀਤ ਸਿੰਘ

ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਅਤੇ ਰਾਗ ਮਾਝ ਵਿਚ ਪ੍ਰਾਪਤ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ ਵਿਚੋਂ ਪੋਹ ਦੇ ਮਹੀਨੇ ਦਾ ਪਾਠ ਅਤੇ ਉਸ ਦੀ ਸਰਲ ਵਿਆਖਿਆ।

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥
ਪੰਨਾ - 1109

ਮੱਘਰ ਦਾ ਮਹੀਨਾ ਸੁਖਾਵੀਂ ਤੇ ਸੁਹਾਵਣੀ ਰੁੱਤ ਦਾ ਮਹੀਨਾ ਮੰਨਿਆ ਜਾਂਦਾ ਹੈ ਪਰ ਪੋਹ ਦੇ ਮਹੀਨੇ ਠੰਢ ਕਾਫੀ ਵਧ ਜਾਂਦੀ ਹੈ। ਕੋਰਾ ਤੇ ਕੱਕਰ ਪੈਂਦਾ ਹੈ। 'ਜੋ ਬ੍ਰਹਿਮੰਡੇ ਸੋਈ ਪਿੰਡੇ' ਜੋ ਬਾਹਰ ਵਾਪਰਦਾ ਹੈ, ਉਸ ਦਾ ਅੰਦਰਲੇ ਨਾਲ ਕਾਫੀ ਜੋੜ ਹੁੰਦਾ ਹੈ। ਜੇ ਅੰਦਰ ਪ੍ਰਭੂ ਪਿਆਰ ਦੀ ਨਿੱਘ ਹੋਵੇ, ਸਾਂਈ ਦੇ ਮਿਲਾਪ ਲਈ ਤੜਪ ਹੋਵੇ, ਨਾਮ ਬਾਣੀ ਦਾ ਉਮਾਹ ਹੋਵੇ, ਗੁਰੂ ਦਰਸ਼ਨਾਂ ਦੀ ਤਾਂਘ ਹੋਵੇ ਤਾਂ ਕੱਕਰ ਪਾਲਾ ਕੁਝ ਨਹੀਂ ਕਹਿੰਦਾ, ਕੋਈ ਰੁਕਾਵਟ ਨਹੀਂ ਬਣਦਾ। ਨਾਮ ਦੀ ਠੰਢਕ ਵਿਚ ਵਿਚਰਦਾ ਪ੍ਰਾਣੀ ਜਿਵੇਂ ਜੇਠ ਹਾੜ ਦੀ ਤਪਸ਼ ਤੋਂ ਅਭਿੱਜ ਰਹਿੰਦਾ ਹੈ, ਤਿਵੇਂ ਪ੍ਰਭੂ ਪਿਆਰ ਦੀ ਨਿੱਘ ਮਾਣਦੇ ਪ੍ਰਾਣੀ ਨੂੰ ਪੋਹ ਮਾਘ ਦੀ ਸਰਦੀ ਕੁਝ ਨਹੀਂ ਕਹਿੰਦੀ। ਉਸ ਲਈ ਹਰ ਰੁੱਤ ਸੁਹਾਵਣੀ ਹੈ, ਭਲੀ ਹੈ, ਚੰਗੀ ਹੈ।

ਪੋਹ ਦੇ ਮਹੀਨੇ ਪ੍ਰਤੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਇਸ ਮਹੀਨੇ ਕੱਕਰ ਪੈਂਦਾ ਹੈ। ਅਤਿ ਦੀ ਸਰਦੀ ਕਾਰਨ, ਕੋਰੇ ਕਾਰਨ, ਸਾਰੀ ਬਨਸਪਤੀ ਵਿਚੋਂ ਰੁੱਖਾਂ, ਘਾਹ-ਤ੍ਰਿਣਾਂ ਵਿਚੋਂ ਰਸ ਮੁੱਕ ਜਾਂਦਾ ਹੈ। ਇੰਜ ਹੀ ਜਿਸ ਮਨੁੱਖ ਦੇ ਅੰਦਰੋਂ ਪ੍ਰਭੂ ਯਾਦ ਭੁੱਲ ਜਾਂਦੀ ਹੈ, ਪ੍ਰਭੂ ਪਿਆਰ ਵਿਸਰ ਜਾਂਦਾ ਹੈ, ਉਸ ਦੇ ਅੰਦਰ ਕੁਦਰਤੀ ਤੌਰ ਤੇ ਕੋਰਾਪਨ ਅਤੇ ਰੁੱਖਾਪਨ ਪੈਦਾ ਹੋ ਜਾਂਦਾ ਹੈ। ਉਸ ਦੇ ਜੀਵਨ ਨੂੰ ਦੁਨਿਆਵੀ ਵੈਰ-ਵਿਰੋਧ ਯਖ਼-ਠੰਢਾ ਕਰ ਦਿੰਦੇ ਹਨ ਜਿਵੇਂ ਫੁਰਮਾਨ ਹੈ -

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 268

ਜਿਵੇਂ ਪਾਲਾ ਕੱਕਰ ਬਨਸਪਤੀ ਦੇ ਰਸ ਨੂੰ ਸੁਕਾਅ ਦਿੰਦਾ ਹੈ, ਤਿਵੇਂ ਕੋਰਾਪਨ ਅੰਦਰੋਂ ਪ੍ਰੇਮ ਰਸ ਨੂੰ ਸੁਕਾਅ ਦਿੰਦਾ ਹੈ। (ਪੋਖੁ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ) ਇਸ ਲਈ ਗੁਰੂ ਨਾਨਕ ਦੇਵ ਜੀ ਸਾਡੇ ਜੀਵਾਂ ਦੀ ਅਗਵਾਈ ਕਰਦੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਤੂੰ ਆ ਕੇ ਮੇਰੇ ਮਨ ਵਿਚ, ਮੇਰੇ ਤਨ ਵਿਚ, ਮੇਰੇ ਮੂੰਹ ਵਿਚ ਕਿਉਂ ਨਹੀਂ ਵਸਦਾ? (ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ) ਤਾਕਿ ਤੇਰੇ ਪਿਆਰ ਵਿਚ ਭਿੱਜ ਕੇ ਮੇਰਾ ਕੋਰਾਪਨ, ਰੁਖਾਪਨ ਦੂਰ ਹੋ ਜਾਵੇ। ਪਰ ਪ੍ਰਭੂ ਤਾਂ ਕਿਤੇ ਦੂਰ ਨਹੀਂ ਹੈ। ਇਹ ਤਾਂ ਸਾਡੀ ਅਗਿਆਨਤਾ, ਅਣਗਹਿਲੀ, ਬੇਪਰਵਾਹੀ ਕਾਰਨ ਦੂਰ ਜਾਪਦਾ ਹੈ। ਗੁਰੂ ਜੀ ਇਹ ਸੋਝੀ ਬਖਸ਼ਦੇ ਹਨ ਕਿ ਜੋ ਸਾਰੇ ਜਗਤ ਦਾ ਆਸਰਾ ਹੈ, ਉਹ ਤਾਂ ਹਰੇਕ ਜੀਵ ਦੇ ਤਨ ਤੇ ਮਨ ਵਿਚ ਪਹਿਲਾਂ ਹੀ ਵਸ ਰਿਹਾ ਹੈ। ਗੁਰੂ ਦੇ ਸ਼ਬਦ ਵਿਚ ਜੁੜਨ ਨਾਲ ਐਸਾ ਅਨੁਭਵ ਪ੍ਰਾਪਤ ਹੁੰਦਾ ਹੈ ਅਤੇ ਪ੍ਰਭੂ ਮਿਲਾਪ ਦਾ ਅਨੰਦ ਮਿਲਦਾ ਹੈ (ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ) ਨਾਲ ਹੀ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ ਚੌਹਾਂ ਖਾਣੀਆਂ - ਅੰਡਜ, ਜੇਰਜ, ਸੇਤਜ ਅਤੇ ਉਤਭੁਜ ਦੇ ਸਭਨਾਂ ਜੀਵਾਂ ਵਿਚ, ਹਰੇਕ ਦੇ ਘਟ ਘਟ ਵਿਚ ਪ੍ਰਭੂ ਦੀ ਜੋਤਿ ਸਮਾਈ ਦਿਸਦੀ ਹੈ। (ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ) ਗੁਰੂ ਜੀ ਪਿਆਰੇ ਪ੍ਰਭੂ ਪਾਸ ਬੇਨਤੀ ਕਰਦੇ ਹਨ, ਹੇ ਦਿਆਲੂ ਦਾਤਾਰ! ਮੈਨੂੰ ਆਪਣੇ ਦਰਸ਼ਨ ਬਖਸ਼ਿਸ਼ ਕਰੋ! ਮੈਨੂੰ ਚੰਗੀ ਬੁੱਧੀ ਬਖਸ਼ਿਸ਼ ਕਰੋ ਜਿਸ ਨਾਲ ਮੈਂ ਉਚੀ ਆਤਮਿਕ ਅਵਸਥਾ ਪ੍ਰਾਪਤ ਕਰ ਸਕਾਂ ***(ਦਰਸ਼ਨ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਏਹੋ)*** ਗੁਰੂ ਮਹਾਰਾਜ ਦਸਦੇ ਹਨ ਕਿ ਜਦੋਂ ਕਿਸੇ ਪ੍ਰੇਮੀ ਅੰਦਰ ਪ੍ਰਭੂ ਪਿਆਰ ਉਛਾਲੇ ਮਾਰਦਾ ਹੈ, ਪਿਆਰੇ ਪ੍ਰਮਾਤਮਾ ਨਾਲ ਬਣ ਆਉਂਦੀ ਹੈ ਤਾਂ ਉਹ ਪ੍ਰੇਮੀ ਪ੍ਰਭੂ ਪਿਆਰ ਵਿਚ ਜੁੜ ਕੇ, ਉਸ ਦੇ ਪਿਆਰ ਸੋਹਿਲੇ ਗਾਉਂਦਾ ਹੈ, ਗੁਣ ਗਾਇਨ ਕਰਦਾ ਹੈ ਅਤੇ ਮਹਾਂ ਅਨੰਦ ਮਾਣਦਾ ਹੈ। (ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ)

ਅਰਥਾਤ ਪ੍ਰਭੂ-ਪਿਆਰ ਨਾਲ ਮਨੁੱਖ ਦਾ ਅੰਦਰ ਰਸ ਭਰਪੂਰ ਹੋ ਜਾਂਦਾ ਹੈ, 'ਪੋਖਿ ਤੁਖਾਰੁ' ਦਾ ਉਸ ਉਪਰ ਕੋਈ ਅਸਰ ਨਹੀਂ ਹੁੰਦਾ। ਪ੍ਰਭੂ ਪਿਆਰ ਦੀ ਨਿੱਘ ਕਾਰਨ ਪ੍ਰਭੂ ਪਿਆਰ ਵਿਚ ਲਿਵਲੀਨ ਜੀਵਾਂ ਨੂੰ ਪਾਲਾ ਕੁਝ ਨਹੀਂ ਕਹਿੰਦਾ। ਨਾਮ-ਰਸ-ਰੱਤਿਆਂ ਲਈ ਹਰ ਰੁੱਤ ਸਰਦੀ ਗਰਮੀ ਸੋਹਣੀ ਸੁਹਾਵਣੀ ਹੈ ਕਿਉਂਕਿ ਉਹ ਹਰ ਰੁੱਤ ਵਿਚ

ਪ੍ਰਭੂ ਪਿਆਰ ਵਿਚ ਰੰਗੇ ਰਹਿੰਦੇ ਅਨੰਦ ਮਾਣਦੇ ਹਨ।

ਰਾਗੁ ਮਾਝ ਬਾਰਹਮਾਹਾ ਮਹਲਾ ੫

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ।।
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ।.
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ।।
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥

ਪੰਨਾ - 135

ਪੋਹ ਦੇ ਮਹੀਨੇ ਵਿਚ ਅਤਿ ਦੀ ਠੰਢ ਪੈਂਦੀ ਹੈ। ਕੱਕਰ (ਕੋਰਾ) ਪ੍ਰਭਾਵਿਤ ਕਰਦਾ ਹੈ ਤੇ ਇਸ ਤੋਂ ਬਚਣ ਦੇ ਸਾਧਨ ਟੋਲ੍ਹੇ ਜਾਂਦੇ ਹਨ। ਪੌਦਿਆਂ ਨੂੰ ਕੱਕਰ ਕੋਰੇ ਤੋਂ ਬਚਾਉਣ ਲਈ ਕਈ ਉਪਰਾਲੇ ਕੀਤੇ ਜਾਂਦੇ ਹਨ। ਪੋਹ ਦੀ ਸਰਦੀ ਤੋਂ ਬਚਣ ਲਈ ਮਨੁੱਖ ਕਈ ਤਰ੍ਹਾਂ ਯਤਨਸ਼ੀਲ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਵਿਚਾਰ ਹੈ ਕਿ ਜਿਹੜੇ ਜੀਵ ਪ੍ਰਭੂ-ਪਿਆਰ ਵਿਚ ਲੀਨ ਰਹਿੰਦੇ ਹਨ, ਉਨ੍ਹਾਂ ਨੂੰ ਨਾ ਜੇਠ ਹਾੜ ਦੀ ਤਪਸ਼ ਤੰਗ ਕਰ ਸਕਦੀ ਹੈ, ਨਾ ਪੋਹ ਮਾਘ ਦਾ ਕੋਰਾ ਕੁਝ ਵਿਗਾੜ ਸਕਦਾ ਹੈ। ਉਨ੍ਹਾਂ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਹ ਸਦਾ ਆਤਮਕ ਅਨੰਦ ਵਿਚ ਮਗਨ ਰਹਿੰਦੇ ਹਨ, ਮਾਲਕ ਦੀ ਯਾਦ ਵਿਚ ਹਰ ਰੁੱਤ ਉਨ੍ਹਾਂ ਲਈ ਸੁਹਾਵਣੀ ਹੁੰਦੀ ਹੈ।

ਗੁਰੂ ਮਹਾਰਾਜ ਪੋਹ ਦੇ ਮਹੀਨੇ ਰਾਹੀਂ ਉਪਦੇਸ਼ ਕਰਦੇ ਹਨ ਕਿ ਪੋਹ ਦੀ ਠੰਢ, ਕੋਰਾ, ਕੱਕਰ ਉਸ ਜੀਵ ਇਸਤ੍ਰੀ ਨੂੰ ਤੰਗ ਨਹੀਂ ਕਰਦਾ ਜਿਸਦੇ ਗਲ ਨਾਲ ਪ੍ਰਭੂ ਪਤੀ ਲਗਾ ਹੋਇਆ ਹੈ, ਜਿਸ ਦੇ ਹਿਰਦੇ ਵਿਚ ਸਦਾ ਪ੍ਰਭੂ ਪਿਆਰ ਵਿਆਪਕ ਰਹਿੰਦਾ ਹੈ (ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ)। ਕਾਰਨ ਇਹ ਹੈ ਕਿ ਗਰਮੀ ਸਰਦੀ ਦੇ ਪ੍ਰਭਾਵ ਮਨ ਕਬੂਲ ਕਰਦਾ ਹੈ। ਜਿਸ ਦੇ ਮਨ ਦੀ ਬਿਰਤੀ ਸੰਸਾਰੀ ਹੈ ਉਸ ਨੂੰ ਗਰਮੀ ਸਰਦੀ ਦਾ ਗਹਿਰਾ ਅਹਿਸਾਸ ਹੋਣਾ ਆਵਸ਼ਕ ਹੈ ਪਰ ਜਿਸ ਦੀ ਬਿਰਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ, ਉਸ ਨੂੰ ਪੋਹ ਦਾ ਤੁਖਾਰ ਕੀ ਕਹਿੰਦਾ ਹੈ, ਉਸ ਤੇ ਇਸ ਦਾ ਕੋਈ ਪ੍ਰਭਾਵ ਨਹੀਂ ਹੁੰਦਾ (ਮਨ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ)।

ਜਿਸ ਜੀਵ ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਸ੍ਰਿਸ਼ਟੀ ਦੇ ਸਹਾਰੇ ਅਤੇ ਪਾਲਨਹਾਰੇ ਦੀ ਓਟ ਪਕੜੀ ਹੈ ਅਤੇ ਪ੍ਰਭੂ ਪਤੀ ਦੀ ਸੇਵਾ ਨੂੰ ਹੀ ਜੀਵਨ ਦਾ ਧੁਰਾ ਬਣਾਇਆ ਹੈ, ਲਾਹਾ ਖੱਟਿਆ ਹੈ (ਓਟ ਗੋਬਿੰਦ ਗੋਪਾਲਰਾਇ ਸੇਵਾ ਸੁਵਾਮੀ ਲਾਹੁ) ਅਤੇ ਜਿਸ ਨੇ ਗੁਰੂ ਨਾਲ, ਸਾਧੂ ਜਨਾ, ਗੁਰੂ ਪਿਆਰਿਆਂ ਨਾਲ ਮਿਲ ਕੇ ਉਨ੍ਹਾਂ ਦੀ ਸੰਗਤ ਵਿਚ ਪ੍ਰਭੂ ਦੀ ਸਿਫਤਿ ਸਾਲਾਹ ਵਿਚ ਮਨ ਜੋੜਿਆ ਹੈ, ਉਨ੍ਹਾਂ ਨੂੰ ਨਾ ਕੋਈ ਬਿਖਿਆ, ਨਾ ਵਾਸ਼ਨਾਵਾਂ ਦੀ ਜ਼ਹਿਰ, ਨਾ ਮਾਇਆ ਦੇ ਦੋਸ਼ ਪੋਹ ਸਕਦੇ ਹਨ ਅਰਥਾਤ ਉਨ੍ਹਾਂ ਦਾ ਕੁਝ ਵੀ ਵਿਗਾੜ ਨਹੀਂ ਸਕਦੇ। (ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ) ਐਸੀ ਜੀਵ ਇਸਤ੍ਰੀ ਐਸੇ ਪ੍ਰਾਣੀ ਆਪਣੇ ਅਸਲੇ ਦੀ ਪਛਾਣ ਕਰ ਲੈਂਦੇ ਹਨ। ਜਿਸ ਪ੍ਰਮਾਤਮਾ ਤੋਂ ਉਨ੍ਹਾਂ ਦੀ ਹੋਂਦ ਕਾਇਮ ਹੋਈ ਹੈ, ਜਿਸ ਤੋਂ ਉਹ ਪੈਦਾ ਹੋਏ ਹਨ, ਉਸ ਅਸਲੇ ਨਾਲ ਹੀ ਸਦਾ ਜੁੜੇ ਰਹਿੰਦੇ ਹਨ, ਉਨ੍ਹਾਂ ਦੀ ਲਿਵ ਸਦਾ ਪ੍ਰਭੂ ਦੀ ਪ੍ਰੀਤ ਵਿਚ ਲੱਗੀ ਰਹਿੰਦੀ ਹੈ (ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ) ਪ੍ਰਭੂ ਪ੍ਰੀਤਮ ਸੱਚੇ ਪ੍ਰੇਮੀ ਦੇ ਪਿਆਰ ਨੂੰ ਕਬੂਲ ਕਰਦਾ ਹੈ, ਕ੍ਰਿਪਾ ਦ੍ਰਿਸ਼ਟੀ ਨਾਲ ਉਸ ਦਾ ਹੱਥ ਫੜ ਕੇ ਉਸ ਨੂੰ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ ਅਤੇ ਮੁੜ ਉਸ ਤੇ ਇਹ ਵਿਛੋੜਾ ਕਦੇ ਵੀ ਨਹੀਂ ਵਿਆਪਦਾ, ਸਦੀਵ ਕਾਲ ਲਈ ਮਿਲਾਪ ਪ੍ਰਾਪਤ ਹੋ ਜਾਂਦਾ ਹੈ। (ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ)। ਐਸੀ ਦਸ਼ਾ ਪ੍ਰਾਪਤ ਕਰਕੇ ਜੀਵ ਇਸਤ੍ਰੀ ਉਸ ਤੋਂ ਬਾਰ ਬਾਰ ਲੱਖਾਂ ਵਾਰ ਬਲਿਹਾਰ ਜਾਂਦੀ ਹੈ, ਉਸ ਪ੍ਰੀਤਮ ਤੋਂ, ਉਸ ਸੱਜਣ ਤੋਂ ਜੋ ਅਗਮ ਹੈ, ਅਪਹੁੰਚ ਹੈ, ਅਗਾਹ ਹੈ, ਅਤੀ ਡੂੰਘਾ ਹੈ। (ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ) ਨਿਰਸੰਦੇਹ ਉਹ ਅਗਮ ਹੈ, ਅਗਾਹੁ ਹੈ ਪਰ ਉਹ ਬੜਾ ਦਿਆਲੂ ਹੈ, ਦਰ ਡਿਗਿਆਂ ਦਾ ਸਦਾ ਮਾਣ ਰਖਦਾ ਹੈ, ਇਹ ਉਸ ਦਾ ਬਿਰਦ ਹੈ (ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ)

ਇਸ ਤਰ੍ਹਾਂ ਪੋਹ ਦਾ ਮਹੀਨਾ ਉਨ੍ਹਾਂ ਜੀਵ ਇਸਤ੍ਰੀਆਂ ਲਈ ਬੜਾ ਸੁਖਾਵਾਂ ਤੇ ਸੁਹਾਵਣਾ ਹੁੰਦਾ ਹੈ, ਮਿੱਠਾ ਲਗਦਾ ਹੈ ਅਤੇ ਸਾਰੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਇਸ ਮਹੀਨੇ ਬੇਪਰਵਾਹ ਪ੍ਰਭੂ ਪਤੀ ਦੀ ਮਿਹਰ ਪ੍ਰਾਪਤ ਹੋ ਜਾਵੇ। (ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ)

ਸੰਪਾਦਕੀ

ਡਾ. ਜਗਜੀਤ ਸਿੰਘ

ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2003 ਨੂੰ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਦੂਜੀ ਬਰਸੀ ਦੇ ਉਪਲਕਸ਼ ਵਿਚ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਤੇ ਹੋਏ 13ਵੇਂ ਗੁਰਮਤਿ ਰੂਹਾਨੀ ਸਤਿਸੰਗ ਪੂਰਨ ਪਿਆਰ ਅਤੇ ਸ਼ਰਧਾ ਨਾਲ ਸਪੰਨ ਹਨ। ਦੇਸ ਪ੍ਰਦੇਸ ਤੋਂ ਹਜ਼ਾਰਾਂ ਪ੍ਰੇਮੀ ਲੰਮੇ ਪੈਂਡੇ ਝਾਗ ਕੇ ਰਤਵਾੜਾ ਸਾਹਿਬ ਦੀ ਪੁੰਨ ਭੂਮੀ ਪੁੱਜੇ ਅਤੇ ਚਾਰੋਂ ਦਿਨ ਰੱਜ ਕੇ ਗੁਰਬਾਣੀ ਦੇ ਮਨੋਹਰ ਕੀਰਤਨ ਅਤੇ ਗਿਆਨ-ਭਰੇ ਪ੍ਰਵਚਨਾਂ ਦਾ ਅਨੰਦ ਮਾਣਿਆਂ। ਅਨੇਕ ਮਹਾਂਪੁਰਸ਼ਾਂ, ਸੰਤਾਂ, ਮਹਾਤਮਾ, ਸਾਧੂਆਂ, ਯੋਗੀਸ਼ੂਰਾਂ, ਵਿਦਵਾਨਾਂ ਅਤੇ ਪਤਿਵੰਤੇ ਸੱਜਣਾਂ ਨੇ ਮਹਾਂਪੁਰਸ਼ਾਂ ਨੂੰ ਰਜਵੀਂ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਦੇ ਪਰਉਪਕਾਰ ਦੱਸੇ। ਮਹਾਂਪੁਰਸ਼ ਸੱਚਮੁਚ ਹੀ ਬਖਸ਼ੀ ਹੋਈ ਰੂਹ ਸਨ, ਜਿਨ੍ਹਾਂ ਨੂੰ ਪਿਆਰ ਦਾ ਸਾਗਰ ਅਤੇ ਗਿਆਨ ਦਾ ਸੂਰਜ ਕਿਹਾ ਜਾਂਦਾ ਹੈ। ਉਨ੍ਹਾਂ ਨੇ ਗੁਰਬਾਣੀ ਤੋਂ ਪਿਆਰ ਦੀ ਭਾਸ਼ਾ ਸਿੱਖੀ, ਜੀਵਨ ਵਿਚ ਆਪਣਾਈ ਅਤੇ ਇਸ ਦਾ ਰੱਜ ਕੇ ਪ੍ਰਚਾਰ ਕੀਤਾ। ਉਨ੍ਹਾਂ ਲਈ ਕੋਈ ਵੈਰੀ ਨਹੀਂ ਸੀ, ਕੋਈ ਬਿਗਾਨਾ ਨਹੀਂ ਸੀ, ਸਭਨਾਂ ਦੇ ਸਾਂਝੀਵਾਲ, ਛੋਟੇ ਵੱਡੇ ਸਭਨਾਂ ਨੂੰ ਪਿਆਰ ਕਰਨ ਵਾਲੇ, ਸਭਨਾਂ ਦੇ ਦੁਖ ਸੁਣਨ ਵਾਲੇ, ਸਭਨਾਂ ਦੇ ਮਦਦਗਾਰ ਸਨ। ਏਸੇ ਲਈ ਸੰਗਤਾਂ ਵਲੋਂ ਵੀ ਆਪ ਜੀ ਨੂੰ ਅਥਾਹ ਪਿਆਰ ਮਿਲਿਆ। ਪਿਆਰ ਤੋਂ ਖਿਮਾਂ, ਧੀਰਜ, ਸੰਤੋਖ, ਜਤ, ਸਤ, ਅਨਮੋਲ ਗੁਣ ਉਤਪੰਨ ਹੁੰਦੇ ਹਨ ਜਿਨ੍ਹਾਂ ਨਾਲ ਆਪ ਜੀ ਦਾ ਜੀਵਨ ਸ਼ਰਸ਼ਾਰ ਸੀ। ਆਪ ਜੀ ਗਿਆਨ ਦਾ ਸੂਰਜ ਸਨ ਜਿਸ ਸਾਮ੍ਹਣੇ ਦ੍ਵੈਸ਼, ਸ਼ੰਕੇ, ਝੂਠ, ਫਰੇਬ, ਦੰਭ, ਈਰਖਾ, ਨਫਰਤ, ਅਗਿਆਨਤਾ ਵਰਗੇ ਅਨ੍ਹੇਰੇ ਟਿਕ ਨਹੀਂ ਸਕਦੇ। ਆਪ ਜੀ ਨੇ ਆਪਣੇ ਵਿਖਿਆਨਾਂ ਰਾਹੀਂ, ਆਡੀਓ ਵੀਡੀਓ ਕੈਸਟਾਂ ਰਾਹੀਂ, ਆਤਮ ਮਾਰਗ ਰਾਹੀਂ ਅਤੇ ਤਿੰਨ ਦਰਜਨ ਤੋਂ ਵੱਧ ਲਿਖੀਆਂ ਪੁਸਤਕਾਂ ਰਾਹੀਂ ਗਿਆਨ ਦਾ ਪ੍ਰਕਾਸ਼ ਕਰਕੇ ਅਗਿਆਨਤਾ, ਭਰਮਾਂ, ਵਹਿਮਾਂ, ਫੋਕਟ ਕਰਮਾਂ ਦੇ ਅਨ੍ਹੇਰੇ ਦੂਰ ਕੀਤੇ ਅਤੇ ਗੁਰਮਤਿ ਦਾ ਸੱਚਾ ਮਾਰਗ ਦ੍ਰਿਸ਼ਟਮਾਨ ਕੀਤਾ। ਪਰਉਪਕਾਰ ਕਰਨਾ ਆਪ ਜੀ ਦੇ ਜੀਵਨ ਦਾ ਸੁਭਾਅ ਹੀ ਬਣ ਗਿਆ ਸੀ। ਸਹਿਜ ਸੁਭਾਅ ਹੀ ਹੜ੍ਹ ਪੀੜਤਾਂ, ਭੁਚਾਲ ਗ੍ਰਸਿਆਂ ਦੀ ਸੇਵਾ ਕੀਤੀ, ਸਕੂਲ ਅਤੇ ਆਈ.ਟੀ. ਕਾਲਜ ਖੋਲ੍ਹ ਕੇ ਵਿਦਿਆ ਦਾ ਪਾਸਾਰ ਕੀਤਾ। ਰਤਵਾੜਾ ਸਾਹਿਬ ਦੀ ਸਿਰਜਨਾ ਆਪ ਜੀ ਦੀ ਅਨੇਕ-ਗੁਣ-ਸਪੰਨ ਮਨੋਹਰ ਸ਼ਖਸ਼ੀਅਤ ਦੀ ਮੂੰਹ-ਬੋਲਦੀ ਤਸਵੀਰ ਹੈ।

ਸਾਨੂੰ ਸਭਨਾਂ ਪ੍ਰੇਮੀਆਂ ਨੂੰ ਮਿਲ ਕੇ ਉਨ੍ਹਾਂ ਦੇ ਆਦੇਸ਼ਾਂ ਦਾ ਪਾਲਨ ਕਰਨਾ ਅਤੇ ਉਨ੍ਹਾਂ ਦੇ ਮਿਸ਼ਨ ਦੀ ਪੂਰਤੀ ਕਰਨੀ ਚਾਹੀਦੀ ਹੈ।

ਇਸ ਮਹੀਨੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਹੈ ਜਿਸ ਨੂੰ ਸਾਰਾ ਸਿੱਖ ਜਗਤ ਬੜੇ ਪਿਆਰ ਤੇ ਸ਼ਰਧਾ ਨਾਲ ਮਨਾ ਰਿਹਾ ਹੈ। ਮਹਾਂਪੁਰਸ਼ਾਂ ਦਾ ਲੇਖ, 'ਹਮ ਇਹ ਕਾਜ ਜਗਤ ਮੋਹਿ ਆਏ' ਏਸੇ ਉਪਲਕਸ਼ ਵਿਚ ਦਿਤਾ ਜਾ ਰਿਹਾ ਹੈ। ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਵੀ ਇਸੇ ਮਹੀਨੇ ਹਨ, ਜਿਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਸਾਮ੍ਹਣੇ ਹਰੇਕ ਪ੍ਰਾਣੀ ਦਾ ਸਤਿਕਾਰ ਵਿਚ ਸੀਸ ਝੁਕਦਾ ਹੈ। ਨਿੱਕੀਆਂ ਜਿੰਦਾਂ ਨੇ ਵੱਡੇ ਸਾਕੇ ਸਿਰਜੇ ਤੇ ਇਹ ਸਿੱਧ ਕੀਤਾ ਕਿ ਕਿਵੇਂ ਧਰਮੀ, ਸਚਿਆਰਾ ਅਤੇ ਸ੍ਵੈਮਾਨ ਵਾਲਾ ਪ੍ਰਾਣੀ ਇਕ ਬਲਵਾਨ ਹਕੂਮਤ ਦੇ ਸਾਮ੍ਹਣੇ ਸਿਰ ਉਚਾ ਕਰਕੇ ਖੜ੍ਹ ਸਕਦਾ ਹੈ, ਲੜ ਸਕਦਾ ਹੈ, ਕੱਟ ਸਕਦਾ ਹੈ, ਮਰ ਸਕਦਾ ਹੈ ਪਰ ਕਿਸੇ ਦੇ ਝੁਕਾਇਆਂ ਝੁਕਦਾ ਨਹੀਂ। ਜ਼ਬਰ ਜ਼ੁਲਮ ਰਾਹੀਂ ਕਿਸੇ ਦਾ ਧਰਮ ਬਦਲਣਾ ਸਰਾਸਰ ਪਾਪ ਤੇ ਜ਼ੁਲਮ ਵਿਰੁੱਧ ਹੈ ਜਿਸ ਅੱਜ ਅੰਤਰਰਾਸ਼ਟਰੀ ਪੱਧਰ ਤੇ ਲੜਾਈ ਲੜੀ ਜਾ ਰਹੀ ਹੈ।

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿਚ ਇਕੱਠੀ ਹੋਈ ਮੁਗਲ ਤੇ ਪਹਾੜੀ ਸੈਨਾ ਨਾਲ ਲੋਹਾ ਲਾਖਾ ਹੁੰਦੇ ਸ਼ਹੀਦ ਹੋਏ। ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਨੂੰ ਆਪਣੀ ਹੱਥੀਂ ਸਸ਼ਤਰ ਸਜਾਏ, ਥਾਪੜਾ ਦਿਤਾ ਤੇ ਪੰਜ ਸਿੰਘਾਂ ਦੀ ਕਮਾਨ ਸੌਂਪ ਕੇ ਲੜਾਈ ਦੇ ਮੈਦਾਨ ਵਿਚ ਭੇਜਿਆ। ਉਨ੍ਹਾਂ ਨੇ ਅਣਗਿਣਤ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਸ਼ਹੀਦੀ ਨੂੰ ਪ੍ਰਾਪਤ ਹੋਏ। ਗੁਰੂ ਜੀ ਨੇ ਰੱਬ ਦਾ ਸ਼ੁਕਰ ਕੀਤਾ। ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਤੇ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਨੂੰ ਵੀ ਜੰਗ ਲਈ ਹੱਥੀਂ ਤਿਆਰ ਕੀਤਾ। ਨੌਜਵਾਨ ਸਾਹਿਬਜ਼ਾਦਾ ਦੁਸ਼ਮਣ ਸੈਨਾ ਤੇ ਬਿਜਲੀ ਵਾਂਗ ਟੁੱਟ ਕੇ ਪਿਆ। ਅਨੇਕਾਂ ਦੁਸ਼ਮਣਾਂ ਨੂੰ ਮਾਰਦਾ ਹੋਇਆ ਆਪ ਵੀ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਬਹਾਦਰੀ ਨਾਲ ਲੜਦਾ ਤੇ ਸ਼ਹੀਦ ਹੁੰਦਾ ਅੱਖੀਂ ਵੇਖਿਆ ਪਰ ਕਿਸੇ ਤਰ੍ਹਾਂ ਦਾ ਅਫਸੋਸ ਜਾਂ ਦੁਖ ਨਹੀਂ ਪ੍ਰਗਟ ਕੀਤਾ ਸਗੋਂ ਰੱਬੀ ਸ਼ੁੱਕਰ ਵਿਚ ਰਹੇ।

ਇੰਜ ਹੀ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੀਆਂ ਸ਼ਹੀਦੀਆਂ ਹਨ। ਤਿੰਨ ਦਿਨ ਕਚਹਿਰੀ ਲਗਦੀ ਰਹੀ, ਆਪ ਜੀਆਂ ਨੇ ਸੂਬਾ ਸਰਹੰਦ ਅਤੇ ਮੌਲਵੀ ਮੁਲਾਣਿਆਂ ਨੂੰ ਅਣਖੀਲੇ ਉਤਰ ਦੇ ਕੇ ਨਿਰੁੱਤਰ ਕਰ ਦਿਤਾ, ਆਖਰ ਸਰਹੰਦ ਦੀਆਂ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਗਿਆ। ਲੱਖ ਲੱਖ ਪ੍ਰਣਾਮ ਹੈ ਇਨ੍ਹਾਂ ਅਮਰ ਜੋਤੀਆਂ ਨੂੰ।

ਹਮ ਇਹ ਕਾਜ ਜਗਤ ਮੋ ਆਏ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਸ਼ਾਨ ....।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਪੰਨਾ - 256
ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਪੰਨਾ - 289

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥
ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥
ਜਾਪੁ ਸਾਹਿਬ

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ। ਗੱਜ ਕੇ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ, ਆਪ ਗੁਰੂ ਦਰਬਾਰ ਵਿਚ ਪਹੁੰਚੇ। ਇਸ ਸੰਸਾਰ ਦੇ ਅੰਦਰ ਬਹੁਤ ਹੀ ਮਹੱਤਵਪੂਰਨ ਦਿਨ ਗਿਣਿਆ ਗਿਆ ਹੈ, ਕਿਉਂਕਿ ਇਸ ਦਿਨ ਦੀ ਉਡੀਕ ਵਿਚ ਹਜ਼ਾਰਾਂ ਸਾਲ ਮਨੁੱਖ ਨੂੰ ਇੰਤਜਾਰ ਕਰਨਾ ਪਿਆ। ਜੋ ਸੰਸਾਰ ਵਿਚ ਵੱਡੇ ਮਹਾਂਪੁਰਸ਼ ਹੋ ਚੁਕੇ ਹਨ ਉਨ੍ਹਾਂ ਸਾਰਿਆਂ ਨੇ ਇਸ ਗੱਲ ਨੂੰ ਅਨੁਭਵ ਕਰ ਲਿਆ ਸੀ ਕਿ ਕੁਛ ਸਮਾਂ ਲੰਘਣ ਦੇ ਨਾਲ ਸੰਸਾਰ ਦੇ ਉਤੇ ਇਕ ਐਸੀ ਹਸਤੀ ਪ੍ਰਗਟ ਹੋਵੇਗੀ, ਜੋ ਸੰਸਾਰ ਤੇ ਇਕ ਐਸਾ ਪੰਥ ਚਲਾਏਗਾ ਜੋ ਧਰਮ ਦੀ ਰਾਖੀ ਲਈ ਤੱਤਪਰ ਰਹੇਗਾ ਤੇ ਸਭ ਨੂੰ ਪਿਆਰ ਕਰੇਗਾ ਤੇ ਸਭ ਦਾ ਸਾਂਝਾ ਹੋਵੇਗਾ।

ਈਸਾ ਜੀ 2000 ਸਾਲ ਪਹਿਲਾ, ਇਕ ਦਿਨ ਇਬਾਦਤ 'ਚੋਂ ਉਠੇ, ਆਪਦੇ ਨਕਸ਼ ਬਹੁਤ ਗੰਭੀਰ ਹੋ ਗਏ ਸਨ, ਨਾਲ ਦੇ ਸਾਥੀ ਚੇਲੇ ਪੀਟਰਸ ਵਗੈਰਾ ਸਨ, ਉਹਨਾਂ ਨੇ ਪੁਛਿਆ ਕਿ ਹਜ਼ਰਤ ਅੱਜ ਆਪ ਇੰਨੇ ਗੰਭੀਰ ਹੋ, ਕ੍ਰਿਪਾ ਕਰੋ ਜੇ ਕੋਈ ਅਲੋਕਿਕ ਬਾਤ ਜੋ ਅੱਜ ਤੁਸੀਂ ਖੁਦਾ ਦੇ ਦਰ ਤੇ ਦੇਖੀ ਹੈ, ਸਾਡੇ ਨਾਲ ਸਾਂਝੀ ਕਰੋ ਕਿਉਂਕਿ ਈਸਾ ਜੀ ਨੇ ਬਾਈਬਲ ਦੇ ਅੰਦਰ ਜੋ ਬਾਤਾਂ ਦੱਸੀਆਂ ਹਨ ਉਹ ਇਸ ਤਰ੍ਹਾਂ ਨਹੀਂ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ ਹੈ। ਮਹਾਰਾਜ ਜੀ ਨੇ ਤਾਂ ਇਕੋ ਵਾਰ ਕਹਿ ਦਿੱਤਾ -

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥ ਪੰਨਾ - 722

ਈਸਾ ਜੀ ਬਾਰ ਬਾਰ ਦੱਸਿਆ ਕਰਦੇ ਸੀ, ਅੱਜ ਸਾਨੂੰ ਅਸਮਾਨੀ ਫਰਿਸ਼ਤੇ ਨੇ ਆ ਕੇ ਇਹ ਗੱਲ ਕਹੀ ਹੈ। ਉਹਨਾਂ ਦੀ ਸਾਰੀ ਬਾਈਬਲ ਇਸ ਤਰ੍ਹਾਂ ਦੇ ਨਾਲ ਹੈ ਕਿ ਅੱਜ ਫਰਿਸ਼ਤੇ ਨੇ ਇਹ ਗੱਲ ਕਹੀ, ਉਹ ਗੱਲ ਕਹੀ, ਉਹ ਜੋੜਨੀ ਤੋੜਨੀ ਪੈਂਦੀ ਹੈ। ਆਪ ਸਮਝਣੀ ਪੈਂਦੀ ਹੈ ਕਿ ਕਿਥੇ ਕੀ ਗੱਲ ਬਣੀ।

ਮੁਹੰਮਦ ਸਾਹਿਬ ਅੰਦਰ ਹੋ ਕੇ ਦਸ ਦਿਆ ਕਰਦੇ ਸੀ ਕਿ ਅੱਜ ਅਸਮਾਨ ਦੇ ਅੰਦਰ ਜੋ ਲੋਹ ਕਲਮ ਹੈ, ਫੱਟੀ ਦੇ ਉੱਤੇ ਅਜ ਇਹ ਚੀਜ਼ ਲਿਖੀ ਹੋਈ ਹੈ, ਇਸਨੂੰ ਕਹਿੰਦੇ ਸੀ ਆਇਤਾ ਉਤਰਦੀਆਂ ਨੇ, ਇਲਹਾਮ ਆਉਂਦਾ ਹੈ। ਰਿਸ਼ੀ, ਮੁਨੀਆਂ ਨੂੰ ਵੀ ਇਲਹਾਮ ਆਉਂਦਾ ਸੀ, ਵੇਦਾਂ ਦੀ ਰਚਨਾ, ਸਾਰੀ ਈਸ਼ਵਰ ਦੀ ਕਿਰਤ ਦਸਦੇ ਨੇ, ਕੋਈ ਰਿਸ਼ੀ ਨਹੀਂ ਮੰਨਦਾ ਕਿ ਮੈਂ ਇਹ ਉਚਾਰੀ ਹੈ। ਉਹ ਕਹਿੰਦੇ ਨੇ ਇਹ ਬ੍ਰਹਮਾ ਵਲੋਂ ਆਈ ਹੈ। ਇਲਹਾਮ ਦਾ ਸੰਕਲਪ ਸਾਡੇ ਵਿਚੋਂ ਹੀ ਆਇਆ ਹੈ। ਮੁਹੰਮਦ ਸਾਹਿਬ ਕਹਿ ਦਿਆ ਕਰਦੇ ਸਨ ਕਿ ਲੋਹ ਕਲਮ ਦੇ ਉਤੇ ਅਜ ਇਹ ਲਿਖਿਆ ਹੋਇਆ ਹੈ। ਅਸਮਾਨ ਨੂੰ ਇਕ ਫੱਟੀ ਗਿਣਦੇ ਸੀ, ਉਸਦੇ ਉਤੇ ਆਇਤਾਂ ਪੜ੍ਹ ਕੇ ਸੁਣਾ ਦਿਆ ਕਰਦੇ ਸੀ।

ਸੋ ਉਸ ਦਿਨ ਜਦ ਪੁਛਿਆ ਕਿ ਮਹਾਰਾਜ ਅੱਜ ਤੁਸੀਂ ਕੋਈ ਅਲੋਕਿਕ ਬਾਤ ਦੇਖੀ ਹੈ। ਕਹਿਣ ਲੱਗੇ, ਹਾਂ। ਅਜ ਦਰਗਾਹ ਤੋਂ ਇਕ ਹਸਤੀ ਪਰਗਟ ਹੋਈ ਹੈ ਜਿਸਦੇ ਚਿਹਰੇ ਉਤੇ ਬਹੁਤ ਹੀ ਸੁੰਦਰ ਦਾੜ੍ਹਾ ਹੈ, ਨੂਰਾਨੀ ਚਿਹਰਾ ਹੈ, ਚਿੱਬ ਖੜਬਾ ਨਹੀਂ ਹੈ। ਬਹੁਤ ਹੀ ਸੁੰਦਰ ਮਨ ਨੂੰ ਮੋਹਣ ਵਾਲੇ ਸਿਰ ਦੇ ਉਤੇ ਕੇਸ ਹਨ, ਪਰ ਉਹ ਢੱਕੇ ਹੋਏ ਹਨ, ਖੁੱਲ੍ਹੇ ਨਹੀਂ ਹਨ ਤੇ ਦਸਤਾਰ ਬੰਨੀ ਹੋਈ ਹੈ ਦਸਤਾਰ ਦੇ ਉਤੇ ਸ਼ਿੰਗਾਰ ਜੋ ਹੈ, ਸਜਾਵਟ ਹੋ ਹੈ, ਉਹ ਮਹਾਰਾਜਿਆਂ ਵਰਗੀ ਹੈ ਤੇ ਕਲਗੀ ਲੱਗੀ ਹੋਈ ਹੈ। ਉਹ ਮੋਹਣੀ ਸੂਰਤ ਜੋ ਹੈ ਘੋੜੇ ਤੇ ਸਵਾਰ ਹੈ। ਬਾਂਹ ਦੇ ਮੋਡੇ ਉਤੋਂ ਦੀ ਧਨੁਸ਼ ਬਾਣ ਲਟਕਦਾ ਹੈ ਤੇ ਪਿਛੇ ਸੋਨੇ ਦੇ ਤੀਰਾਂ ਦਾ ਭੱਥਾ ਹੈ, ਸੋਨੇ ਦੇ ਮੁਖੀਆਂ ਵਾਲੇ ਤੀਰ ਹਨ। ਉਸਦੇ ਉਤੇ ਖੁਦਾ ਦੀ ਖਾਸ ਰਹਿਮਤ ਹੋ ਰਹੀ ਹੈ, ਉਹ ਸਮਾਂ ਆਏਗਾ ਕਿ ਉਹ ਸੰਸਾਰ ਅੰਦਰ ਪ੍ਰਗਟ ਹੋਏਗਾ। ਪਰ ਅਜੇ ਬੜਾ ਸਮਾਂ ਹੈ। ਸਮੇਂ ਦੀ ਗਿਣਤੀ ਕਰਨੀ ਬੜੀ ਔਖੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਜਦ ਬਚਨ ਕਰਿਆ ਕਰਦੇ ਸੀ, ਉਸ ਵੇਲੇ ਸਮੇਂ ਦੀ ਗਿਣਤੀ ਮਿਣਨੀ ਕਰਨੀ ਬੜੀ ਔਖੀ ਹੋਇਆ ਕਰਦੀ ਸੀ ਕਿ ਆਪ ਕਹਿ ਦਿੰਦੇ ਸੀ ਸਮਾਂ ਦੇਖੋਗੇ, ਆਏਗਾ ਐਸਾ, ਹੌਲੀ-ਹੌਲੀ ਓਹੀ ਹੋ ਜਾਂਦਾ ਹੈ।

ਕਿਉਂਕਿ 100 ਸਾਖੀ ਜੋ ਹੈ ਅੰਗਰੇਜ਼ ਬੜਾ ਸਿਆਣਾ ਸ਼ਾਸਕ ਸੀ ਉਹਨੇ ਕਿਹਾ ਕਿ ਜੇ 100 ਸਾਖੀ ਰਹਿ ਗਈ ਤੇ ਇਹਨਾਂ ਨੂੰ ਪਹਿਲਾਂ ਹੀ ਪਤਾ ਲਗ ਜਾਣਾ ਹੈ ਕਿ ਹੁਣ ਇਹ ਹੋਣਾ ਹੈ।

ਇਕ ਬੇਦੀ ਖਾਨਦਾਨ ਵਿਚੋਂ ਵਿਦਵਾਨ ਸੀ, ਲਾਹੌਰ ਨਿਵਾਸੀ, ਅੱਠ ਭਾਸ਼ਾਵਾਂ ਜਾਨਣ ਵਾਲਾ। ਉਹਨਾਂ ਨੂੰ ਲੱਖਾਂ ਰੁਪਏ ਦੇ ਕੇ, ਕੋਠੀਆਂ ਦੇ ਕੇ, ਵੱਡੀਆਂ ਸਵਾਰੀਆਂ ਦੇ ਕੇ ਉਸ ਤੋਂ ਇਹ ਕੰਮ ਕਰਵਾਇਆ ਕਿ ਤੂੰ ਸੌ ਸਾਖੀ ਨੂੰ ਪਹਿਲਾਂ ਸਮਝ। ਫੇਰ ਜੋ ਸੰਮਤ ਹਨ, ਉਹ ਅਖਰਾਂ ਵਿਚ ਨਹੀਂ ਆਏ ਹੋਏ। ਸਿਫਰਿਆਂ-ਸਿਫਰਿਆਂ, ਏਕੇ-ਦੂਏ ਵਿਚ ਨਹੀਂ ਆਏ ਹੋਏ, ਉਹ ਸ਼ਬਦਾਂ ਵਿਚ ਲਿਖੇ ਹੋਏ ਨੇ। ਜੋ ਚਾਰ ਆ ਗਿਆ ਤਾਂ ਚਾਰ ਦਾ ਮਤਲਬ ਚਾਰ ਵੇਦ ਆ ਗਿਆ, ਨਾਹੀ ਵੇਦ ਅੱਖਰ ਲਿਖਿਆ ਹੋਇਆ ਹੈ ਤਾਂ ਇਸ ਦਾ ਮਤਲਬ ਚਾਰੇ ਵੇਦ ਹਨ। ਇਸ ਤਰ੍ਹਾਂ ਦੇ ਨਾਲ ਅੱਖਰ ਨੇ ਜੇਕਰ ਸੁੰਨ ਆ ਗਿਆ ਤਾਂ ਸਿਫਰ ਬਣਿਆ ਹੋਇਐ। ਇਸ ਦਾ ਮਤਲਬ ਅਕਾਸ਼ ਆ ਗਿਆ, ਅਕਾਸ਼ ਜ਼ੀਰੋ ਬਣ ਗਿਆ। ਉਸਨੇ ਸਾਰੇ ਸੰਮਤ ਵਿਗਾੜ ਦਿਤੇ। ਜਿੰਨੇ ਵੀ ਵਾਕਿਆਤ ਸਨ ਕਿਸੇ ਨਾਲ ਅੱਧਾ, ਜੋੜਤਾ, ਅੱਧਾ ਕਿਸੇ ਨਾਲੋਂ ਤੋੜਤਾ। ਉਸ 100 ਸਾਖੀ ਦੀ ਕੋਈ ਵੀ ਮਹੱਤਤਾ ਨਾ ਰਹਿਣ ਦਿੱਤੀ। ਬਿਲਕੁਲ ਗਲਤ ਕਰ ਦਿੱਤਾ। ਉਸ ਤੋਂ ਬਾਅਦ ਇਸਨੂੰ ਬੜੀ ਜਾਇਦਾਦ ਮਿਲੀ, ਲੱਖਾਂ ਰੁਪਿਆ ਮਿਲਿਆ, ਬੱਘੀ ਮਿਲੀ, ਘੋੜ ਸਵਾਰੀਆਂ, ਚਾਰ ਕੋਠੀਆਂ ਦਿੱਤੀਆਂ। ਪਿਛਲੀ ਉਮਰ ਦੇ ਅੰਤ ਵਿਚ ਆ ਕੇ ਇਸਨੂੰ ਅਧਰੰਗ ਹੋ ਗਿਆ, ਪਾਪ ਦਾ ਫਲ ਮਿਲ ਗਿਆ। ਉਸ ਵੇਲੇ ਬਹੁਤ ਸਾਰੇ ਸਿਆਣਿਆਂ ਨੇ ਕਿਹਾ ਕਿ ਸੂਰਜ ਡੁੱਬ ਰਿਹਾ ਹੈ, ਹੁਣ ਜੇ ਪ੍ਰਾਸਚਿਤ ਕਰ ਲਏ ਦੱਸ ਦੇ, ਸਹੀ ਦੱਸ ਦੇ, ਸਹੀ ਸੰਮਤ ਕਿਹੜੀ ਕਿਸੇ ਨਾਲ ਜੋੜੀ ਹੈ, ਕਿਹੜੀ ਕਿਸ ਨਾਲ ਜੋੜੀ ਹੈ ਤਾਂ ਵੀ ਆਪਾਂ ਕੁਛ ਕੋਸ਼ਿਸ਼ ਕਰਕੇ ਦੇਖ ਲਈਏ, ਗੁਰੂ ਮਹਾਰਾਜ ਦੇ ਬਚਨ ਕਾਇਮ ਰਹਿ ਜਾਣ। ਉਸ ਵੇਲੇ ਉਸਨੇ ਦਸਿਆ ਮੈਂ ਤਾਂ ਖੁਦ ਭੁੱਲ ਚੁਕਿਆਂ ਹਾਂ, ਮੈਨੂੰ ਨਹੀਂ ਪਤਾ ਕਿਉਂਕਿ ਮੈਂ ਕੋਈ ਕਾਪੀ ਨਹੀਂ ਰਖੀ ਹੋਈ। ਇਸ ਕਰਕੇ ਮੈਨੂੰ ਨਹੀਂ ਪਤਾ ਕਿ ਮੈਂ ਕੀ ਵਿਗਾੜ ਕਰਿਆ ਹੈ। ਮੈਂ ਪੰਜ ਸੌ ਸਾਖੀਆਂ ਲਿਖੀਆਂ ਸਨ, ਪੰਜੇ ਹੀ ਮੈਂ ਤਖਤਾਂ ਤੇ ਭੇਟਾ ਕਰ ਦਿਤੀਆਂ ਸੀ। ਲੇਕਿਨ ਈਸਾ ਜੀ ਦਾ ਜੋ ਬਚਨ ਹੈ ਕਾਇਮ ਹੈ, ਉਵੇਂ ਜਿਵੇਂ ਉਹਨਾਂ ਨੇ ਕਿਹਾ ਕਿ ਸੰਮਤ 16, 17ਵੀਂ ਸਦੀ ਆਏਗੀ, ਉਸ ਵੇਲੇ ਰੂਹ ਜੋ ਮੈਂ ਦੇਖੀ ਹੈ, ਅਜ ਉਹ ਪ੍ਰਗਟ ਹੋਏਗੀ, ਜੋ ਜਾਹਲ ਨਹੀਂ ਹੋਏਗੀ, ਧੱਕਾ ਨਹੀਂ ਕਰੇਗਾ, ਕਿਸੇ ਨਾਲ ਧੋਖਾ ਨਹੀਂ ਕਰੇਗਾ, ਕਿਸੇ ਨਾਲ ਬੇਇਮਾਨੀ ਨਹੀਂ ਕਰੇਗਾ। ਇਹ ਮਹਾਨ ਹਸਤੀ ਦੇਵਤਿਆਂ ਵਰਗਾ ਚਰਿਤਰ ਸੰਸਾਰ ਵਿਚ ਲੈ ਕੇ ਆਏਗਾ।

ਸੋ ਅੱਜ ਦਾ ਦਿਨ ਜੋ ਹੈ, ਇਹ ਭਾਗਾਂ ਭਰਿਆ ਹੋਣ ਕਰਕੇ, ਬਹੁਤ ਮਹਾਨਤਾ ਰੱਖਦਾ ਹੈ ਦਸਮੇਸ਼ ਪਿਤਾ ਜੀ ਅੱਜ ਦੇ ਦਿਨ ਸੰਸਾਰ ਦੇ ਅੰਦਰ ਪ੍ਰਕਾਸ਼ਿਤ ਹੋਏ। ਮਹਾਂਪੁਰਸ਼ਾਂ ਦਾ ਜਨਮ ਨਹੀਂ ਹੁੰਦਾ, ਜਨਮ ਦਿਨ ਸਾਡੇ ਮਨਾਏ ਜਾਂਦੇ ਨੇ, ਇਹ ਪ੍ਰਕਾਸ਼ ਉਤਸਵ ਕਹਾਉਂਦਾ ਹੈ। ਅੱਜ ਇਕ ਪ੍ਰਕਾਸ਼ ਦੀ ਲੋਅ ਆਈ, ਜੋ ਭੀਖਣਸ਼ਾਹ ਨੇ ਦੇਖੀ, ਅੱਜ ਨਮਾਜ ਪੱਛਮ ਵੱਲ ਨੂੰ ਨਹੀਂ ਪੜ੍ਹਦਾ, ਅਜ ਨਮਾਜ ਪੂਰਬ ਵੱਲ ਨੂੰ ਪੜ੍ਹਦਾ ਹੈ। ਬੜਾ ਦ੍ਰਿੜ ਬੰਦਾ ਸੀ, ਸ਼ਰਾ ਤੋਂ ਉੱਚਾ ਸੀ, ਪਰਵਾਹ ਨਾ ਕਰੀ ਸ਼ਰਾ ਦੀ, ਅੱਜ ਪੱਛਮ ਵੱਲ ਸੀਸ ਨਹੀਂ ਨਿਵਾਇਆ, ਪੂਰਬ ਵੱਲ ਨਿਵਾਇਆ। ਮੁਰੀਦਾਂ ਨੇ ਬੇਨਤੀ ਕਰੀ ਕਿ ਹਜ਼ਰਤ ਆਪਨੇ ਅੱਜ ਜੋ ਸ਼ਰ੍ਹਾ ਦੀ ਮਰਿਆਦਾ ਹੈ, ਉਹ ਭੰਗ ਕਰ ਦਿੱਤੀ ਕਿਉਂਕਿ ਸ਼ਰਾ ਦੇ ਅਨੁਸਾਰ ਜੋ ਨਮਾਜ ਪੜ੍ਹੀ ਜਾਂਦੀ ਹੈ ਉਹ ਮਗ਼ਰੱਬ ਵੱਲ ਨੂੰ ਮੂੰਹ ਕਰਕੇ ਪੜ੍ਹੀ ਜਾਂਦੀ ਹੈ ਤੁਸੀਂ ਮਸ਼ਰੱਕ ਨੂੰ ਪੜ੍ਹੀ ਹੈ, ਕਾਰਨ ਕੀ ਹੈ? ਪੀਰ ਜੀ ਕਹਿਣ ਲੱਗੇ, ਅੱਜ ਇਕ ਮਹਾਂ ਪ੍ਰਕਾਸ਼ ਸੰਸਾਰ ਵਿਚ ਉਤਰਿਐ। ਜਦ ਮੈਂ ਸਮਾਧੀ ਦੇ ਅੰਦਰ ਸੀ ਉਸ ਵੇਲੇ ਮੈਂ ਉਹ ਪ੍ਰਕਾਸ਼ ਦੇਖਿਆ। ਚੇਲਿਆਂ ਨੇ ਪੁਛਿਆ ਕਿ ਹਜੂਰ! ਕਿਥੇ ਉਤਰਿਐ? ਕਹਿੰਦੇ, ਪਟਨਾ ਨਗਰ ਹੈ। ਇਸ ਤਰ੍ਹਾਂ ਦਾ ਗਲੀ-ਮੁਹੱਲਾ ਦੇਖਿਆ ਹੈ। ਮੈਂ ਉਹ ਪ੍ਰਕਾਸ਼ ਦੇਖਿਆ। ਮੈਂ ਸਭ ਪਛਾਣ ਲਿਆ ਹੈ। ਏਸ ਕਰਕੇ ਅੱਜ ਜਿੰਨੇ ਵੀ ਸੰਸਾਰ ਤੇ ਆਏ ਨੇ ਸਭ ਤੋਂ ਸਿਖਰ ਚੋਟੀ ਦੀ ਆਤਮਾ ਆਈ ਹੈ, ਬਹੁਤ ਵੱਡਾ ਕੰਮ ਕਰਨ ਵਾਸਤੇ ਤੇ ਉਹਨਾਂ ਦੀ ਆਮਦ ਦੇ ਵਿਚ ਮੈਂ ਨਮਾਜ਼ ਅੱਜ ਇਧਰ ਪੜ੍ਹੀ ਹੈ। ਅੱਜ ਮਸ਼ਰੱਕ ਜਿਹੜਾ ਹੈ ਮਗ਼ਰੱਬ ਵਿਚ ਆ ਗਿਆ। ਵੈਸੇ ਤਾਂ ਜੇ ਲੰਮੀ ਵਿਚਾਰ ਕਰੋ ਤਾਂ ਜਿਹੜਾ ਮਗਰੱਬ ਹੈ ਮਗ਼ਰਬ ਕਹੀ ਜਾਓ। ਕਿਥੇ ਚਲਿਆ ਗਿਆ। ਪਹਿਲਾਂ ਤਾਂ ਮੱਕੇ ਵਿਚ ਹੈ ਉਸ ਤੋਂ ਅਗਾਂਹ ਇੰਗਲੈਂਡ ਵਿਚ ਆ ਗਿਆ, ਉਸ ਤੋਂ ਹੋਰ ਅੱਗੇ ਚਲੇ ਜਾਓ ਤਾਂ ਕੈਨੇਡਾ ਆ ਗਿਆ, ਅਮਰੀਕਾ ਆ ਗਿਆ, ਅਮਰੀਕਾ ਤੋਂ ਅਗਾਹਾਂ ਮਗਰੱਬ ਵੱਲ ਨੂੰ ਵਧੋ ਤਾਂ ਫੇਰ ਜਪਾਨ ਆ ਗਿਆ, ਜਪਾਨ ਤੋਂ ਫੇਰ ਮਗਰੱਬ ਵੱਲ ਨੂੰ ਵਧੋ ਸਿੰਗਾਪੁਰ ਆ ਗਿਆ ਤੇ ਫੇਰ ਹਿੰਦੁਸਤਾਨ ਆ ਗਿਆ। ਇਹ ਮਿਥੀਆਂ ਹੋਈਆਂ ਨੇ, ਸੀਮਾਵਾਂ ਹਨ ਕਿ ਇਧਰ ਮਗਰੱਬ ਹੈ, ਉਧਰ ਮਸ਼ਰੱਕ ਹੈ ਜਿੰਨਾ ਕੁ ਆਦਮੀ ਨੂੰ ਪਤੈ ਓਨਾ ਹੀ ਦਸ ਸਕਦਾ ਹੈ। ਨਾ ਕਿਤੇ ਸੂਰਜ ਛਿਪਦੈ, ਨਾ ਕਿਤੇ ਚੜ੍ਹਦੈ। ਕੇਵਲ ਧਰਤੀ ਦਾ ਹੇਰ ਫੇਰ ਹੈ। ਧਰਤੀ ਦੇ ਚੱਕਰ ਲਾਉਣ ਨਾਲ ਕਿਤੇ ਹਨ੍ਹੇਰਾ ਹੋ ਜਾਂਦਾ ਹੈ ਕਿਧਰੇ ਚਾਨਣਾ ਹੋ ਜਾਂਦਾ ਹੈ। ਆਮ ਬੰਦਿਆਂ ਵਾਸਤੇ ਸੀਮਾ ਹੁੰਦੀ ਹੈ ਪਰ ਉਹ ਆਮ ਬੰਦਾ ਬਿਲਕੁਲ ਨਹੀਂ ਸੀ, ਸੁਲਝਿਆ ਹੋਇਆ ਸ਼ਰਾਂ ਤੋਂ ਉਪਰ ਵਾਲਾ ਪੀਰ ਸੀ। ਉਸਨੇ ਗੁਰੂ ਦੀ ਆਮਦ ਨੂੰ ਪਛਾਣ ਕੇ ਸਿਜਦਾ ਕੀਤਾ, ਫੇਰ ਚੱਲ ਕੇ ਗਿਆ, ਤਿੰਨ ਮਹੀਨੇ ਉਸਨੂੰ ਪਟਨਾ ਪਹੁੰਚਣ ਨੂੰ ਲੱਗੇ ਸਨ। ਜਾ ਕੇ ਗੁਰੂ ਦੇ ਦਰਸ਼ਨ ਕੀਤੇ, ਮਨ ਵਿਚ ਤਸੱਲੀ ਆਈ। ਸੋ ਅੱਜ ਦੇ ਦਿਨ ਉਹ ਮਹਾਨ ਹਸਤੀ ਸੰਸਾਰ ਦੇ ਉਤੇ ਆਈ। ਜਿਸਨੂੰ

ਅਸੀਂ ਗੁਰੂ ਗੋਬਿੰਦ ਸਿੰਘ ਜੀ, ਦੁਸ਼ਟ ਦਮਨ ਦਾ ਨਾਮ ਦੇ ਕੇ ਪੁਕਾਰਦੇ ਹਾਂ ਤੇ ਜਿਨ੍ਹਾਂ ਦੇ ਜੋ ਅਮੋਲਕ ਸਿਧਾਂਤ ਨੇ ਉਹਨਾਂ ਨੂੰ ਸਮਝਣ ਦਾ ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਹਰ ਮਹਾਂਪੁਰਸ਼ ਦੇ ਜੀਵਨ ਦੇ ਅੰਦਰ ਕੁਛ ਘਟਨਾਵਾਂ ਹੁੰਦੀਆਂ ਹਨ, ਜਿਹੜੀਆਂ ਕੇਵਲ ਸਾਡੇ ਵਰਗਾ ਮਨੁੱਖਾ ਸਰੀਰ ਧਾਰ ਕੇ ਕੀਤੀਆਂ ਹੁੰਦੀਆਂ ਨੇ, ਤੇ ਉਹ ਸਾਡੇ ਲਈ ਸਿਖਿਆਦਾਇਕ ਹੋਇਆ ਕਰਦੀਆਂ ਹਨ। ਗੁਰੂ ਦਸਵੇਂ ਪਾਤਸ਼ਾਹ ਜੀ ਦੇ ਕੌਤਕ ਵੀ ਇੰਨੇ ਨਿਰਾਲੇ ਸੀ -

ਸਤਿਗੁਰ ਪੁਰਖੁ ਅੰਗਮੁ ਹੈ ਨਿਰਵੈਰੁ ਨਿਰਾਲਾ।
ਭਾਈ ਗੁਰਦਾਸ ਜੀ ਦੀ ਵਾਰ 34/1

ਦਸਮੇਸ਼ ਪਿਤਾ ਜੀ ਦੁਨੀਆਂ ਦੇ ਅੰਦਰ ਉਹ ਮਹਾਨ ਹਸਤੀ ਹਨ, ਜਿਸਨੂੰ ਸੰਸਾਰ ਨੇ ਅੱਜ ਤੱਕ ਨਹੀਂ ਸਮਝਿਆ, ਨਾ ਹੀ ਸਮਝਣ ਦੇ ਯਤਨ ਕੀਤੇ ਨੇ, ਕਿਉਂਕਿ ਮਹਾਂਪੁਰਸ਼ ਜਦੋਂ ਸੰਸਾਰ ਤੇ ਆਉਂਦੇ ਨੇ ਉਸ ਵੇਲੇ ਸੰਸਾਰ ਉੱਲੂਆਂ ਵਰਗਾ ਹੁੰਦਾ ਹੈ। ਉੱਲੂ ਸੂਰਜ ਨੂੰ ਦੇਖ ਨਹੀਂ ਸਕਦਾ। ਇਸੇ ਤਰ੍ਹਾਂ ਸੰਸਾਰ ਦੀ ਤਰਕ ਭਰੀ ਅੱਖ ਹੁੰਦੀ ਹੈ, ਉਸ ਵੇਲੇ ਸੰਸਾਰ ਨਹੀਂ ਮੰਨਿਆ ਕਰਦਾ ਪਰੰਤੂ ਬਾਅਦ ਵਿਚ ਫੇਰ ਮੇਲੇ ਲੱਗਦੇ ਨੇ, ਬੜੀਆਂ ਵਿਚਾਰਾਂ ਹੁੰਦੀਆਂ ਨੇ, ਗੋਸ਼ਟੀਆਂ ਹੁੰਦੀਆਂ ਹਨ, ਫੇਰ ਪ੍ਰਗਟ ਹੁੰਦੈ। ਜਿਉਂ ਜਿਉਂ ਸਮਾਂ ਲੰਘਦੈ, ਤਿਉਂ ਤਿਉਂ ਨਵੇਂ ਤੇ ਨਵੇਂ ਆਦਰਸ਼ ਉਸਦੇ ਜੀਵਨ ਵਿਚ ਅਨੁਭਵ ਹੁੰਦੇ ਨੇ। ਸੋ ਗੁਰੂ ਦਸਮੇਸ਼ ਪਿਤਾ ਜੀ ਨੂੰ ਨਹੀਂ ਸਮਝਿਆ ਗਿਆ, ਅੱਜ ਤੱਕ ਨਹੀਂ ਸਮਝਿਆ ਗਿਆ। ਕੁਝ ਹਸਤੀਆਂ ਜਿਵੇਂ ਬਾਬਾ ਬੰਦਾ ਸਿੰਘ ਬਹਾਦੁਰ ਜੀ ਹਨ, ਇਹਨਾਂ ਨੂੰ ਨਹੀਂ ਸਮਝਿਆ ਗਿਆ, ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ, ਇਹਨਾਂ ਨੂੰ ਵੀ ਨਹੀਂ ਸਮਝਿਆ ਗਿਆ। ਰੌਲਾ-ਰੱਪਾ ਹੀ ਪਈ ਜਾਂਦਾ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਦੇ ਜੀਵਨ ਦੇ ਅਨੇਕ ਕੌਤਕ ਹਨ, ਜਿਵੇਂ ਦਾ ਕੋਈ ਹੁੰਦਾ ਹੈ, ਉਹੋ ਜਿਹਾ ਹੀ ਦੇਖਦਾ ਹੈ। ਜੇ ਕੋਈ ਸੂਰਮਾ ਦੇਖਦਾ ਹੈ ਤਾਂ ਉਹ ਏਹੋ ਚਿੱਤਰ ਮਨ ਵਿਚ ਬਣਾਉਂਦਾ ਹੈ ਕਿ ਗੁਰੂ ਸਾਹਿਬ ਹਰ ਵਕਤ ਸ਼ਸਤਰਧਾਰੀ ਹੋ ਕੇ ਕਮਾਨ ਮੋਢੇ ਤੇ ਰਖਦੇ ਸੀ, ਤੀਰ ਰਖਦੇ ਸੀ, ਕਿਰਪਾਨ ਰਖਦੇ ਸੀ, ਤੇ ਹਰ ਵਕਤ ਯੁੱਧ ਵਾਸਤੇ ਤਿਆਰ ਰਹਿੰਦੇ ਸੀ। ਉਹਨਾਂ ਦਾ ਇਹੀ ਦ੍ਰਿਸ਼ ਪੱਕਾ ਹੋ ਗਿਆ ਕਿ ਉਹ ਘੋੜੇ ਤੇ ਚੜ੍ਹੇ ਰਹਿੰਦੇ ਸੀ। ਉਸੇ ਤਰ੍ਹਾਂ ਦੀਆਂ ਗੱਲਾਂ ਉਹਨਾਂ ਨੇ ਗੁਰੂ ਸਾਹਿਬ ਨਾਲ ਲਾ ਦਿੱਤੀਆਂ। ਜੇ ਕੋਈ ਵਿਦਵਾਨ ਦੇਖਦਾ, ਉਹ ਕਹਿੰਦੈ ਕਿ ਇੰਨਾ ਮਹਾਨ ਵਿਦਵਾਨ ਹੋਰ ਕੋਈ ਨਹੀਂ ਹੋਇਆ ਉਹ ਗੁਰੂ ਸਾਹਿਬ ਨੂੰ ਹਰ ਵਕਤ ਚੋਂਕੜਾ ਮਾਰਕੇ ਬੈਠੇ ਲਿਖਦੇ ਹੋਏ ਹੀ ਦੇਖਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਇੰਨਾ ਜ਼ਿਆਦਾ ਸਾਹਿਤ ਲਿਖਿਆ ਹੈ, ਉਹ ਗਿਣਤੀ ਤੋਂ ਬਾਹਰ ਹੈ।

ਹੁਣ ਤਾਂ ਸਾਡੇ ਕੋਲ ਦਸਮ ਗ੍ਰੰਥ ਬਹੁਤ ਥੋੜ੍ਹਾ ਜਿਹਾ ਰਹਿ ਗਿਆ। ਨੌਂ ਮਣ ਦਾ ਗ੍ਰੰਥ ਲਿਖਿਆ ਹੋਇਆ ਸੀ। ਜਿਸਦਾ ਨਾਂ ਵਿਦਿਆਧਰ ਗ੍ਰੰਥ ਸੀ। 102 ਲਿਖਾਰੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਿਰਾਜਮਾਨ ਹੋਇਆ ਕਰਦੇ ਸਨ। ਉਨ੍ਹਾਂ ਦੇ ਸਾਮ੍ਹਣੇ ਵਾਰਤਕ ਲਿਖਾਰੀ ਅਤੇ 52 ਕਵਿਤਾ ਲਿਖਣ ਵਾਲੇ ਲਿਖਾਰੀ ਬੈਠੇ ਹੁੰਦੇ ਸਨ, ਗ੍ਰੰਥਾਂ ਦੇ ਢੇਰਾਂ ਦੇ ਢੇਰ ਗੁਰੂ ਜੀ ਦੇ ਅੱਗੇ ਪਏ ਹੋਇਆ ਕਰਦੇ ਸਨ। ਗਰੰਥਾਂ ਦਾ ਅਨੁਵਾਦ ਕਰਨ ਵਾਸਤੇ ਗੁਰੂ ਸਾਹਿਬ ਆਪ ਛਾਂਟਕੇ ਦਿੰਦੇ ਸਨ ਕਿ ਇਸਦਾ ਅਨੁਵਾਦ ਕਰੋ। ਜਿਸ ਵੇਲੇ ਮੰਗਲ ਕਵੀ ਨੇ ਮਹਾਂਭਾਰਤ ਦੇ ਅਠਾਰਵੇਂ ਅਧਿਆਇ ਦਾ ਅਨੁਵਾਦ ਕੀਤਾ ਤਾਂ ਮਹਾਰਾਜ ਜੀ ਨੇ ਮੰਗਲ ਕਵੀ ਨੂੰ ਇੰਨਾ ਧੰਨ ਦਿੱਤਾ ਕਿ ਉਸਨੂੰ 200 ਸਿੰਘ ਘੋੜ ਸਵਾਰ ਘਰ ਛੱਡਣ ਜਾ ਰਹੇ ਸਨ ਤਾਂ ਰਾਏਪੁਰ ਦੇ ਵਿਚੋਂ ਜਦੋਂ ਇਹ ਕਾਫਲਾ ਲੰਘਣ ਲਗਿਆ ਤਾਂ ਰਾਏਪੁਰ ਦੀ ਰਾਣੀ ਨੇ ਇਹ ਸਮਝਿਆ ਕਿ ਦੁਸ਼ਮਨ ਲੰਘ ਰਿਹਾ ਹੈ। ਤੇ ਉਨ੍ਹਾਂ ਨੇ ਤੋਪ ਦਾ ਫਾਇਰ ਕਰ ਦਿਤਾ। ਉਸ ਵੇਲੇ ਮੰਗਲ ਕਵੀ ਨੇ ਸਫੇਦ ਝੰਡਾ ਕੱਢ ਕੇ ਦਿਖਾਇਆ। ਉਧਰੋਂ ਘੋੜਸਵਾਰ ਆਇਆ, ਉਸਦੇ ਨਾਲ ਗੱਲ ਬਾਤ ਹੋਈ ਤਾਂ ਉਸਨੇ ਸਾਰੇ ਜਣੇ ਕਿਲੇ ਵਿਚ ਬੁਲਾ ਲਏ। ਕਹਿਣ ਲੱਗਿਆ, ਮਹਾਰਾਣੀ ਸਾਹਿਬਾ! ਮੈਂ ਕੋਈ ਹਮਲਾਵਰ ਨਹੀਂ ਚੜ੍ਹਕੇ ਜਾ ਰਿਹਾ, ਮੈਂ ਤਾਂ ਗੁਰੂ ਦਸਵੇਂ ਪਾਤਸ਼ਾਹ ਦੇ ਦਰ ਤੋਂ ਵਰੋਸਾਇਆ ਹੋਇਆ ਇਕ ਵਿਦਵਾਨ ਹਾਂ ਤੇ ਮੈਨੂੰ ਉਹਨਾਂ ਨੇ ਇਕ ਪਰਬ ਲਿਖਣ ਦਾ ਐਨਾ ਪੈਸਾ ਦੇ ਦਿੱਤਾ ਹੈ, ਮੈਨੂੰ ਐਨੀਆਂ ਚੀਜ਼ਾਂ ਦੇ ਦਿਤੀਆਂ ਹਨ ਕਿ 200 ਘੋੜ ਸਵਾਰ ਮੈਨੂੰ ਘਰ ਛੱਡਣ ਜਾ ਰਹੇ ਹਨ। ਕਿੰਨੀ ਕਦਰ ਸੀ, ਵਿਦਿਆ ਦੀ ਗੁਰੂ ਮਹਾਰਾਜ ਜੀ ਨੂੰ। ਜਿਸ ਵਕਤ ਗੁਰੂ ਮਹਾਰਾਜ ਜੀ ਨੇ ਰਾਮ ਅਵਤਾਰ ਪਰਸੰਗ ਲਿਖਵਾਇਆ ਉਸ ਵੇਲੇ 2 ਲੱਖ ਦਿਨਾਰ ਦਿਤਾ ਸੀ। ਉਹਨਾਂ ਨੇ ਆਪ ਕਿੰਨਾ ਲਿਖਿਆ ਹੈ, ਕ੍ਰਿਸ਼ਨ ਅਵਤਾਰ, 2800 ਤੋਂ ਉਤੇ ਸ਼ਬਦ ਲਿਖਿਆ, ਰਾਮਾ ਅਵਤਾਰ, ਦੇਵੀਆਂ ਦੇ ਪ੍ਰਸੰਗ ਹੋਰ ਅਨੇਕਾਂ ਜਿਹੜੇ ਗੁੰਮ ਹੋ ਗਏ, ਬੇਅੰਤ ਸਾਹਿਤ ਲਿਖਿਆ ਸੀ।

ਗੁਰੂ ਸਾਹਿਬ ਲਿਖਾਰੀਆਂ ਨੂੰ, ਤੀਰ ਅੰਦਾਜ ਨਜ਼ਰ ਨਹੀਂ ਆਉਂਦੇ, ਤਲਵਾਰ ਚਲਾਉਣ ਵਾਲੇ ਨਜ਼ਰ ਨਹੀਂ ਆਉਂਦੇ, ਉਹਨਾਂ ਨੂੰ ਇਕ ਬੜੇ ਭਾਰੀ ਸਾਹਿਤਕਾਰ ਨਜ਼ਰ ਆ ਰਹੇ ਹਨ। ਜਦੋਂ ਸੁਮੱਤਾਂ ਦਿੰਦੇ ਸਨ, ਗੁਰਮਤਿ ਦੇ ਭੇਦ ਖੋਲਦੇ ਸਨ, ਉਸ ਵੇਲੇ ਵੱਡੇ ਮਹਾਨ ਪੁਰਖ, ਆਤਮਦਰਸ਼ੀ, ਪੂਰਨ ਗਿਆਨਵਾਨ, ਬ੍ਰਹਮਗਿਆਨੀ ਲੱਗਿਆ ਕਰਦੇ ਸਨ ਤੇ ਬ੍ਰਹਮਗਿਆਨੀਆਂ ਨੂੰ ਬ੍ਰਹਮਗਿਆਨੀ ਨਜ਼ਰ ਆਇਆ ਕਰਦੇ ਸਨ। ਕਿਧਰੇ ਭਾਈ ਘਨਈਆ ਜੀ ਦੇ ਪਾਣੀ ਪਿਲਾਉਣ ਨਾਲ ਉਸ ਉਤੇ ਖੁਸ਼ ਹੋ ਕੇ ਉਸਨੂੰ ਜਖਮਾਂ ਤੇ ਲਾਉਣ ਲਈ ਮਲ੍ਹਮ-ਪੱਟੀ ਵੀ ਦੇ ਦਿੰਦੇ। ਕਹਿੰਦੇ, ਭਾਈ ਘਨਈਆ ਤੂੰ ਸਿਖੀ ਦਾ ਅਸਲੀ ਸਿਧਾਂਤ ਸਮਝ ਲਿਆ ਹੈ।

ਪੀਰ ਬੁੱਧੂ ਸ਼ਾਹ ਦੇ ਨਾਲ ਬਚਨ ਕਰਦੇ ਹੋਏ ਇਕ ਮਹਾਨ ਦਾਰਸ਼ਨਿਕ ਨਜ਼ਰ ਆ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਹੁਪੱਖੀ ਹੈ। ਆਪ ਨੇ ਜੋ ਸਾਨੂੰ

ਸਿਧਾਂਤ ਦਿੱਤਾ ਸੁਭਾਵਿਕ ਹੀ ਦਿੱਤਾ, ਜੋ ਗੁਰਬਾਣੀ ਦੇ ਉੱਤੇ ਅਧਾਰਿਤ ਹੈ ਕਿਉਂਕਿ ਕਿਸੇ ਵੀ ਗੁਰੂ ਸਾਹਿਬਾਨ ਦਾ ਕੋਈ ਵੀ ਬਚਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਂਦਾ। ਇਨ੍ਹਾਂ ਬਚਨਾਂ ਕਰਕੇ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤੇ ਗਏ ਹਾਂ, ਜੇਕਰ ਬਚਨ ਬਾਹਰ ਜਾਂਦੇ ਤਾਂ ਸਾਡੇ ਵਾਸਤੇ ਦੁਬਿਧਾ ਪੈਦਾ ਹੋ ਜਾਣੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨੀਏ ਜਾਂ ਕਿ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਬਚਨਾਂ ਨੂੰ ਮੰਨੀਏ। ਮਿਲਾਵਟਾਂ ਹੋ ਸਕਦੀਆਂ ਹਨ, ਗਲਤਫਹਿਮੀ ਹੋ ਸਕਦੀ ਹੈ ਪਰ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਜਾਣ ਵਾਲਾ ਸਿਧਾਂਤ ਮੰਨਣਯੋਗ ਨਹੀਂ ਹੈ ਕਿਉਂਕਿ ਆਪ ਦਾ ਤਾਂ ਐਸਾ ਫੁਰਮਾਨ ਹੈ –

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ, ਨਿਆਰੇ
ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥
ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ
ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥
ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥
(ਅਕਾਲ ਉਸਤਤਿ)
ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,
ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥
ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,
ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥
ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,
ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥
(ਅਕਾਲ ਉਸਤਤਿ)
ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ, ... ॥
ਅਕਾਲ ਉਸਤਤਿ

ਹਜਾਰਾਂ ਚਿੰਗਾਰੀਆਂ ਇਕ ਅੱਗ ਵਿਚੋਂ ਉਠਦੀਆਂ ਨੇ,

...... ਨਿਆਰੇ ਨਿਆਰੇ ਹੋਇ ਕੈ,
ਫੇਰਿ ਆਗ ਮੈ ਮਿਲਾਹਿੰਗੇ॥ ਅਕਾਲ ਉਸਤਤਿ

ਜਾਣਾ ਕਿਥੇ ਹੈ? ਉਹ ਚਿੰਗਾਰੇ ਫੇਰ ਅੱਗ ਵਿਚ ਸਮਾਂ ਜਾਂਦੇ ਹਨ।

ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,............॥
ਅਕਾਲ ਉਸਤਤਿ

ਧੂਰ ਉਡਦੀ ਹੈ, ਅਸਮਾਨ ਤੇ ਚੜ੍ਹ ਗਈ, ਮੁੜਕੇ ਕਿਥੇ ਜਾਂਦੀ ਹੈ? ਧਰਤੀ ਤੇ ਫੇਰ ਆ ਜਾਂਦੀ ਹੈ।

ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ ....॥
ਅਕਾਲ ਉਸਤਤਿ

ਕਰੋੜਾ ਤਰੰਗਾਂ ਉਠ ਰਹੀਆਂ ਨੇ ਸਮੁੰਦਰ ਦੇ ਉੱਤੇ ਤੇ ਉਹ ਜਾਂਦੀਆਂ ਕਿਥੇ ਹਨ? ਸਭ ਸਮੁੰਦਰ ਵਿਚ ਸਮਾ ਜਾਂਦੀਆਂ ਹਨ।

ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥
ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥
(ਅਕਾਲ ਉਸਤਤਿ)
ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,
ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥
ਅਕਾਲ ਉਸਤਤਿ

ਸੋ ਇਹ ਉਸਦੀ ਕਿਰਿਆ ਹੈ, ਕਿਤੇ ਸੁੱਤਾ ਪਿਆ ਹੈ, ਕਿਤੇ ਬਹੁਤ ਹੀ ਚੇਤਨ ਹੋਇਆ ਪਿਆ ਹੈ। ਕਿਤੇ ਮਹਾਰਾਜਿਆਂ ਨੂੰ ਦਿੰਦਾ ਹੈ, ਕਿਤੇ ਮਹਾਰਾਜਿਆਂ ਤੋਂ ਖੋਹ ਲੈਂਦਾ ਹੈ। ਸਾਰੇ ਰੂਪ ਉਸ ਦੇ ਹੀ ਹਨ, ਕਿਤੇ ਵੇਦ-ਸ਼ਾਸਤਰਾਂ, ਧਰਮ ਗ੍ਰੰਥਾਂ ਨੂੰ ਮੰਨਦਾ ਹੈ ਕਿਧਰੇ ਇਸ ਤੋਂ ਬਿਲਕੁਲ ਹੀ ਵਿਪਰੀਤ ਹੋਇਆ ਹੈ। ਮਹਾਰਾਜ ਕਹਿੰਦੇ, ਇਹ ਸਾਰੇ ਦਵੈਤ ਦੇ ਕੰਮ ਕਰਦਾ ਹੋਇਆ ਵੀ ਸਾਨੂੰ ਫਰਕ ਨਹੀਂ ਲੱਗਦਾ।

.... ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥
ਅਕਾਲ ਉਸਤਤਿ

ਹੇ ਵਾਹਿਗੁਰੂ! ਆਪ ਭੂਤ, ਭਵਿੱਖਤ ਤੇ ਵਰਤਮਾਨ ਵਿਚ ਅਤੇ ਹਰ ਥਾਂ ਇਕੋ ਜਿਹੇ ਲਗਦੇ ਹੋ।

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ – 1291

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥
ਜਾਪੁ ਸਾਹਿਬ

ਐਸਾ ਜੋ ਗੁਰੂ ਹੈ, ਜਿਸਦੀ ਨਿਗਾਹ ਦੇ ਅੰਦਰ ਦੂਜਾ ਹੈ ਹੀ ਕੋਈ ਨਹੀਂ, ਫੇਰ ਉਸ ਦੇ ਬਾਰੇ ਇਹੋ ਜਿਹੀਆਂ ਗੱਲਾਂ ਲਿਖਣੀਆਂ, ਜਿਵੇਂ ਬੜਾ ਭਾਰੀ ਦੁਸ਼ਮਨ ਹੁੰਦਾ ਹੈ। ਕਈ ਲਿਖਾਰੀਆਂ ਨੇ ਤਾਂ ਐਂ ਕਹਿ ਦਿੱਤਾ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮੁਸਲਮਾਨਾਂ ਦੇ ਖਿਲਾਫ ਸੀ। ਮਹਾਰਾਜ ਕਹਿੰਦੇ, ਅਸੀਂ ਕਿਸੇ ਦੇ ਖਿਲਾਫ ਨਹੀਂ। ਜੇ ਮੁਸਲਮਾਨਾਂ ਦੇ ਖਿਲਾਫ ਹੁੰਦੇ ਤਾਂ ਗੁਰੂ ਨਾਨਕ ਦੇਵ ਜੀ ਨੇ ਸਾਰੀ ਜਿੰਦਗੀ ਮੁਰਦਾਨਾ ਨਾਲ ਰਖਿਆ ਤੇ ਰਾਗੀ ਸਾਰੇ ਹੀ ਮੁਸਲਮਾਨ ਹੋਇਆ ਕਰਦੇ ਸੀ ਤੇ ਉਹ ਗੁਰੂ ਦਰਾਬਰ ਵਿਚ ਕੀਰਤਨ ਕਰਿਆ ਕਰਦੇ ਸੀ।

ਪਾਉਂਟੇ ਸਾਹਿਬ ਗੁਰੂ ਮਹਾਰਾਜ ਜੀ ਦਾ ਅਕਾਰਨ ਯੁੱਧ ਛਿੜ ਗਿਆ ਤੇ ਜਿਹੜੇ ਪਠਾਨ ਨੌਕਰ ਰੱਖੇ ਸੀ, ਉਹ ਧੋਖਾ ਦੇ ਗਏ, ਰਿਸ਼ਵਤ ਦੇ ਵਿਚ ਆ ਗਏ ਤੇ ਪਹਾੜੀ ਰਾਜਿਆਂ ਨਾਲ ਮਿਲ ਗਏ। ਉਸ ਵੇਲੇ ਕੌਣ ਸੀ ਜਿਸ ਨੇ ਜੰਗ ਦੇ ਸੰਕਟ ਵਿਚ ਸਾਥ ਦਿੱਤਾ, ਉਹ ਪੀਰ ਬੁੱਧੂ ਸ਼ਾਹ ਸੀ ਜੋ 700 ਮੁਰੀਦ ਲੈ ਕੇ ਮੈਦਾਨੇ ਜੰਗ ਵਿਚ ਆ ਕੇ

ਗੁਰੂ ਜੀ ਦੀ ਮੱਦਦ ਕੀਤੀ। ਆਪਣੇ ਦੋ ਪੁੱਤਰ, ਇਕ ਸਾਲਾ ਇਸ ਲੜਾਈ ਦੀ ਭੇਟਾ ਚਾੜ੍ਹ ਦਿੱਤਾ ਤੇ ਜਦੋਂ ਗੁਰੂ ਸਾਹਿਬ ਪ੍ਰਸੰਨ ਹੋ ਕੇ ਕਹਿਣ ਲੱਗੇ ਕਿ ਬੁੱਧੂਸ਼ਾਹ ਤੂੰ ਕੁਛ ਮੰਗ ਤਾਂ ਸਹੀ ਤਾਂ ਕਹਿੰਦਾ, ਮਹਾਰਾਜ! ਮੈਂ ਕੀ ਮੰਗਾ, ਮੈਨੂੰ ਜੋ ਤੁਸੀਂ ਦੇਣਾ ਸੀ ਦੇ ਦਿੱਤਾ, ਇਸ ਤੋਂ ਅੱਗੇ ਮੈਂ ਹੋਰ ਕੀ ਮੰਗ ਸਕਦਾ ਹਾਂ। ਆਪ ਨੇ ਤਾਂ ਆਬ-ਏ-ਹਿਆਤ ਦਾ ਜਾਮ ਮੇਰੇ ਪੁੱਤਰਾਂ ਨੂੰ ਪਿਲਾ ਦਿੱਤਾ, ਮੇਰੇ ਮੁਰੀਦਾਂ ਨੂੰ ਪਿਲਾ ਦਿੱਤਾ ਤੇ ਉਸ ਬਾਰਗਾਹ ਖੁਦਾ ਦੇ ਵਿਚ ਉਹਨਾਂ ਦਾ ਦਾਖਲਾ ਕਰਾ ਦਿੱਤਾ। ਹੁਣ ਦੱਸੋ, ਮੈਨੂੰ ਇਸ ਤੋਂ ਜਿਆਦਾ ਵੱਡਾ ਕੁਛ ਮੰਗਣ ਨੂੰ ਕੀ ਹੈ? ਕਹਿਣ ਲੱਗੇ, ਨਹੀਂ ਮੰਗ ਸਾਡਾ ਮੰਨ ਪ੍ਰਸੰਨ ਹੁੰਦਾ ਹੈ। ਕਹਿੰਦਾ, ਪਾਤਸ਼ਾਹ ਜੇ ਮੈਨੂੰ ਕੁਛ ਦੇਣਾ ਹੈ ਤਾਂ ਇਹ ਜਿਹੜੇ ਕੰਘੇ ਵਿਚ ਕੇਸ ਹਨ ਜਾਂ ਰੋਮ ਟੁੱਟ ਕੇ ਆ ਗਏ ਹਨ ਇਹ ਕ੍ਰਿਪਾ ਕਰਕੇ ਮੈਨੂੰ ਦੇ ਦਿਓ। ਮੇਰੇ ਵਾਸਤੇ ਇਹ ਸਾਰੇ ਕੇਸ ਤਿੰਨਾਂ ਲੋਕਾਂ ਦੀ ਦੌਲਤ ਹੈ। ਸਾਧ ਸੰਗਤ ਜੀ! ਜੇ ਉਸਦੇ ਮਨ ਵਿਚ ਪਛਤਾਵਾ ਹੁੰਦਾ ਤਾਂ ਫੇਰ ਉਹ ਇਸ ਤਰ੍ਹਾਂ ਦੇ ਬਚਨ ਨਾ ਕਰਦਾ। ਉਹ ਮਹਾਂ ਪ੍ਰਸੰਨ ਸੀ ਕਿ ਮੇਰੇ ਪੁੱਤਰ ਧਰਮ ਦੇ ਲੇਖੇ ਲੱਗ ਗਏ ਕਿਉਂਕਿ ਉਹ ਵੇਖਦਾ ਸੀ ਅਧਰਮ ਵਾਲਿਆਂ ਨੇ ਧਰਮ ਦਾ ਜੋ ਬੂਟਾ ਪੱਨਪ ਰਿਹਾ ਹੈ, ਉਸਦੀ ਜੜ੍ਹ ਉਖੇੜਨ ਵਾਸਤੇ ਹੱਲਾ ਕਰ ਦਿੱਤਾ ਸੀ। ਮਹਾਰਾਜ ਕਹਿੰਦੇ ਹਨ -

ਫਤੇ ਸਾਹ ਕੋਪਾ ਤਬਿ ਰਾਜਾ।
ਲੋਹ ਪਰਾ ਹਮ ਸੋ ਬਿਨੁ ਕਾਜਾ। ***ਬਚਿਤ੍ਰ ਨਾਟਕ***

ਬਗੈਰ ਕਿਸੀ ਮਤਲਬ ਦੇ ਸਾਡੇ ਤੇ ਹਮਲਾ ਕਰ ਦਿੱਤਾ। ਕੋਈ ਮਤਲਬ ਨਹੀਂ ਸੀ। ਨਾ ਅਸੀਂ ਕਿਸੇ ਨੂੰ ਕੁਛ ਕਹਿੰਦੇ ਸੀ। ਸਾਡਾ ਤਾਂ ਰੋਜ ਦਾ ਨਾਹਰਾ ਇਹ ਸੀ ਕਿ -

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬਤ ਦਾ ਭਲਾ।

ਗੁਰੂ ਮਹਾਰਾਜ ਤਾਂ ਰਾਜੇ ਦਾ ਵੀ ਭਲਾ ਮੰਗਦੇ ਸੀ, ਪ੍ਰਜਾ ਦਾ ਵੀ ਭਲਾ ਮੰਗਦੇ ਸੀ, ਮਾੜੇ ਬੰਦਿਆਂ ਦਾ ਵੀ ਮੰਗਦੇ ਸੀ, ਚੰਗਿਆਂ ਦਾ ਵੀ ਮੰਗਦੇ ਸੀ। ਰਾਜੇ ਨੂੰ ਗੁਰੂ ਮਹਾਰਾਜ ਜੀ ਨਾਲ ਯੁੱਧ ਕਰਨ ਦੀ ਕਾਹਦੀ ਕਾਹਲ ਸੀ ਜਦ ਕਿ ਗੁਰੂ ਮਹਾਰਾਜ ਨੇ ਉਸਦੀ ਲੜਕੀ ਨੂੰ ਆਪਣੀ ਲੜਕੀ ਸਮਝਕੇ, ਲੜਕੀ ਦੇ ਵਿਆਹ ਤੇ 3 ਲੱਖ ਦਾ ਤੰਬੋਲ ਭੇਜਿਆ ਸੀ ਜੋ ਅਜ ਕਲ੍ਹ 3 ਕਰੋੜ ਦਾ ਹੈ। ਬਹੁਤ ਜਿਆਦਾ ਤੋਹਫੇ ਭੇਜੇ, ਤੇ ਉਹ ਬਗੈਰ ਕਿਸੇ ਕਾਰਨ ਤੋਂ ਕਿਉਂ ਸਾਡੇ ਉੱਤੇ ਫੌਜਾਂ ਨਾਲ ਹਮਲਾ ਕਰਦਾ ਹੈ। ਹਮਲੇ ਦੇ ਮੁਕਾਬਲੇ ਦੇ ਦੋ ਤਰੀਕੇ ਹਨ, ਇਕ ਤਾਂ ਚੌਂਕੜੇ ਮਾਰਕੇ ਬੈਠ ਜਾਣਾ, ਗੱਲ ਵੱਢਾ ਲੈਣੇ, ਇਸਦੇ ਨਾਲ ਜਿਹੜਾ ਦੁਸ਼ਮਨ ਹੈ ਹੋਰ ਅੱਗੇ ਵੱਧਦਾ ਹੈ ਕਿਉਂਕਿ ਉਹ ਕਸਾਈ ਬਣ ਜਾਂਦਾ ਹੈ ਕਿ ਇਹ ਤਾਂ ਮੈਥੋਂ ਡਰ ਗਿਆ।

ਦੂਸਰਾ ਹੈ ਕਿ ਮਰਦਾਨਗੀ ਨਾਲ ਟਾਕਰਾ ਕਰਨਾ, ਆਪਣੀ ਕੁਰਬਾਨੀ ਦੇਣੀ ਤੇ ਜ਼ੁਲਮ ਨੂੰ ਰੋਕ ਦੇਣਾ। ਜ਼ਾਲਮ ਦੇ ਹਿਰਦੇ ਦੇ ਵਿਚ ਡਰ ਪੈਦਾ ਕਰ ਦੇਣਾ, ਉਸਨੇ ਡਰਨਾ, ਕਿ ਇਹ ਤਾਂ ਮੈਥੋਂ ਵੀ ਬਹੁਤ ਤਕੜੇ ਨੇ, ਮੇਰਾ ਇਹ ਕੰਮ ਚਲਣਾ ਨਹੀਂ। ਜੇਕਰ ਹਲਕੇ ਹੋਏ ਕੁੱਤੇ ਵੱਢਣ ਲੱਗ ਜਾਣ ਤਾਂ ਫੇਰ ਘਰ ਦੇ ਬੰਦਿਆਂ ਨੂੰ ਕੋਈ ਚਾਰਾ ਕਰਨਾ ਪੈਂਦਾ ਹੈ ਕਿ ਆਪਣਾ ਆਪ ਬਚਾਓ, ਇਹਨਾਂ ਨੇ ਤਾਂ ਚੱਕ ਮਾਰ ਦੇਣੈ ਤੇ ਅਸੀਂ ਜ਼ਖਮੀ ਹੋ ਜਾਣੈ, ਫੇਰ ਅਸੀਂ ਹਲਕ ਜਾਵਾਂਗੇ। ਜੇਕਰ ਕੁੱਤੇ ਨੂੰ ਮਾਰ ਦਿਤਾ ਜਾਵੇ ਤਾਂ ਕੇਵਲ ਅਸੀਂਓ ਨਹੀ ਬਚਣਾ ਸਗੋਂ ਬੇਅੰਤ ਹੋਰ ਵੀ ਬੱਚ ਜਾਣਗੇ। ਦੁਨੀਆਂ ਅੰਦਰ ਗੁਰੂ ਸਾਹਿਬ ਦੇ ਜੰਗਾਂ ਦੇ ਬਾਰੇ ਬੜੇ ਖਿਆਲ ਨੇ ਪਰੰਤੂ ਗੁਰੂ ਮਹਾਰਾਜ ਜੀ ਨੇ ਇਕ ਇੰਚ ਵੀ ਕਿਸੀ ਥਾਂ ਤੇ ਕਦੇ ਕਬਜਾ ਨਹੀਂ ਸੀ ਕਰਿਆ। ਜੇ ਚਾਹੁੰਦੇ ਤਾਂ ਜਦੋਂ 22 ਧਾਰ ਦੇ ਰਾਜਿਆਂ ਨੂੰ ਹਾਰ ਦੇ ਦਿੱਤੀ ਸੀ, ਉਸ ਵੇਲੇ ਹੀ ਉਹਨਾਂ ਦੀਆਂ ਰਾਜਧਾਨੀਆਂ ਤੇ ਕਬਜਾ ਕਰ ਲੈਂਦੇ ਤੇ ਉਹਨਾਂ ਦੇ ਹੱਥ ਵਿਚ ਪੈਸਾ ਵੀ ਆ ਜਾਂਦਾ ਤੇ ਬੇਅੰਤ ਫੌਜਾਂ ਵੀ ਭਰਤੀ ਕਰ ਸਕਦੇ ਸਨ। ਪਹਾੜ ਦੀ ਓਟ ਵੀ ਜ਼ਬਰਦਸਤ ਮਿਲ ਜਾਂਦੀ। 12, 13 ਲੜਾਈਆਂ ਵਿਚ ਪਹਾੜੀ ਰਾਜੇ ਹਾਰਦੇ ਰਹੇ ਜੇ ਉਹ ਚਾਹੁੰਦੇ ਤਾਂ ਉਹਨਾਂ ਦੀ ਜਾਇਦਾਦ ਤੇ ਕਬਜਾ ਕਰ ਲੈਂਦੇ ਤੇ ਉਹਨਾਂ ਨੂੰ ਉਠਣ ਹੀ ਨਾ ਦਿੰਦੇ। ਲੇਕਿਨ ਆਪ ਨੇ ਇਹ ਗੱਲਾਂ ਨਹੀਂ ਕਰੀਆਂ, ਕਿਉਂਕਿ ਆਪ ਯੁੱਧ ਜੰਗ ਨਹੀਂ ਸੀ ਕਰਨਾ ਚਾਹੁੰਦੇ। ਆਪ ਸੰਸਾਰ ਨੂੰ ਸਿੱਧੇ ਰਾਹ ਤੇ ਪਾਉਣਾ ਚਾਹੁੰਦੇ ਸੀ। ਸੰਸਾਰ ਅਧਰਮ ਵਿਚ ਜਿਆਦਾ ਚਲਾ ਗਿਆ ਸੀ। ਅਕਾਲ ਪੁਰਖ ਨੇ ਜਦੋਂ ਸੰਸਾਰ ਤੇ ਭੇਜੇ, ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਤੁਸੀਂ ਸੰਸਾਰ ਤੇ ਜਾ ਕੇ ਕੀ ਕੁਛ ਕਰਨਾ ਹੈ। ਉਸਦੇ ਬਾਰੇ ਅਸੀਂ ਤੁਹਾਨੂੰ ਇਸ਼ਾਰੇ ਦਿੰਦੇ ਹਾਂ ਕਿ ਮੈਂ ਸੰਸਾਰ ਤੇ ਜਿੰਨੇ ਵੀ ਅੱਜ ਤਕ ਭੇਜੇ ਹਨ ਆਪਣੀ ਪੂਜਾ ਤਾਂ ਕਰਾ ਲਈ ਤੇ ਆਪ ਹੀ ਮੂਹਰੇ ਹੋ ਗਏ ਤੇ ਜੋ ਮੈਂ ਪਰੀਪੂਰਨ ਸੰਸਾਰ ਦਾ ਪ੍ਰਮੇਸ਼ਰ ਹਾਂ ਜਿੰਨੇ ਸਭ ਪੈਦਾ ਕਰੇ ਨੇ, ਉਹਨੂੰ ਕੋਈ ਨਹੀਂ ਦ੍ਰਿੜ ਕਰਾਇਆ ਸਗੋਂ ਆਪ ਦੀ ਪੂਜਾ ਕਰਾ ਲਈ। ਆਪ ਹੀ ਮੂਹਰੇ ਆ ਗਏ, ਆਪ ਹੀ ਭਗਵਾਨ ਬਣ ਗਏ ਤੇ ਪ੍ਰਮੇਸ਼ਰ ਦੇ ਲੜ੍ਹ ਨਹੀਂ ਲਾਇਆ।

ਆਪਸ ਵਿਚ ਏਕਤਾ ਨਹੀਂ ਲਿਆਂਦੀ, ਆਪਸ ਵਿਚ ਵੈਰ ਵਧਾ ਦਿੱਤਾ। ਜਿੰਨੀਆਂ ਵੀ ਸੰਪਰਦਾਵਾਂ ਤੁਰੀਆਂ ਆਪਸ ਵਿਚ ਲੜ੍ਹ ਪਈਆਂ, ਜਿੰਨੇ ਪੰਥ ਚਲੇ ਉਹ ਆਪਸ ਵਿਚ ਜੰਗ ਕਰਦੇ ਰਹੇ, ਇਕ ਦੂਜੇ ਨੂੰ ਮਾਰਨ ਵਾਸਤੇ ਧਰਮ ਦਾ ਨਾਮ ਲੈਂਦੇ ਰਹੇ, ਇਕ ਦੂਜੇ ਦਾ ਖੂਨ ਵਹਾ ਕੇ ਕਹਿੰਦੇ ਸਨ ਕਿ ਅਸੀਂ ਧਰਮ ਦਾ ਕੰਮ ਕਰ ਰਹੇ ਹਾਂ।

ਆਪਣੇ ਪਤਿਆਂ ਤੋਂ ਦਰਖਤ ਜਲਣ ਲਗ ਗਿਆ। ਰੱਬ ਦੇ ਰਸਤੇ ਤਾਂ ਕੋਈ ਨਹੀਂ ਚਲਦਾ। ਕੋਈ ਪਰਬਤਾਂ ਨੂੰ ਮੱਥੇ ਟੇਕਦਾ ਹੈ, ਕੋਈ ਦਰਖਤਾਂ ਨੂੰ ਟੇਕਦਾ ਹੈ ਕਿਸੇ ਨੇ

ਸੱਪ ਨੂੰ ਸੀਸ ਨਿਵਾ ਦਿੱਤਾ, ਕਿਸੇ ਨੇ ਮਾਤਾ ਪਾਨੀ ਵਰਗੀ ਬਿਮਾਰੀ ਨੂੰ ਮੱਥਾ ਟੇਕ ਦਿੱਤਾ, ਕੋਈ ਸੂਰਜ ਨੂੰ ਮੱਥਾ ਟੇਕੀ ਜਾਂਦਾ ਹੈ, ਕੋਈ ਚੰਦਰਮਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਜਾਂਦਾ ਹੈ। ਕੋਈ ਤਾਰਿਆਂ ਨੂੰ ਮੱਥਾ ਟੇਕਦਾ ਹੈ, ਕੋਈ ਧਰਮਰਾਜੇ ਦੀ ਪੂਜਾ ਕਰਦਾ ਹੈ, ਕੋਈ ਹਨੂੰਮਾਨ ਦੀ ਕਰਦੈ, ਕੋਈ ਭੈਰੋ ਦੀ ਕਰਦਾ ਹੈ। ਹਨ੍ਹੇਰ ਗ਼ਬਾਰ ਛਾ ਗਿਆ, ਰੱਬ ਤਾਂ ਲਾਂਭੇ ਹੀ ਛੱਡ ਦਿੱਤਾ।

ਸਰਵਰੀਆ ਪੀਰ ਸੀ, ਜਿਨ੍ਹਾਂ ਨੂੰ ਸੁਲਤਾਨੀਆਂ ਕਹਿੰਦੇ ਹਨ। ਉਸਦਾ ਨਾਂ ਅਹਮਦ ਸੀ। ਇਸਨੇ ਚਿਲੇ ਕੱਟ ਲਏ ਤੇ ਇਸਨੂੰ ਥੋੜੀ ਜੀ ਸਿੱਧੀ ਆ ਗਈ। ਸਾਰੇ ਹੀ ਪੰਜਾਬ ਨੂੰ ਆਪਣੇ ਪਿੱਛੇ ਲਾ ਲਿਆ, ਕਬਰ ਦੀ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ। ਰੱਬ ਤਾਂ ਭੁੱਲ ਹੀ ਗਿਆ।

ਗੋਰਖ ਵਗੈਰਾ ਕੋਲ ਸਿੱਧੀ ਆ ਗਈ, ਉਹ ਆਪਣੀ ਪੂਜਾ ਕਰਵਾਉਣ ਲੱਗ ਪਏ। ਰੱਬ ਦੇ ਰਾਹ ਤੋਂ ਕੋਈ ਨਹੀਂ ਆਉਂਦਾ।

ਘਟ ਘਟ ਵਿਚ ਵਿਆਪਕ ਜੋ ਪ੍ਰਮੇਸ਼ਰ ਸੀ, ਉਹ ਕਿਸੇ ਨੇ ਨਹੀਂ ਪਹਿਚਾਣਿਆ।

ਆਪਣੇ ਆਪ ਵਿਚ ਉਲਝ ਗਏ, ਆਪਣੇ ਆਪਣੇ ਧਰਮ ਬਣਾ ਲਏ, ਪੰਥ ਬਣਾ ਲਏ। ਰੱਬ ਨੂੰ ਕਿਸੇ ਨੇ ਪਹਿਚਾਣਿਆ ਹੀ ਨਹੀਂ, ਵਾਹਿਗੁਰੂ ਜੀ ਨੇ ਆਪ ਨੂੰ ਕਿਹਾ ਕਿ ਤੁਸੀਂ ਸੰਸਾਰ ਤੇ ਜਾਓ।

ਮੈ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੈ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ॥

ਅਕਾਲ ਪੁਰਖ ਬਾਚ (ਚੌਪਈ)

ਆਹ ਜਿਹੜੇ ਕਬੁੱਧੀਆਂ ਕਰ ਰਹੇ ਨੇ ਇਹਨਾਂ ਨੇ ਇਹ ਪਹਿਚਾਨ ਨਹੀਂ ਕਰਵਾਈ ਕਿ ਪਾਰਬ੍ਰਹਮ ਪ੍ਰਮੇਸ਼ਰ ਘਟ ਘਟ ਦੇ ਵਿਚ ਵਸਦਾ ਹੈ, ਹਰੇਕ ਦੇ ਅੰਦਰ ਵਸਦਾ ਹੈ, ਇਹਨਾਂ ਨੇ ਇਸ ਦੀ ਪਹਿਚਾਣ ਨਾ ਕਰਵਾਉਣ ਕਰਕੇ ਸਾਰੇ ਬਾਹਰ ਬਾਹਰ ਕੱਢ ਲਏ। ਮਹਾਰਾਜ ਕਹਿੰਦੇ ਸਾਰਿਆਂ ਦੇ ਅੰਦਰ ਵਸਦਾ ਹੈ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ। ਪਿਆਰ ਨਾਲ ਪੜ੍ਹੋ ਸਾਰੇ –

ਧਾਰਨਾ – ਤੈਨੂੰ ਗਾਫਲਾ ਸਮਝ ਨਾ ਆਈ,
ਅੰਦਰ ਤੇਰੇ ਰੱਬ ਵਸਦੈ –2, 2.
ਮੇਰੇ ਪਿਆਰੇ, ਅੰਦਰ ਤੇਰੇ ਰੱਬ ਵਸਦੈ –2, 2.
ਤੈਨੂੰ ਗਾਫਲਾ ਸਮਝ ਨਾ ਆਈ,....... –2.

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ॥ ਪੰਨਾ – 1263

ਕਹਿੰਦੇ, ਪਿਆਰਿਆ! ਤੂੰ ਵੀ ਉਥੇ ਹੀ ਵਸਦਾ ਹੈ, ਰੱਬ ਵੀ ਉਥੇ ਹੀ ਵਸਦਾ ਹੈ। ਹਉਮੈ ਦੀ ਕੰਧ ਹੋਣ ਕਰਕੇ, ਇਕ ਦੂਜੇ ਨਾਲ ਤੁਸੀਂ ਮਿਲਦੇ ਨਹੀਂ।

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥
ਪੰਨਾ – 634
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥
ਪੰਨਾ – 1263

ਪੂਰਾ ਸਤਿਗੁਰ ਮਿਲ ਜਾਂਦਾ ਹੈ, ਜਦੋਂ ਪੂਰਾ ਸਤਿਗੁਰੂ ਸ਼ਬਦ ਦੇ ਦਿੰਦਾ ਹੈ, ਸ਼ਬਦ ਦੇ ਬਲ ਨਾਲ ਹਉਮੈ ਦੀ ਕੰਧ ਟੁੱਟ ਜਾਂਦੀ ਹੈ।

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥
ਪੰਨਾ – 954
ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥
ਪੰਨਾ – 947

ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲੱਗੇ, ਮੈਨੂੰ ਕਿਸੇ ਨੇ ਨਹੀਂ ਪਹਿਚਾਣਿਆ, ਮੈਂ ਹਰੇਕ ਦੇ ਅੰਦਰ ਵਸਦਾ ਹਾਂ ਤੇ ਉਹਨਾਂ ਨੇ ਮੇਰਾ ਗਿਆਨ ਕਿਸੇ ਨੂੰ ਨਹੀਂ ਦਿੱਤਾ ਤੇ ਆਪਣਾ ਵਜੂਦ ਅੱਗੇ ਲੈ ਆਂਦਾ। ਆਪਣੇ ਹੀ ਕਿਰਿਆ ਕਰਮ ਸਿੱਖਾ ਦਿੱਤੇ। ਸ਼ਕਲ ਤੋਂ ਬੇਸ਼ਕਲ ਬਣਾ ਦਿੱਤੀ, ਕਿਸੇ ਨੇ ਕੇਸ ਸਾਰੇ ਹੀ ਉਤਰਵਾ ਦਿੱਤੇ, ਕਿਸੇ ਨੇ ਲਬਾਂ ਕੱਟਵਾ ਦਿਤੀਆਂ, ਕਿਸੇ ਨੇ ਕੁਛ, ਕਿਸੇ ਨੇ ਕੁਛ, ਕਿਸੇ ਨੇ ਮੁੰਦਰਾਂ ਪਾ ਲਈਆਂ, ਨਵੀਂ ਸ਼ਕਲ ਬਣਾ ਦਿੱਤੀ। ਉਹ ਅਸਲੀ ਚੀਜ਼ ਨੂੰ ਭੰਨ ਤੋੜ ਦਿੱਤਾ। ਮੇਰਾ ਗਿਆਨ ਤਾਂ ਦਿੱਤਾ ਨਹੀਂ, ਆਪਣਾ ਹੀ ਦੇ ਦਿੱਤਾ, ਜਿਹੜਾ ਜਿਹੜਾ ਵੀ ਹੋਇਆ ਹੈ।

ਕਹਿੰਦੇ, ਤੁਸੀਂ ਜਾਓ ਸੰਸਾਰ ਨੂੰ ਦੱਸੋ, ਮੈਂ ਕਿਸੀ ਤੋਂ ਦੂਰ ਨਹੀਂ ਹਾਂ, ਸਭ ਦੇ ਅੰਦਰ ਰਹਿੰਦਾ ਹਾਂ।

ਕਾਇਆ ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗਗਨੰਦਰਿ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥
ਪੰਨਾ – 1033

ਹਰ ਸਰੀਰ ਵਿਚ ਮੈਂ ਆਪਣੀ ਨਿਰਮਲ ਥਾਂ ਰਖੀ ਹੋਈ ਹੈ।

ਅੰਦਰਿ ਕੋਟ ਛਜੇ ਹਟਨਾਲੇ॥
ਆਪੇ ਲੇਵੈ ਵਸਤੁ ਸਮਾਲੇ॥
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥
ਪੰਨਾ – 1033

ਜਦ ਤਕ ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਮੇਰੇ ਤਕ ਨਹੀਂ ਪਹੁੰਚ ਸਕਦਾ ਕਿਉਂਕਿ ਬਜਰ ਕਪਾਟ ਲੱਗੇ ਹੋਏ ਨੇ ਤੇ ਮੈਂ ਚਾਬੀ ਗੁਰੂ ਨੂੰ ਦਿੱਤੀ ਹੋਈ ਹੈ।

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥
ਪੰਨਾ - 205

ਇਹਨਾਂ ਨੂੰ ਜਾ ਕੇ ਦਸੋ ਕਿ ਮੈਂ ਆਪਣੇ ਦਰ ਦੀ ਚਾਬੀ ਸਤਿਗੁਰੂ ਨੂੰ ਦਿੱਤੀ ਹੋਈ ਹੈ। ਕਿਉਂਕਿ ਸੰਸਾਰ ਦੁਖੀ ਹੋ ਰਿਹਾ ਹੈ, ਮੈਂ ਦੂਰ ਨਹੀਂ ਹਾਂ, ਮੈਂ ਸਭ ਦੇ ਘਰ ਹੁੰਦਾ ਹਾਂ। ਮੇਰੇ ਗਿਆਨ ਤੋਂ ਬਗੈਰ ਮਨ ਦੇ ਅੰਦਰ ਹਨ੍ਹੇਰਾ ਰਹੇਗਾ। ਆਪਸ ਵਿਚ ਲੜਨਗੇ ਤੇ ਦੁਖੀ ਹੋਣਗੇ।

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ - 124

ਜੇ ਪੂਰੇ ਭਾਗ ਹੋਣ ਤਾਂ ਸਤਿਗੁਰ ਮਿਲਦਾ ਹੈ। ਸਤਿਗੁਰੂ ਨੂੰ ਕਲਜੁਗ ਦੇ ਅੰਦਰ ਭੇਜਿਆ ਗਿਆ ਹੈ। ਅਕਾਲ ਪੁਰਖ ਦਾ ਹੁਕਮ ਹੈ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰੂ ਪ੍ਰਮੇਸ਼ਰ। ਇਹ ਜੋ ਮੇਰਾ ਸਰੂਪ ਹੈ, ਮੈਂ ਤੈਨੂੰ ਦੱਸਦਾ ਹਾਂ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਪੰਨਾ - 1

ਤੂੰ ਸੰਸਾਰ ਨੂੰ ਸਮਝਾ ਕਿ ਮੈਂ ਕਲਪਤ ਚਿੱਤਰਾਂ ਦੇ ਅੰਦਰ ਨਹੀਂ ਹਾਂ, ਮੇਰਾ ਕੋਈ ਰੂਪ ਨਹੀਂ ਹੈ, ਰੰਗ ਨਹੀਂ ਹੈ, ਭੇਸ ਨਹੀਂ ਹੈ।

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਜਾਪ ਸਾਹਿਬ

ਕਹਿਣ ਲੱਗੇ, ਮੇਰਾ ਕੋਈ ਰੂਪ, ਰੰਗ ਨਹੀਂ ਹੈ, ਮੈਂ ਬੋਲੀ ਵਿਚ ਨਹੀਂ ਆਉਂਦਾ, ਮੈਂ ਦੁਨੀਆਂ ਦੀਆਂ ਚੀਜ਼ਾਂ ਵਾਂਗ ਸਮਝਿਆਂ ਹੋਇਆਂ, ਸਮਝਿਆ ਨਹੀਂ ਜਾ ਸਕਦਾ।

ਨਹੀ ਜਾਨ ਜਾਈ ਕਛੂ ਰੂਪ ਰੇਖੰ॥
ਕਹਾ ਬਾਸ ਤਾਕੋ ਫਿਰੈ ਕਉਨ ਭੇਖੰ॥
ਕਹਾ ਨਾਮ ਤਾਕੋ ਤਹਾ ਕੈ ਕਹਾਵੈ॥
ਕਹਾ ਮੈ ਬਖਾਨੋ ਕਹੇ ਮੋ ਨ ਆਵੈ॥
ਅਕਾਲ ਉਸਤਤਿ

ਇਸ ਜੀਵ ਦਾ ਜੋ ਸਰੂਪ ਹੈ, ਮੈਂ ਉਸਦੇ ਅੰਦਰ ਵੱਸ ਰਿਹਾ ਹਾਂ, ਉਹੀ ਸਰੂਪ ਮੇਰਾ ਹੈ। ਮੇਰੇ ਤੋਂ ਦੁਨੀਆਂ ਭਟਕ ਗਈ ਹੈ, ਬਹੁਤ ਅੰਧਕਾਰ ਵਿਚ ਆ ਗਈ ਹੈ। ਇਹਨਾਂ ਦੇ ਅੰਦਰ ਕਬੁੱਧ ਆ ਗਈ ਹੈ ਇਹਨਾਂ ਨੂੰ ਦੱਸ ਦਿਓ ਜਾ ਕੇ ਕਿ ਮੈਂ ਤਾਂ ਅੰਦਰ ਵਸਦਾ ਹਾਂ। ਬਜਰ ਕਪਾਟ ਦੀ ਚਾਬੀ ਗੁਰੂ ਕੋਲੋਂ ਲੈ ਕੇ ਬਜਰ ਕਪਾਟ ਖੋਲ੍ਹੋ।

ਭੀਤਰਿ ਕੋਟ ਗੁਫਾ ਘਰ ਜਾਈ॥
ਨਉ ਘਰ ਥਾਪੇ ਹੁਕਮਿ ਰਜਾਈ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥
ਪੰਨਾ - 1033

ਮੈਂ ਤਾਂ ਸਭ ਦੇ ਅੰਦਰ ਬੈਠਾ ਹਾਂ, ਜਾ ਕੇ ਤੁਸੀਂ ਦੁਨੀਆਂ ਨੂੰ ਸਮਝਾਓ ਕਿ ਪ੍ਰਮੇਸ਼ਰ ਨੂੰ ਦੂਰ ਨਾ ਭਾਲੋ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥
ਪੰਨਾ - 1379

ਸੋ ਇਸ ਤਰ੍ਹਾਂ ਆਪਣੇ ਬਚਨ ਕੀਤੇ ਤੇ ਫੁਰਮਾਨ ਕੀਤਾ ਕਿ ਜਾਓ! ਇਹ ਧਰਮ ਦਾ ਰਸਤਾ ਸੰਸਾਰ ਨੂੰ ਜਾ ਕੇ ਦਸੋ। ਮੈਂ ਤੁਹਾਨੂੰ ਪੁੱਤਰ ਦੀ ਪਦਵੀ ਦਿੰਦਾ ਹਾਂ।

ਧਰਮ ਦੀਆਂ ਰੀਤਾਂ ਕਾਇਮ ਕਰੋ, ਕਿਉਂਕਿ ਸੰਸਾਰ ਵਿਚੋਂ ਧਰਮ ਨਿਕਲ ਗਿਆ ਹੈ ਹੋਰ ਹੀ ਧਰਮ ਬਣਾ ਲਏ, ਹੋਰ ਹੀ ਰੀਤਾਂ ਬਣਾ ਲਈਆਂ, ਧਰਮ ਦੀ ਬਾਤ ਜਾ ਰਹੀ ਹੈ। ਹਰ ਪਾਸੇ ਅਧਰਮ ਹੀ ਅਧਰਮ ਹੋ ਗਿਆ ਹੈ।

ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ -

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਪੰਨਾ - 145

ਧਰਮ ਨਾਮ ਦੀ ਚੀਜ਼ ਖੰਭ ਲਾ ਕੇ ਉੜ ਗਈ ਹੈ।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਪੰਨਾ - 145

ਸੰਸਾਰ ਦੇ ਉੱਤੇ ਧਰਮ ਦਾ ਚੰਦਰਮਾ ਅਲੋਪ ਹੋ ਗਿਆ ਹੈ, ਮੱਸਿਆ ਫੈਲ ਗਈ, ਹਨ੍ਹੇਰ ਗੁਬਾਰ ਲੋਕਾਂ ਦੇ ਮਨ੍ਹਾਂ ਵਿਚ ਪੈ ਗਿਆ ਹੈ।

ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥ ਪੰਨਾ - 145

ਸੰਸਾਰ ਦੁਖੀ ਹੋ ਰਿਹਾ ਹੈ ਕਿਉਂਕਿ ਹਨ੍ਹੇਰੇ ਵਿਚ ਕੋਈ ਰਾਹ ਨਹੀਂ ਲਭਦਾ। ਮਨੁੱਖ ਜੰਮਦਾ ਹੈ, ਮਰਦਾ ਹੈ, ਹਉਮੈ ਅੰਦਰ ਹੋਣ ਕਰਕੇ ਸ਼ਾਂਤੀ ਵਿਚ ਨਹੀਂ ਆ ਰਿਹਾ। ਮਨੁੱਖ ਭਟਕ ਗਿਆ ਹੈ, ਕਹਿੰਦੇ, ਜਾਓ ਹੁਣ ਜਾ ਕੇ ਇਸਨੂੰ ਤੁਸੀਂ ਧਰਮ ਦੇ ਰਸਤੇ ਤੇ ਪਾਓ। ਜਿਹੜੀ ਕਬੁੱਧ ਲੋਕਾਂ ਵਿਚ ਆ ਗਈ ਹੈ। ਇਸ ਤੋਂ ਲੋਕਾਂ ਨੂੰ ਵਿਵਰਜਿਤ ਕਰੋ।

ਮੈ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੈ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ॥ 'ਚੌਪਈ'

ਆਪ ਪਾਤਸ਼ਾਹ ਲਿਖਦੇ ਨੇ ਕਿ ਇਹ ਸਾਰਾ ਸੰਸਾਰ ਤਾਂ ਉਲਟ ਰਾਹਾਂ ਤੇ ਪਿਆ ਹੋਇਆ ਹੈ। ਇਹ ਤਾਂ ਇਕ ਬੜਾ ਭਾਰਾ ਹੜ੍ਹ ਆ ਰਿਹਾ ਹੈ, ਜਿਹੜਾ ਕਿਸੇ ਵੀ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਇਹ ਖਿਆਲਾਂ ਦਾ ਹੜ੍ਹ ਤੇ ਅੰਧਕਾਰ ਦਾ ਹੜ੍ਹ ਕਿਸ ਤਰ੍ਹਾਂ ਰੋਕਿਆ ਜਾਏਗਾ? ਕਹਿੰਦੇ, ਅਸੀਂ ਉਸ ਵੇਲੇ ਅਕਾਲ ਪੁਰਖ ਦੇ ਅੱਗੇ ਹੱਥ ਜੋੜਕੇ ਖੜ੍ਹੇ ਹੋ ਗਏ।

ਠਾਢ ਭਯੋ ਮੈ ਜੋਰਿ ਕਰ,
ਬਚਨ ਕਹਾ ਸਿਰ ਨਿਆਇ॥ ਚੌਪਈ

ਅਸੀਂ ਦੋਨੋਂ ਹੱਥ ਜੋੜ, ਸਾਮ੍ਹਣੇ ਖੜੇ ਹੋ ਗਏ, ਸੀਸ ਨਿਵਾਇਆ ਬਚਨ ਕਿਹਾ –

ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥
ਚੌਪਈ

ਹੇ ਪ੍ਰਭੂ, ਜਿਹੜਾ ਤੁਹਾਨੂੰ ਮਿਲਣ ਦਾ ਰਸਤਾ ਹੈ, ਦੁਨੀਆਂ ਤਾਂ ਇਸ ਰਸਤੇ ਉਤੇ ਆਏਗੀ, ਜੇਕਰ ਤੁਸੀਂ ਮੇਰੀ ਸਹਾਇਤਾ ਕਰੋਗੇ। ਨਿਮਰਤਾ ਦੇ ਨਾਲ ਆਪ ਨੇ ਬੇਨਤੀ ਕਰੀ ਤੇ ਸੰਸਾਰ ਵਿਚ ਆ ਕੇ ਆਪ ਨੇ ਦੱਸਿਆ ਕਿ ਮੈਂ ਕਿਉਂ ਆਇਆ? ਮੈਂ ਰਾਜ ਲੈਣ ਨਹੀਂ ਆਇਆ, ਨਾ ਮੈਂ ਪਾਖੰਡ ਕਰਾਉਣ ਆਇਆ ਹਾਂ, ਨਾਂ ਮੈਂ ਕੋਈ ਮੁੰਡ ਮੁੰਡਾਨੇ ਨੇ, ਨਾ ਮੈਂ ਟੋਪੀਆਂ ਦੇਣੀਆਂ ਹਨ, ਨਾਂ ਮੈਂ ਕੋਈ ਤੁਹਾਡੀ ਚਿੰਨ ਜਾਂ ਰੂਪ ਰੇਖਾ ਬਦਲਣੀ ਹੈ। ਠੀਕ ਹੈ ਜਿਵੇਂ ਮਨੁੱਖ ਸੁਭਾਵਿਕ ਪੈਦਾ ਹੋਇਆ ਹੈ, ਉਸ ਵਿਚ ਕੋਈ ਪਰਿਵਤਨ ਨਹੀਂ ਕਰਨਾ। ਮੈਂ ਇਸ ਕੰਮ ਵਾਸਤੇ ਆਇਆ ਹਾਂ।

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨਿ ਪਕਰਿ ਪਛਾਰੋ। ***ਚੌਪਈ***

ਦੂਜਾ ਇਹ ਹੈ ਕਿ ਜਦੋਂ ਕੋਈ ਦੁਸ਼ਟਾਈ ਕਰੇਗਾ ਤੇ ਉਸਦੀ ਦੁਸ਼ਟਾਈ ਕੱਢਣੀ ਹੈ। ਜਿਹੜੇ ਦੋਖੀ ਨੇ ਜਿਹੜਾ ਉਹਨਾਂ ਵਿਚ ਦੋਖ ਪੁਣੇ ਦਾ ਅਵਗੁਣ ਹੈ, ਉਹ ਵੀ ਕਢਣਾ ਹੈ। ਸੋ ਭਾਈਓ ਕਿਤੇ ਧੋਖਾ ਨਾ ਖਾ ਜਾਇਓ। ਅਸਲੀ ਗੱਲ ਭੁੱਲਕੇ ਕਿਤੇ ਮੈਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲਗ ਜਾਇਓ। ਨਾ ਇਹ ਗੱਲ ਨਾ ਕਰਿਓ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

ਧਾਰਨਾ – ਕੋਈ ਕਹਿਓ ਨਾ ਪ੍ਰਮੇਸ਼ਰ ਮੈਨੂੰ,
ਮੈਂ ਹਾਂ ਦਾਸ ਪਰਮ ਪੁਰਖ ਦਾ –2, 2.
ਮੇਰੇ ਪਿਆਰੇ, ਮੈਂ ਹਾਂ ਦਾਸ ਪਰਮ ਪੁਰਖ ਦਾ –2, 2.
ਕੋਈ ਕਹਿਓ ਨਾ ਪ੍ਰਮੇਸ਼ਰ ਮੈਨੂੰ,.............. –2.

ਜੋ ਹਮ ਕੋ ਪਰਮੇਸਰ ਉਚਰਿ ਹੈਂ।
ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।
ਮੋ ਕੌ ਦਾਸ ਤਵਨ ਕਾ ਜਾਨੋ।
ਯਾ ਮੈ ਭੇਦ ਨ ਰੰਚ ਪਛਾਨੋ।
ਮੈ ਹੋ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸਾ।
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।
ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ। ***ਚੌਪਈ***

ਕਹਿਣ ਲੱਗੇ, ਦੋ ਗੱਲਾਂ ਦਾ ਧਿਆਨ ਰਖਿਓ। ਇਕ ਤਾਂ ਇਹ ਕਿ ਮੈਂ ਪ੍ਰਮੇਸ਼ਰ ਨਹੀਂ ਹਾਂ, ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ, ਉਹਨੂੰ ਰੱਬ ਨਹੀਂ ਮਿਲਣਾ, ਉਹ ਨਰਕਾਂ ਵਿਚ ਜਾਏਗਾ ਕਿਉਂਕਿ ਉਹ ਝੂਠ ਬੋਲਦਾ ਹੈ। ਭਾਵੇਂ ਪ੍ਰਮੇਸ਼ਰ ਤੇ ਸਾਧੂਆਂ ਦਾ ਕੋਈ ਫਰਕ ਨਹੀਂ ਹੁੰਦਾ, ਲੇਕਿਨ ਪ੍ਰਮੇਸ਼ਰ ਬਹੁਤ ਬਹੁਤ ਵੱਡਾ ਹੈ ਜਿਸਦਾ ਕੋਈ ਪਾਰਾਵਾਰ ਨਹੀਂ ਹੈ। ਗਲਾਸ ਦੇ ਪਾਣੀ ਤੇ ਸਮੁੰਦਰ ਦੇ ਪਾਣੀ ਦੋਨਾਂ ਵਿਚ ਕੋਈ ਫਰਕ ਨਹੀਂ ਹੁੰਦਾ, ਇਹ ਪਾਣੀ ਰੂਪ ਕਰਕੇ ਇਕੋ ਹੀ ਹੈ। ਲੇਕਿਨ ਮਾਤਰਾ ਵਿਚ ਫਰਕ ਹੁੰਦਾ ਹੈ। ਜੇ ਅਸੀਂ ਗਿਲਾਸ ਦੇ ਪਾਣੀ ਨੂੰ ਕਹੀਏ ਕਿ ਇਹ ਸਮੁੰਦਰ ਹੈ, ਇਹ ਤਾਂ ਸਮੁੰਦਰ ਨਹੀਂ ਹੋ ਸਕਦਾ ਇਸ ਕਰਕੇ ਸਮੁੰਦਰ ਦੀ ਉਪਾਧੀ ਉਸਦੇ ਉਤੇ ਘਟਦੀ ਨਹੀਂ, ਉਹ ਤਾਂ ਗਿਲਾਸ ਦਾ ਪਾਣੀ ਹੈ। ਬਾਲਟੀ ਦਾ ਪਾਣੀ ਹੈ, ਚੁਬੱਚੇ ਦਾ ਪਾਣੀ ਹੈ, ਟੋਭੇ ਦੀ ਆਪਣੀ ਹੱਦ ਹੁੰਦੀ ਹੈ। ਝੀਲ ਦੀ ਆਪਣੀ ਹੱਦ ਹੁੰਦੀ ਹੈ, ਸਮੁੰਦਰ ਦੀ ਆਪਣੀ ਹੱਦ ਹੁੰਦੀ ਹੈ। ਲੇਕਿਨ ਝੀਲ ਤੇ ਸਮੁੰਦਰ ਦਾ ਇਕ ਫਰਕ ਹੈ। ਮਾਤਰਾ ਵਿਚ ਫਰਕ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ –

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397

ਉਹ ਸਾਂਈ ਦਾ ਅੰਗ ਹੀ ਹੁੰਦੇ ਨੇ, ਲੇਕਿਨ ਜੇ ਉਹਨਾਂ ਨੂੰ ਕਹੇ ਪ੍ਰਮੇਸ਼ਰ ਹੈ ਤਾਂ ਗੱਲ ਗਲਤ ਹੋ ਜਾਂਦੀ ਹੈ ਕਿਉਂਕਿ ਪ੍ਰਮੇਸ਼ਰ ਕਿਸੇ ਵੀ ਹੱਦ ਬੰਨੇ ਵਿਚ ਨਹੀਂ ਆਉਂਦਾ, ਅੰਤ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਜਦੋਂ ਅਸੀਂ ਕਿਸੇ ਨੂੰ ਪ੍ਰਮੇਸ਼ਰ ਕਹਾਂਗੇ, ਉਸਦੇ ਸਰੀਰ ਨੂੰ ਮੁੱਖ ਕਰਕੇ ਕਹਾਂਗੇ। ਕਿਉਂਕਿ ਸਾਨੂੰ ਸੋਝੀ ਨਹੀਂ ਹੈ, ਆਤਮ ਦ੍ਰਿਸ਼ਟੀ ਨਹੀਂ ਹੈ, ਬ੍ਰਹਮ ਦ੍ਰਿਸ਼ਟੀ ਨਾ ਹੋਣ ਕਰਕੇ ਅਸੀਂ ਸਰੀਰ ਨੂੰ ਪ੍ਰਮੇਸ਼ਰ ਕਿਹਾ। ਸੋ ਇਸ ਗੱਲ ਤੋਂ ਮਹਾਰਾਜ ਨੇ ਵਰਜ ਦਿੱਤਾ। ਦੇਖੋ, ਸਾਡੇ ਇਸ ਸਰੀਰ ਨੂੰ ਪ੍ਰਮੇਸ਼ਰ ਨਾ ਕਹਿਓ। ਜਿਹੜਾ ਨਾਂ ਸਾਡਾ ਸੰਸਾਰ ਨੇ ਧਰਿਐ ਕਿਤੇ ਇਸ ਨੂੰ ਪ੍ਰਮੇਸ਼ਰ ਨਾ ਕਿਹੋ। ਜਿਹੜਾ ਇਸ ਸਿਧਾਂਤ ਤੇ ਨਹੀਂ ਆਏਗਾ, ਉਸਨੂੰ ਰਾਹ ਨਹੀਂ ਲਭਣਾ।

ਮੋ ਕੌ ਦਾਸ ਤਵਨ ਕਾ ਜਾਨੋ।
ਯਾ ਮੈ ਭੇਦ ਨ ਰੰਚ ਪਛਾਨੋ। ***ਚੌਪਈ।***
ਮੈ ਹੋ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸਾ। ***ਚੌਪਈ***

ਮੈਂ ਇਸ ਸੰਸਾਰ ਵਿਚ ਫੱਸਣ ਵਾਸਤੇ ਨਹੀਂ ਆਇਆ। ਮੈਂ ਇਕ ਖੇਲ ਖੇਲਣ ਆਇਆ ਹਾਂ। ਸੋ ਇਸ ਸੰਸਾਰ ਦੇ ਤਮਾਸ਼ੇ ਨੂੰ ਵੇਖਣ ਆਇਆ ਹਾਂ।

ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ॥ ***ਚੌਪਈ***

ਮੈਨੂੰ ਜਿਹੜੇ ਆਦੇਸ਼ ਦਿੱਤੇ ਹਨ, ਮੈਂ ਉਹੀ ਸੰਸਾਰ ਨੂੰ ਦੱਸਣੇ ਹਨ।

ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ॥ ***ਚੌਪਈ***

ਮੈਂ ਚੁੱਪ ਨਹੀਂ ਕਰਨਾ। ਕਿਉਂਕਿ ਚੁੱਪ ਕਰਨਾ ਮੇਰਾ ਕੰਮ ਨਹੀਂ, ਮੈਂ ਬੋਲ ਕੇ ਦਸਣਾ ਹੈ। ਸੋ ਐਸੇ ਹਨ ਗੁਰੂ ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਦੇ ਬਾਰੇ ਅਸੀਂ ਵਿਚਾਰ ਕਰੀ

(ਬਾਕੀ ਪੰਨਾ 20 ਤੇ)

ਹਿਮਾਲੀਅਨ ਯੋਗੀ ਦਾ ਸੰਗ
(Walking With Himalayan Master)

ਡਾ. ਜਸਟਿਨ ਓਬਰਾਇਨ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

ਸਮਾਧੀ

ਸਮਾਧੀ ਦੀ ਪਹਿਲੀ ਅਵਸਥਾ ਓਦੋਂ ਹੁੰਦੀ ਹੈ ਜਦੋਂ ਤੁਸੀਂ ਸਥਿਰ ਹੋਣਾ ਸਿੱਖ ਲੈਂਦੇ ਹੋ, ਆਪਣਾ ਸਿਰ, ਗਰਦਨ ਅਤੇ ਧੜ ਇਕ ਹੀ ਲਾਈਨ ਵਿਚ ਸਿੱਧਾ ਰੱਖ ਸਕਦੇ ਹੋ ਤੇ ਸ੍ਵਾਸ ਵੀ ਸ਼ਾਂਤ ਕਰ ਲੈਂਦੇ ਹੋ ਤੇ ਆਪਣੇ ਵਿਚਾਰਾਂ ਤੇ ਕਾਬੂ ਪਾ ਲੈਂਦੇ ਹੋ, ਉਹ ਵਿਚਾਰ ਜਿਹੜੇ ਪਤਾ ਨਹੀਂ ਕਿਥੋਂ ਆਉਂਦੇ ਹਨ। ਸਾਨੂੰ ਇਨ੍ਹਾਂ ਵਿਚਾਰਾਂ ਨਾਲ ਲੜਾਈ ਨਹੀਂ ਕਰਨੀ ਚਾਹੀਦੀ, ਨਾ ਹੀ ਇਨ੍ਹਾਂ ਵਿਚਾਰਾਂ ਨੂੰ ਦਬਾਉਣਾ ਚਾਹੀਦਾ ਹੈ, ਇਨ੍ਹਾਂ ਨੂੰ ਦੇਖਣਾ ਚਾਹੀਦਾ ਹੈ, ਇਨ੍ਹਾਂ ਦਾ ਨਰੀਖਣ ਕਰਨਾ ਚਾਹੀਦਾ ਹੈ। ਇਸ ਗੱਲ ਦਾ ਫੈਸਲਾ ਕਰ ਲਓ, ਪੱਕਾ ਨਿਸ਼ਚਾ ਕਰ ਲਓ, ਚਾਹੇ ਕੁਝ ਕਿਉਂ ਨਾ ਹੋ ਜਾਵੇ, ਤੁਸੀਂ ਧਿਆਨ ਤੇ ਜ਼ਰੂਰ ਹੀ ਬੈਠੋਗੇ। ਪਹਿਲਾਂ ਪਹਿਲਾਂ ਇਸ ਤਰ੍ਹਾਂ ਕਰਨਾ ਔਖਾ ਹੋਵੇਗਾ ਪਰ ਅਭਿਆਸ ਨਾਲ ਨਿਰੰਤਰ ਅਭਿਆਸ ਬਣ ਜਾਵੇਗਾ। ਇਸ ਨਿਰੰਤਰ ਅਭਿਆਸ ਨਾਲ ਤੁਸੀਂ ਨਿਰਪੱਖ ਹੋ ਜਾਂਦੇ ਹੋ, ਅੱਡ ਹੋ ਜਾਂਦੇ ਹੋ ਤੇ ਇਸ ਅਵਸਥਾ ਤੇ ਪਹੁੰਚ ਜਾਂਦੇ ਹੋ ਜਿਥੇ ਤੁਸੀਂ ਇਕ ਦਰਸ਼ਕ ਬਣ ਜਾਂਦੇ ਹੋ, ਕਰਤਾ ਨਹੀਂ ਰਹਿੰਦੇ, ਓਦੋਂ ਹੀ ਤੁਸੀਂ ਪੂਰੀ ਤਰ੍ਹਾਂ ਨਾਲ ਸ਼ਾਤ ਹੋ ਸਕਦੇ ਹੋ, ਉਦੋਂ ਹੀ ਤੁਸੀਂ ਮਾਨਸਿਕ, ਸਰੀਰਕ ਪੱਖੋਂ ਪੂਰੀ ਤਰ੍ਹਾਂ ਨਿਸਲ ਹੋ ਕੇ ਆਰਾਮ ਕਰ ਸਕਦੇ ਹੋ।

ਆਤਮ ਅਭਿਆਸ

ਬਸੰਤ ਰੁੱਤੇ ਇਕ ਦਿਨ ਸਵਾਮੀ ਜੀ ਨੇ ਮੈਨੂੰ ਤੇ ਥਰੀਸਾ ਨੂੰ ਬੁਲਾਇਆ ਤੇ ਇਕ ਵਿਸ਼ੇਸ਼ ਅਭਿਆਸ ਕਰਨ ਨੂੰ ਕਿਹਾ, 'ਗਾਇਤ੍ਰੀ ਪੁਰਸ਼ਚਰਨ' ਮੈਂ ਕਿਹਾ ਤੁਸੀਂ ਸਾਨੂੰ ਕੇਕ ਦੇ ਰਹੇ ਹੋ।

ਸਵਾਮੀ ਜੀ ਕਹਿਣ ਲੱਗੇ, ਬਹੁਤ ਅੱਛਾ, ਤੁਸੀਂ ਰੋਜ਼ ਹੀ ਇਕੋ ਜਗ੍ਹਾ ਤੇ ਚੁੱਪ ਕਰਕੇ ਬੈਠਣਾ, ਰੋਜ਼ ਸਾਰੀ ਕਿਰਿਆ ਕਰਕੇ ਅਗਨੀ ਜਲਾ ਕੇ ਗਾਇਤ੍ਰੀ ਮੰਤਰ 124,000 ਦਾ ਜਾਪ ਤੁਸੀਂ 40 ਦਿਨਾਂ ਵਿਚ ਕਰੋ।

ਸਵਾਮੀ ਜੀ ਨੇ ਸਾਨੂੰ ਟੇਪ ਬਣਾ ਕੇ ਦਿਤੀ। ਅਸੀਂ ਉਸ ਨੂੰ ਯਾਦ ਕਰ ਲਿਆ। ਇਹ ਪੁਰਾਤਨ ਸਾਰੇ ਮੰਤਰਾਂ ਦੇ ਉਚਾਰਣ ਯਜੁਰਵੇਦ ਵਿਚ ਦਿਤੇ ਗਏ ਹਨ, ਸਵਾਮੀ ਜੀ ਨੇ ਸਾਨੂੰ ਦੱਸਿਆ ਕਿ ਸਾਡੀ ਪਰੰਪਰਾ ਵਿਚ ਇਹ ਅਭਿਆਸ ਬਹੁਤ ਜ਼ਰੂਰੀ ਹੈ। ਸਵਾਮੀ ਜੀ ਨੇ ਆਪ ਵੀ ਇਸ ਮੰਤਰ ਦਾ ਅਭਿਆਸ ਸੋਲ੍ਹਾਂ ਮਹੀਨੇ ਕੀਤਾ ਸੀ।

ਮੈਂ ਪੁਛਿਆ, "ਸਵਾਮੀ ਜੀ ਇਸ ਦਾ ਕੀ ਲਾਭ ਹੈ?"

ਸਵਾਮੀ ਜੀ ਨੇ ਉਤਰ ਦਿਤਾ, ਇਹ ਤੁਹਾਡਾ ਅੰਤਰ ਪਵਿੱਤਰ ਕਰ ਦੇਵੇਗਾ ਜਿੰਨੇ ਦਿਨ ਪਾਠ ਚਲ ਰਿਹਾ ਹੋਵੇਗਾ, ਓਨੇ ਦਿਨ ਤਾਂ ਸ਼ਾਇਦ ਤੁਸੀਂ ਥੋੜ੍ਹਾ ਉਖੜੇ ਉਖੜੇ ਰਹੋਗੇ।

ਮੈਂ ਕਿਹਾ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਕੀ ਹੋਵੇਗਾ, ਮੈਂ ਸ਼ਾਇਦ ਆਪਣੇ ਆਪ ਤੇ ਵਧੇਰੇ ਭਰੋਸਾ ਰਖਦਾ ਸੀ, ਮੈਨੂੰ ਇਸ ਮੰਤਰ ਦੀ ਸ਼ਕਤੀ ਉਦੋਂ ਪਤਾ ਲੱਗੀ ਜਦੋਂ ਮੈਂ ਆਪਣੇ ਗੁਰ ਭਾਈ ਦਾ ਲਿਖਿਆ ਲੇਖ ਇਸ ਮੰਤਰ ਤੇ ਪੜ੍ਹਿਆ ਉਹ ਹਨ, ਪੰਡਤ ਉਸ਼ਰ ਬੁੱਧ ਆਰੀਆ (ਸਵਾਮੀ ਵੇਦ ਭਾਰਤੀ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ) ਉਨ੍ਹਾਂ ਨੇ ਇਕ ਮਿਥਿਆਹਸਕ ਕਥਾ ਦੱਸੀ ਜਿਸ ਵਿਚ ਦੇਵਤੇ ਇਹ ਲੱਭਣ ਲਈ ਤਿਆਰ ਸੀ ਕਿ ਇਸ ਵਿਸ਼ਵ ਦਾ ਕੀ ਰਹੱਸ ਹੈ, ਜਦੋਂ ਉਨ੍ਹਾਂ ਨੇ ਪ੍ਰਮਾਤਮਾ ਨਾਲ ਮਿਲਾਪ ਦੀ ਮੰਗ ਕੀਤੀ ਜਦੋਂ ਸਿਰਜਨਹਾਰ ਦੇ ਦਰਸ਼ਨਾਂ ਦੀ ਖਿੱਚ ਪਈ ਤਾਂ ਉਨ੍ਹਾਂ ਨੂੰ ਗਾਇਤ੍ਰੀ ਮੰਤਰ ਦੀ ਬਖਸ਼ਿਸ਼ ਕੀਤੀ ਗਈ। ਇਸ ਮੰਤਰ ਵਿਚ ਸਾਰੇ ਗ੍ਰੰਥ ਦਾ ਗਿਆਨ ਤੇ ਇਹ ਇਕ ਤਰ੍ਹਾਂ ਨਾਲ ਸ਼ਕਤੀ ਕਵੱਚ ਹੈ ਜਿਹੜਾ ਤੁਹਾਨੂੰ ਸੁਰਖਸ਼ਿਤ ਰਖਦਾ ਹੈ। ਇਨ੍ਹਾਂ ਸ਼ਬਦਾਂ ਦਾ ਉਚਾਰਣ ਕਰਕੇ ਤੁਸੀਂ ਸ੍ਰਿਸ਼ਟੀ ਦੀ ਰਚਨਾ ਨੂੰ ਹੋਂਦ ਦੇ ਆਧਾਰ ਨੂੰ ਸਮਰਪਿਤ ਕਰਦੇ ਹੋ ਜਿਸ ਨਾਲ ਤੁਹਾਡੇ ਵਿਅਕਤੀਤ੍ਵ ਤੇ ਪ੍ਰਭਾਵ ਪੈਂਦਾ ਹੈ, ਇਨ੍ਹਾਂ ਪਵਿੱਤਰ ਸ਼ਬਦਾਂ ਦੇ ਉਚਾਰਣ ਨਾਲ ਤੁਹਾਡਾ ਅੰਦਰ ਧੋਤਾ ਜਾਂਦਾ ਹੈ ਭਾਵ ਪਵਿੱਤਰ ਹੋ ਜਾਂਦਾ ਹੈ। ਅੰਤਰ ਪਵਿੱਤਰ ਹੋਣ ਨਾਲ ਅਗਿਆਨ ਖਤਮ ਹੋ ਜਾਂਦਾ ਹੈ, ਸਰੀਰ ਦੀਆਂ ਸ਼ਕਤੀਆਂ ਸੰਗਠਨ ਹੋ ਜਾਂਦੀਆਂ ਹਨ, ਵਿਚਾਰਾਂ ਨੂੰ ਮਾਰਗ ਦਰਸ਼ਨ ਮਿਲਦਾ ਹੈ, ਵਿਹਾਰ ਨੂੰ ਅਤੇ ਇੱਛਾ ਨੂੰ ਸਭ ਨੂੰ ਮਾਰਗ ਦਰਸ਼ਨ ਮਿਲਦਾ ਹੈ। ਸਰੀਰ ਤੇ ਮਨ ਦਾ ਨਵੀਂ ਤਰ੍ਹਾਂ ਸੰਗਠਨ ਹੁੰਦਾ ਹੈ, ਗਿਆਨ ਉਭਰ ਆਉਂਦਾ ਹੈ, ਸਾਧਕ ਗਿਆਨ, ਸੂਝ ਬੂਝ ਨਾਲ ਕੰਮ ਕਰਦਾ ਹੈ, ਪੁਰਾਤਨ ਸ਼ਬਦਾਂ ਦੀ, ਮੰਤਰਾਂ ਦੀ ਗੂੰਜ ਸਰੀਰ ਵਿਚ ਮਨ ਵਿਚ ਗੂੰਜਦੀ ਰਹਿੰਦੀ ਹੈ ਤੇ ਉਸ ਦਾ ਮੇਲ ਅੰਤਰ ਆਤਮਾ ਨਾਲ ਹੋ ਜਾਂਦਾ ਹੈ, ਸ੍ਵੈ ਗਿਆਨ ਵਿਚ ਵਾਧਾ ਹੁੰਦਾ ਹੈ, ਇਸ ਤਰ੍ਹਾਂ ਹੋਣ ਨਾਲ ਤੁਸੀਂ ਪ੍ਰਕ੍ਰਿਤੀ ਨਾਲ ਇਕ ਹੋ ਕੇ ਉਸ ਸਿਰਜਨਹਾਰ ਨਾਲ ਇਕ ਹੋ ਕੇ ਇਲਾਹੀ ਧੁਨ ਸੁਣਦੇ ਹੋ।

ਮੈਨੂੰ ਬਾਅਦ ਵਿਚ ਪਤਾ ਲੱਗਾ ਸਵਾਮੀ ਜੀ ਨੇ ਇਕ ਬੀਬੀ ਨੂੰ ਗਾਇਤ੍ਰੀ ਮੰਤਰ ਦੀ ਦੀਕਸ਼ਾ ਦਿਤੀ ਸੀ ਜਿਸ ਤੇ ਮਜ਼ਹਬੀ ਲੋਕਾਂ ਨੇ ਸਵਾਮੀ ਜੀ ਤੇ ਇਤਰਾਜ਼ ਕੀਤਾ ਕਿ ਉਨ੍ਹਾਂ ਬੀਬੀ ਨੂੰ ਗਾਇਤ੍ਰੀ ਮੰਤਰ ਦੀ ਦੀਕਸ਼ਾ ਕਿਉਂ ਦਿਤੀ। ਗਾਇਤ੍ਰੀ ਮੰਤਰ ਦਾ ਉਚਾਰਣ ਬੀਬੀਆਂ ਲਈ ਮਨ੍ਹਾ ਹੈ। ਕੱਟੜ ਪੰਡਤਾਂ ਨੇ ਮਨਾ ਕੀਤਾ ਹੋਇਆ ਹੈ ਪਰ ਸਵਾਮੀ ਜੀ ਦਾ ਕਹਿਣਾ ਸੀ ਇਹ ਮੰਤਰ ਦੀ ਵਰਤੋਂ ਸਾਰਿਆਂ ਨੂੰ ਕਰਨੀ ਚਾਹੀਦੀ ਹੈ।

ਥਰੀਸਾ ਤੇ ਮੈਂ ਕੁਝ ਵੀ ਕਰਨ ਨੂੰ ਤਿਆਰ ਸੀ ਜਿਸ ਨਾਲ ਸਾਡਾ ਆਤਮ ਗਿਆਨ ਵਿਚ ਵਾਧਾ ਹੋਵੇ, ਅਸੀਂ ਘਰ ਦੇ ਦਫਤਰ ਨੂੰ ਪੂਰੀ ਤਰ੍ਹਾਂ ਠੀਕ ਕਰ ਲਿਆ, ਹਵਨ ਦਾ ਸਮਾਨ ਰੱਖ ਲਿਆ, ਹਵਨ ਸਮੱਗਰੀ ਪਾਣੀ ਫੁੱਲ ਸਭ ਕੁਝ ਇਕੱਠਾ ਕਰਕੇ ਅਸੀਂ ਗੱਦੀਆਂ ਤੇ ਬੈਠ ਗਏ ਤੇ ਸੋਚਿਆ ਕਿ ਅਸੀਂ ਜਿਸ ਸਮੇਂ ਅਭਿਆਸ ਕਰਨਾ ਹੈ, ਕੋਈ ਵੀ ਵਿਘਨ ਨਾ ਹੀ ਪਵੇ ਤਾਂ ਚੰਗਾ ਹੈ।

ਜਦੋਂ ਅਭਿਆਸ ਕਰਦਿਆਂ ਸਾਨੂੰ ਇਕ ਹਫਤਾ ਹੋ ਗਿਆ, ਦਸ ਘੰਟੇ ਅਸੀਂ ਇਕੋ ਹੀ ਤਰ੍ਹਾਂ ਬੈਠੇ ਰਹਿੰਦੇ, ਅੱਧੀ ਰਾਤ ਤੋਂ ਬਾਅਦ ਟੈਲੀਫੋਨ ਵੱਜਿਆ, ਕੀ ਤੁਸੀਂ ਇਕ ਯੋਗੀ ਨੂੰ ਕੁਝ ਦੇਰ ਆਪਣੇ ਘਰ ਰੱਖ ਸਕੋਗੇ, ਮੈਂ ਕਿਹਾ ਮੇਰਾ ਸੁਭਾਗ ਹੋਵੇਗਾ ਜੇ ਭਾਰਤ ਤੋਂ ਆਇਆ ਯੋਗੀ ਸਾਡੇ ਕੋਲ ਰਹੇਗਾ, ਅਸੀਂ ਸਵਾਮੀ ਜੀ ਨੂੰ ਭਰੋਸਾ ਦਿਵਾਇਆ ਕਿ ਅਸੀਂ ਉਨ੍ਹਾਂ ਦੀ ਪੂਰੀ ਪੂਰੀ ਸੇਵਾ ਕਰਾਂਗੇ ਭਾਵੇਂ ਐਸ ਵੇਲੇ ਮੇਰੇ ਲਈ ਹੋਰ ਕੁਝ ਕਰਨਾ ਬਹੁਤ ਹੀ ਔਖਾ ਸੀ ਫੇਰ ਵੀ ਅਸੀਂ ਕਿਹਾ, ਅਸੀਂ ਕਰਾਂਗੇ।

ਯੋਗੀ ਰਾਜ ਸਵਾਮੀ ਬੂਆ ਜਦੋਂ ਸਾਡੇ ਘਰ ਆਏ ਇਸ ਤਰ੍ਹਾਂ ਲੱਗਾ ਬੜੇ ਹੀ ਹਿੰਮਤ ਵਾਲੇ ਹਨ, ਬੜੇ ਹੀ ਨਮਰ ਹਨ, ਬੜੇ ਹੀ ਹਸਦੇ ਹਸਦੇ ਉਹ ਅੰਦਰ ਆਏ, ਵੜਦਿਆਂ ਹੀ ਉਨ੍ਹਾਂ ਨੇ ਕਿਹਾ, "ਖੁਸ਼ੀਆਂ।" ਉਹ ਬਚਪਨ ਤੋਂ ਹੀ ਲੰਗੜੇ ਸੀ ਤੇ ਕਿਹਾ ਜਾਂਦਾ ਸੀ ਉਨ੍ਹਾਂ ਦੇ ਜਨਮ ਤੋਂ ਬਾਅਦ ਬਚਣ ਦੀ ਕੋਈ ਆਸ ਨਹੀਂ ਸੀ। ਉਨ੍ਹਾਂ ਨੂੰ ਇਕ ਸਵਾਮੀ ਜੀ ਜਿਨ੍ਹਾਂ ਦਾ ਨਾਮ ਯੋਗੇਸ਼੍ਵਰ ਸੀ, ਚੁਕ ਲਿਆ ਇਨ੍ਹਾਂ ਦੀ ਸੇਵਾ ਕੀਤੀ, ਪੂਰੀ ਦੇਖਭਾਲ ਕੀਤੀ, ਜੜ੍ਹੀਆਂ ਬੂਟੀਆਂ ਦਿਤੀਆਂ। ਜਦੋਂ ਥੋੜ੍ਹੇ ਵੱਡੇ ਹੋਏ, ਯੋਗਾ ਕਰਾਇਆ ਇਨ੍ਹਾਂ ਨੂੰ ਆਦੇਸ਼ ਦਿਤਾ ਕਿ ਹੱਠ ਯੋਗ ਦਾ ਮਾਰਗ ਸਾਰਾ ਜੀਵਨ ਅਪਨਾਅ ਕੇ ਰੱਖਣ। ਇੰਨਾ ਕਹਿ ਕੇ ਉਹ ਸੰਤ ਚਲੇ ਗਏ, ਮੁੜ ਕੇ ਨਹੀਂ ਮਿਲੇ। ਸਵਾਮੀ ਬੂਆ ਨੇ ਆਪਣੇ ਗੁਰੂ ਦੇ ਸ਼ਬਦਾਂ ਨੂੰ ਕਮਾਇਆ, ਬਹੁਤ ਹੀ ਮੰਨੇ ਹੱਠ ਯੋਗ ਦੇ ਆਗੂ ਬਣੇ, ਹੁਣ ਉਹ ਪੱਛਮ ਵਿਚ ਜਾ ਕੇ ਹੱਠ ਯੋਗ ਸਿਖਾ ਰਹੇ ਸੀ ਤੇ ਨਿਊਯਾਰਕ ਵਿਚ ਆਪਣਾ ਸੈਂਟਰ ਬਣਾ ਰਹੇ ਸੀ।

ਕਹਿਣ ਲੱਗੇ ਹੁਣ ਮੈਂ ਤੁਹਾਡੇ ਲਈ ਖਾਣਾ ਬਣਾਵਾਂਗਾ, ਸਵਾਮੀ ਬੂਆ ਜਦੋਂ ਉਹ ਘਰ ਵਿਚ ਟਿਕ ਗਏ ਤੇ ਆਪਣੇ ਆਪ ਨੂੰ ਘਰ ਦਾ ਹਿੱਸਾ ਸਮਝਣ ਲਗ ਪਏ ਤਾਂ ਸਵਾਮੀ ਬੂਆ ਕਹਿਣ ਲੱਗੇ ਹੁਣ ਅਸੀਂ ਬੜੇ ਖੁਸ਼ ਹੋਏ ਕਿ ਉਹ ਸਾਨੂੰ ਪਕਾ ਕੇ ਖਿਲਾਣਾ ਚਾਹੁੰਦੇ ਹਨ, ਪਰ ਉਸ ਸਮੇਂ ਇਹ ਸਮਝ ਨਹੀਂ ਆਈ ਕਿ ਇਹ ਤਾਂ ਸਾਡੇ ਲਈ ਕੰਮ ਵਧ ਜਾਏਗਾ। ਰਸੋਈ ਦਾ ਹਰ ਭਾਡਾਂ ਉਨ੍ਹਾਂ ਨੇ ਵਰਤਿਆ, ਰਸੋਈ ਦੀਆਂ ਸਾਰੀਆਂ ਕੰਧਾਂ ਸਾਰੀ ਛੱਤ ਹਲਦੀ ਨਾਲ ਰੰਗੀ ਗਈ ਸੀ, ਸਾਰੇ ਝਾੜਨ ਥਿੰਦੇ ਹੋ ਗਏ ਸੀ ਤੇ ਹਲਦੀ ਨਾਲ ਰੰਗੇ ਗਏ ਸੀ। ਸਵਾਮੀ ਬੂਆ ਲਈ ਖਾਣਾ ਤਿਆਰ ਕਰਨਾ ਇਕ ਮਨੋਵੇਗ ਸੀ, ਅਸੀਂ ਸੋਚਿਆ ਅਸੀਂ ਨੇੜੇ ਤੋਂ ਹੀ ਸਾਮਾਨ ਲੈ ਆਉਂਦੇ ਹਾਂ, ਸਵਾਮੀ ਜੀ ਘਿਉ ਦੀ ਵਰਤੋਂ ਬਹੁਤ ਹੀ ਕਰਦੇ ਸੀ। ਅਸੀਂ ਰੋਜ਼ ਹੀ ਵੱਡੀ ਮਾਰਕਿਟ ਜਾਂਦੇ ਜਿਥੋਂ ਉਹ ਸਬਜ਼ੀਆਂ ਦੀ ਟੋਕਰੀ ਭਰਦੇ, ਚਾਵਲ ਆਈਸ ਕਰੀਮ, ਦੁੱਧ ਤੇ ਕਿਲੋਆਂ ਦੇ ਹਿਸਾਬ ਮੱਖਣ ਲੈਂਦੇ।

ਕਿਉਂਕਿ ਸਵਾਮੀ ਜੀ ਨੇ ਸਵਾਮੀ ਬੂਆ ਨੂੰ ਭੇਜਿਆ ਸੀ ਅਸੀਂ ਤਾਂ ਉਨ੍ਹਾਂ ਨੂੰ ਜੀ ਆਇਆ ਕਹਿਣਾ ਹੀ ਸੀ। ਅਸੀਂ ਉਨ੍ਹਾਂ ਨਾਲ ਖੁਸ਼ ਸੀ ਪਰ ਸਾਡਾ ਕੁੱਤਾ ਉਨ੍ਹਾਂ ਨੂੰ ਬਿਲਕੁਲ ਵੀ ਪਸੰਦ ਨਹੀਂ ਸੀ ਕਰਦਾ, ਉਹ ਇਨ੍ਹਾਂ ਨੂੰ ਬੜੀ ਸ਼ੱਕ ਦੀ ਨਿਗ੍ਹਾ ਨਾਲ ਦੇਖਦਾ। ਉਹ ਸਦਾ ਇਨ੍ਹਾਂ ਨੂੰ ਭੌਂਕਣ ਲਈ ਤੇ ਮੂੰਹ ਪਾਣ ਲਈ ਤਿਆਰ ਰਹਿੰਦਾ, ਸਵਾਮੀ ਬੂਆ ਵੀ ਕੁੱਤੇ ਨੂੰ ਨਹੀਂ ਸੀ ਠੀਕ ਸਮਝਦੇ, ਸੋ ਸਾਨੂੰ ਕੁੱਤਾ ਤੇ ਸਵਾਮੀ ਜੀ ਵੱਖ ਵੱਖ ਹੀ ਰਖਣੇ ਪੈਂਦੇ।

ਸਵਾਮੀ ਬੂਆ ਛੇਤੀ ਹੀ ਸਾਨੂੰ ਬਾਰ-ਬਾਰ ਖਾਣ ਲਈ ਕਹਿਣ ਤੋਂ ਤੰਗ ਹੋ ਗਏ, ਉਹ ਕਹਿਣ, ਅਸੀਂ ਹੋਰ ਖਾਈਏ ਹੋਰ ਸਾਡੇ ਕੋਲੋਂ ਖਾਧਾ ਨਾ ਜਾਏ। ਸੋ ਅਸੀਂ ਸੋਚਿਆ ਅਸੀਂ ਬਾਕੀ ਦਾ ਖਾਣਾ ਸੈਂਟਰ ਲੈ ਚਲੀਏ, ਅਸੀਂ ਡੱਬਿਆਂ ਵਿਚ ਪਾਇਆ, ਕਾਰ ਵਿਚ ਬੈਠੇ ਤੇ ਸੈਂਟਰ ਲੈ ਗਏ। ਉਥੇ ਲੋਕ ਬਹੁਤ ਖੁਸ਼ ਹੋਏ। ਉਨ੍ਹਾਂ ਨੂੰ ਲਗਾ ਕੇ ਸਵਾਮੀ ਬੂਆ ਨੇ ਉਨ੍ਹਾਂ ਲਈ ਹੀ ਖਾਣਾ ਬਣਾਇਆ ਸੀ। ਥਰੀਸਾ ਦਾ ਸਮਾਂ ਰਸੋਈ ਸਾਫ ਕਰਨ ਵਿਚ, ਸਵਾਮੀ ਬੂਆ ਦੇ ਕਪੜੇ ਧੋ ਕੇ ਪ੍ਰੈਸ ਕਰਨ ਵਿਚ ਲਗ ਜਾਂਦਾ। ਉਨ੍ਹਾਂ ਦਾ ਕਮਰਾ ਸਾਫ ਕਰਨਾ ਚੀਜ਼ਾਂ ਸੰਭਾਲਣੀਆਂ, ਇਸ ਤਰ੍ਹਾਂ ਥਰੀਸਾ ਨੂੰ ਅਭਿਆਸ ਦਾ ਸਮਾਂ ਬਿਲਕੁਲ ਨਾ ਮਿਲਦਾ।

ਸਵਾਮੀ ਬੂਆ ਨੂੰ ਸਵਾਮੀ ਰਾਮ ਜੀ ਨੇ ਸਪੈਸ਼ਲ, ਕਲਾਸਾਂ ਲੈਣ ਲਈ ਸੈਂਟਰ ਬੁਲਾਇਆ। ਇਕ ਕਲਾਸ 'ਧੋਤੀ' (ਯੋਗਾ ਦੇ ਅਭਿਆਸ ਜਿਸ ਵਿਚ ਪਤਲੇ ਕਪੜੇ ਦੀ ਪੱਟੀ ਪਹਿਲਾ ਅੰਦਰ ਲੈ ਕੇ ਜਾਂਦੇ ਹਨ ਫੇਰ ਬਾਹਰ ਕੱਢੀ ਜਾਂਦੀ ਹੈ, ਪੇਟ ਦੀ ਸਫਾਈ ਨਾਲ ਕੀਤੀ ਜਾਂਦੀ ਹੈ ਅੰਦਰੋਂ ਸਾਰੀ ਬਲਗਮ ਆਦਿ ਹੋਰ ਸਭ ਸਾਫ ਕੀਤਾ ਜਾਂਦਾ ਹੈ। ਇਕ ਕਪੜਾ ਬਿਲਕੁਲ ਠੀਕ ਹੋਣਾ ਚਾਹੀਦਾ ਹੈ, ਨਾ ਬਹੁਤ ਪਤਲਾ, ਨਾ ਮੋਟਾ, ਨਾ ਖਰਵਾ, ਬਹੁਤ ਕਮਜ਼ੋਰ ਵੀ ਨਹੀਂ ਹੋਣਾ ਚਾਹੀਦਾ, ਬਹੁਤ ਵਿਰਲਾ ਨਹੀਂ ਹੋਣਾ ਚਾਹੀਦਾ

ਤਾਂ ਜੋ ਇਸ ਦੇ ਧਾਗੇ ਨਿਕਲ ਜਾਣ। ਥਰੀਸਾ ਇਸ ਤਰ੍ਹਾਂ ਦਾ ਕਪੜਾ ਲੱਭਣ ਵਿਚ ਥੱਕ ਗਈ। ਹਾਰ ਕਿ ਉਸ ਨੇ ਗੁਰੂਦੇਵ ਨੂੰ ਪੁਛਿਆ ਕੀ ਕਰਨਾ ਹੈ। ਸਵਾਮੀ ਜੀ ਨੇ ਉਸ ਨੂੰ ਕਿਹਾ ਕਿ ਉਨ੍ਹਾਂ ਦੀ ਧੋਤੀ ਦੀਆਂ ਲੰਬੀਆਂ ਪੱਟੀਆਂ ਬਣਾ ਦਿਓ।

ਦੂਸਰੇ ਦਿਨ ਸਵੇਰੇ ਕਲਾਸ ਦਾ ਕਮਰਾ ਭਰਿਆ ਹੋਇਆ ਸੀ, ਸਾਰੇ ਉਹ ਪੱਟੀਆਂ ਨੂੰ ਮੂੰਹ ਰਾਹੀਂ ਅੰਦਰ ਲੈ ਕੇ ਜਾਣ ਦੀ ਕੋਸ਼ਿਸ਼ ਕਰ ਰਹੇ ਸੀ, ਕੁਝ ਸ਼ਿਸ਼ ਦੋ ਤਿੰਨ ਇੰਚ ਅੰਦਰ ਲੈ ਗਏ। ਸਵਾਮੀ ਬੂਆ ਕਲਾਸ ਵਿਚ ਚੱਕਰ ਲਗਾ ਰਹੇ ਸੀ ਸ਼ਿਸ਼ਾਂ ਨੂੰ ਹੱਲਾ ਸ਼ੇਰੀ ਦੇ ਰਹੇ ਸੀ ਤੇ ਕਹਿ ਰਹੇ ਸੀ।

ਤੁਸੀਂ ਹੈਮ-ਬਰਗਰ ਖਾਂਦੇ ਹੋ, ਤੁਸੀਂ ਆਈਸ ਕਰੀਮ ਖਾਂਦੇ ਹੋ, ਧੋਤੀ ਕਿਉਂ ਨਹੀਂ ਖਾ ਸਕਦੇ ?

ਅਨੇਕਾਂ ਬਾਧਿਆ ਦੇ ਹੁੰਦਿਆਂ, ਕੁੱਤੇ ਨੂੰ ਇਕ ਪਾਸੇ ਰਖਦਿਆਂ, ਅਨੇਕਾਂ ਟੈਲੀਫੋਨਾਂ ਦਾ ਜਵਾਬ ਦੇਂਦਿਔ, ਯੋਗੀ ਜੀ ਦੇ ਕਈ ਟੈਲੀਫੋਨ ਆਉਣ ਦੇ ਬਾਅਦ ਵੀ ਮੈਂ ਆਪਣਾ ਅਧਿਆਤਮਕ ਅਭਿਆਸ ਪੂਰਾ ਕਰ ਹੀ ਲਿਆ। ਇਹ ਮੈਂ ਤਾਂ ਕਰ ਸਕਿਆ ਕਿਉਂਕਿ ਥਰੀਸਾ ਮੈਨੂੰ ਕਮਰੇ ਵਿਚ ਬੰਦ ਕਰ ਦਿੰਦੀ ਸੀ ਤੇ ਉਹ ਕਹਿੰਦੇ ਕਿ ਸਾਡੇ ਵਿਚੋਂ ਇਕ ਤਾਂ ਸਵਾਮੀ ਜੀ ਦਾ ਦਿਤਾ ਅਭਿਆਸ ਪੂਰਾ ਕਰ ਲਵੇ। ਥਰੀਸਾ ਯੋਗੀ ਜੀ ਦਾ ਧਿਆਨ ਰਖਦੀ।

ਜਦੋਂ ਅਸੀਂ ਇਹ ਸਾਰੀ ਰਿਪੋਰਟ ਸਵਾਮੀ ਜੀ ਨੂੰ ਦਿਤੀ ਉਹ ਬਹੁਤ ਹੱਸੇ ਤੇ ਕਹਿਣ ਲੱਗੇ, ਮੈਨੂੰ ਵੀ ਗੁਰੂਦੇਵ ਨੇ ਇਹ ਅਭਿਆਸ ਕਰਨ ਨੂੰ ਕਿਹਾ ਸੀ। ਜਦੋਂ ਅਭਿਆਸ ਪੂਰਾ ਹੋਣ ਲੱਗਾ, ਸਵਾਮੀ ਜੀ ਨੇ ਤੋੜ ਦਿਤਾ, ਅਤੇ ਉਨ੍ਹਾਂ ਨੂੰ ਮੁਢੋ ਸੁਢੋ ਕਰਨਾ ਪਿਆ। ਜਦੋਂ ਸਵਾਮੀ ਜੀ ਨੇ ਇਹ ਦੱਸਿਆ ਮੈਨੂੰ ਚੰਗਾ ਲੱਗਾ। ਮੈਨੂੰ ਲੱਗਾ ਮੈਂ ਤਾਂ ਪੂਰਾ ਕਰ ਲਿਆ ਹੈ ਪਰ ਇਹ ਮੈਨੂੰ ਜ਼ਰੂਰ ਬੁਰਾ ਲੱਗਾ ਕਿ ਸਾਡੇ ਵਿਚੋਂ ਇਕ ਹੀ ਕਰ ਸਕਿਆ, ਥਰੀਸਾ ਨਹੀਂ ਕਰ ਸਕੀ।

ਸਵਾਮੀ ਜੀ ਕਹਿਣ ਲੱਗੇ ਚਿੰਤਾ ਨਾ ਕਰੋ, ਤੈਨੂੰ ਪਤਾ ਨਹੀਂ ਇਹ ਕੌਣ ਹੈ, ਇਸ ਨੂੰ ਹਰੇਕ ਚੀਜ਼ ਦਾ ਲਾਭ ਮਿਲੇਗਾ ਸਵਾਮੀ ਜੀ ਨੇ ਬੜੇ ਪਿਆਰ ਨਾਲ ਥਰੀਸਾ ਵਲ ਦੇਖਿਆ ਤੇ ਕਿਹਾ।

ਥੋੜ੍ਹੇ ਦਿਨਾਂ ਬਾਅਦ ਅਸੀਂ ਰਾਤ ਨੂੰ ਟੈਲੀਫੋਨ ਖੜ੍ਹਕਿਆ। ਮੈਂ ਚੁੱਕਿਆ, ਕੀ ਤੁਸੀਂ ਆਪਣਾ ਘਰ ਦੇ ਸਕਦੇ ਹੋ ? ਇਹ ਸਵਾਮੀ ਜੀ ਕਹਿ ਰਹੇ ਸੀ।

ਮਿਨਿਸੌਟਾ ਤੋਂ ਇਕ ਜੋੜਾ ਆਇਆ ਸੀ। ਉਨ੍ਹਾਂ ਨੂੰ ਰਹਿਣ ਨੂੰ ਕੋਈ ਜਗ੍ਹਾ ਨਹੀਂ ਮਿਲ ਰਹੀ ਸੀ, ਉਹ ਸ਼ਾਦੀ ਸ਼ੁਦਾ ਨਹੀਂ ਸੀ। ਕੋਈ ਵੀ ਉਨ੍ਹਾਂ ਘਰ ਦੇਣ ਨੂੰ ਤਿਆਰ ਨਹੀਂ ਸੀ। ਅਸੀਂ ਉਨ੍ਹਾਂ ਘਰ ਦੇ ਦਿਤਾ। ਅਸੀਂ ਦੂਸਰਾ ਫਲੈਟ ਲੱਭ ਲਿਆ। ਘਰ ਛੱਡਣ ਤੋਂ ਭਾਵ ਇਹ ਇਹ ਹੋ ਗਿਆ ਕਿ ਸਾਨੂੰ ਕੁੱਤਾ ਵੀ ਛੱਡਣਾ ਪਿਆ। ਉਸ ਗੱਲ ਦਾ ਬਹੁਤ ਦੁਖ ਹੋਇਆ। ਕੁੱਤਾ ਕਦੀ ਵੀ ਆਪਣੇ ਆਪ ਨੂੰ ਕੁੱਤਾ ਨਹੀਂ ਸੀ ਮੰਨਦਾ, ਉਹ ਤਾਂ ਬੰਦਾ ਹੀ ਸਮਝਦਾ ਸੀ, ਉਹ ਸਭ ਕੁਝ ਖਾਂਦਾ ਸੀ, ਜੋ ਵੀ ਅਸੀਂ ਕਰਦੇ ਉਹ ਕਰਦਾ ਸੀ। ਅਸੀਂ ਆਪਣਾ ਕੁੱਤਾ ਇਕ ਫਾਰਮ ਹਾਊਸ ਵਾਲਿਆਂ ਨੂੰ ਦਿਤਾ, ਜਿਨ੍ਹਾਂ ਦੇ ਚਾਰ ਬੱਚੇ ਸੀ। ਕੁੱਤੇ ਨੇ ਪਹਿਲੀ ਰਾਤ ਹੀ ਮਾਲਕ ਦੇ ਨਕਲੀ ਦੰਦ ਖਾ ਲਏ।

ਕੀ ਤੁਸੀਂ ਇਕ ਹੋਰ ਯੋਗੀ ਘਰ ਰੱਖ ਸਕੋਗੇ ? ਇਹ ਸਵਾਮੀ ਜੀ ਦਾ ਤੀਸਰਾ ਹੁਕਮ ਸੀ। ਸਵਾਮੀ ਜੀ ਨੇ ਮੇਰਾ ਚਿਹਰਾ ਜ਼ਰੂਰ ਦੇਖ ਲਿਆ ਹੋਵੇਗਾ। ਕਹਿਣ ਲੱਗੇ ਇਹ ਥੋੜ੍ਹੇ ਦਿਨਾਂ ਲਈ ਹੋਵੇਗਾ।

ਪਹਿਲੇ ਯੋਗੀ ਨਾਲੋਂ ਬਹੁਤ ਹੀ ਫਰਕ ਸੀ ਸੋਚਿਆ ਵੀ ਨਹੀਂ ਜਾ ਸਕਦਾ, ਲੰਮਬਾਕੀ ਯੋਗੀ ਰਾਮਾਨੰਦ ਉਮਰ 67 ਸਾਲ, ਇਹ ਆਏ ਬੂਹੇ ਤੇ ਖੜ੍ਹੇ ਹਨ, ਬੜੀ ਝਿਜਕ ਹੈ ਇਨ੍ਹਾਂ ਦੇ ਅੰਦਰ। ਕੋਈ ਪੰਜ ਫੁੱਟ ਕੱਦ ਇਨ੍ਹਾਂ ਦਾ, ਪਤਲੇ ਦੁਬਲੇ, ਬੜੇ ਹੀ ਸੁਹਿਰਦ, ਸ਼ਰਮਾਕਲ ਸੁਭਾਅ। ਉਨ੍ਹਾਂ ਦੇ ਸਰੀਰ ਤੋਂ ਉਹ ਦੁਰਬਲ ਲਗਦੇ ਸੀ ਪਰ ਉਹ ਸ਼ਕਤੀਸ਼ਾਲੀ ਸਰੀਰਕ ਪੱਖੋਂ ਵੀ ਕਾਫੀ ਤਾਕਤਵਰ ਤੇ ਆਪਣੇ ਤੇ ਪੂਰਾ ਨਿਅੰਤਰਣ ਸੀ ਉਨ੍ਹਾਂ ਦਾ। ਆਪੇ ਵਿਚ ਰਹਿਣ ਵਾਲੇ। ਜਿਥੇ ਅਸੀਂ ਉਨ੍ਹਾਂ ਦੀ ਜਗ੍ਹਾ ਬਣਾਈ ਉਹ ਉਥੇ ਹੀ ਰਹਿੰਦੇ, ਸੌਣ ਲਈ ਉਨ੍ਹਾਂ ਨੇ ਦਰੀ ਬਿਛਾਈ, ਇਕ ਪਾਸੇ ਆਪਣੇ ਕਪੜੇ ਰੱਖੇ, ਇਕ ਪਾਸੇ ਕਿਤਾਬਾਂ। ਸਾਨੂੰ ਪਤਾ ਹੀ ਨਹੀਂ ਸੀ ਕਿ ਸਵਾਮੀ ਜੀ ਹਨ ਕਿ ਨਹੀਂ। ਸ਼ਾਦੀ ਸੁਦਾ ਸੀ ਤਿੰਨ ਬੱਚੇ ਸੀ ਇਨ੍ਹਾਂ ਦੇ। ਇਨ੍ਹਾਂ ਨੇ ਸਾਰਾ ਜੀਵਨ ਸਰੀਰ ਤੇ ਕਾਬੂ ਪਾਉਣ ਤੇ ਲਗਾ ਦਿਤਾ ਸੀ।

ਜਦੋਂ ਇਹ ਯੋਗੀ ਅਮਰੀਕਾ ਸੀ ਮੇਰਾ ਦੋਸਤ ਉਲਫੋ ਸਮਿਲ ਜਿਹੜਾ ਫਿਜ਼ਿਕਸ਼ ਦਾ ਪ੍ਰੋਫੈਸਰ ਸੀ, ਮਿਨਿਸੋਟਾ ਵਿਸ਼ਵ ਵਿਦਿਆਲੇ ਵਿਚ ਸੀ। ਯੋਗੀ ਨੇ ਆਪਣੇ ਆਲੇ ਦੁਆਲੇ 3/8 ਇੰਚ ਦੀ ਸੰਗਲੀ ਪਾਈ ਹੋਈ ਸੀ ਜਿਹੜੀ ਪਾਗਲ ਹਾਥੀਆਂ ਨੂੰ ਬੰਨਣ ਲਈ ਵਰਤਦੇ ਹਨ। ਸਵਾਮੀ ਰਾਮਾਨੰਦ ਨੇ ਸੁਆਸਾਂ ਤੇ ਨਿਅੰਤਰ ਕਰਕੇ, ਉਹ ਸੰਗਲੀ ਤੋੜ ਦਿਤੀ। ਉਸ ਸੰਗਲੀ ਦੇ ਸਾਰੇ ਜੋੜ ਟੁੱਟ ਗਏ, ਸਾਰੇ ਬੜੇ ਹੀ ਹੈਰਾਨ ਹੋਏ।

ਉਹ ਪੱਤਿਆਂ ਨਾਲ ਵੀ ਅਭਿਆਸ ਕਰਦੇ ਸੀ। ਪੱਤਿਆਂ ਨੂੰ ਉਂਗਲੀਆਂ ਤੇ ਲਪੇਟ ਕੇ ਕਟਦੇ ਸੀ, ਉਨ੍ਹਾਂ ਦੀ ਸ਼ਕਤੀ ਨਾਲ ਪੱਤੇ ਕਟਦਿਆਂ ਕਟਦਿਆਂ ਬਹੁਤ ਦੂਰ ਦੂਰ ਤਕ ਉਡ ਜਾਂਦੇ ਸੀ। ਭਾਰਤ ਵਿਚ ਉਹ ਧਰਤੀ ਦੇ ਹੇਠਾਂ ਇਕ ਮਹੀਨਾ ਰਹੇ ਜਿਥੇ ਕੋਈ ਆਕਸੀਜਨ ਨਹੀਂ ਸੀ। ਉਨ੍ਹਾਂ ਦਾ ਅੰਤਰ ਬੜੀ ਚੰਗੀ ਤਰ੍ਹਾਂ ਦੇਖਿਆ ਜਾਂਦਾ ਸੀ। ਸਵਾਮੀ ਰਮ ਜੀ ਦੀ ਤਰ੍ਹਾਂ ਇਹ ਵੀ ਆਪਣੇ ਸਰੀਰ ਦੇ ਉਹ ਭਾਗ ਜਿਨ੍ਹਾਂ ਤੇ ਆਮ ਮਨੁੱਖ ਦਾ ਕੋਈ ਕੰਟਰੋਲ ਨਹੀਂ ਉਨ੍ਹਾਂ ਨੂੰ ਕੰਟਰੋਲ ਕਰ ਲੈਂਦੇ ਸੀ, ਭਾਵ ਦਿਲ ਦੀ ਧੜਕਣ

ਸ੍ਵਾਸ, ਨੀਂਦ ਇਹ ਗੱਲਾਂ ਆਮ ਆਦਮੀ ਦੇ ਵਸ ਨਹੀਂ।

ਇਕ ਦਿਨ ਸਵੇਰੇ ਮੈਂ ਆਪਣੇ ਕਮਰੇ ਵਿਚੋਂ ਆਇਆ। ਰਾਮਾਨੰਦ ਜੀ ਆਪਣੀ ਕਸਰਤ ਸ਼ੁਰੂ ਕਰਨ ਲੱਗੇ ਸੀ। ਮੈਂ ਕਿਹਾ, ਮੈਂ ਤੁਹਾਡੇ ਨਾਲ ਬੈਠ ਜਾਵਾਂ? ਕਹਿਣ ਲੱਗੇ ਜ਼ਰੂਰ।

ਰਾਮਾਨੰਦ ਜੀ ਕਹਿਣ ਲੱਗੇ ਮੇਰੇ ਨਾਲ ਲੇਟ ਜਾਓ, ਅਸੀਂ ਇਕੱਠੇ ਹੀ ਕਰਾਂਗੇ। ਅਸੀਂ ਅਜੇ 30 ਊਠਕ ਬੈਠਕ ਕੀਤੇ ਹੋਣੇ ਹਨ ਕਿ ਮੈਂ ਕਿਹਾ ਬੱਸ ਮੈਂ ਤਾਂ ਹੋਰ ਨਹੀਂ ਕਰ ਸਕਦਾ। ਮੈਂ ਦੇਖਿਆ, ਰਾਮਾਨੰਦ ਜੀ ਨੇ ਇਕ ਹਜ਼ਾਰ ਕਰ ਲਈਆਂ ਤੇ ਫੇਰ ਮੁਸਕਰਾਉਂਦੇ ਹੋਏ ਖੜ੍ਹੇ ਹੋ ਗਏ।

ਹੁਣ ਮੈਂ ਤਿਆਰ ਹੋ ਗਿਆ ਹਾਂ। ਹਾਂ, ਅੱਗੋਂ ਕੀ ਕਰਨਾ ਹੈ। ਮੈਂ ਤਾਂ ਇਹ ਕਹਿ ਕੇ ਆ ਗਿਆ ਕਿ ਮੇਰੀ ਮੀਟਿੰਗ ਹੈ ਪਰ ਮੈਂ ਹੈਰਾਨ ਸੀ ਕਿ 108 ਪੌਂਡ ਦਾ ਇਹ ਬਜ਼ੁਰਗ ਐਨੀ ਤਾਕਤ ਕਿਥੇ ਛੁਪਾ ਕੇ ਬੈਠਾ ਹੈ।

ਇਕ ਦਿਨ ਕਲਾਸ ਤੋਂ ਮੈਂ ਘਰ ਆਇਆ। ਮੈਂ ਦੇਖਿਆ ਯੋਗੀ ਜੀ ਹੈ ਹੀ ਨਹੀਂ। ਮੈਂ ਸੀਸ਼ੇ ਦਾ ਬੂਹਾ ਦੇਖਿਆ, ਖੁਲ੍ਹਾ ਪਿਆ ਸੀ। ਮੈਨੂੰ ਚਿੰਤਾ ਹੋ ਗਈ ਮੈਂ ਕਿਹਾ ਕਿ ਇਨ੍ਹਾਂ ਨੂੰ ਤਾਂ ਆਂਢੇ ਗੁਆਂਢੇ ਜਾਣਦਾ ਵੀ ਨਹੀਂ। ਐਨ ਉਸੇ ਸਮੇਂ ਬੂਹੇ ਦੀ ਘੰਟੀ ਵੱਜੀ, ਯੋਗੀ ਰਾਮਾਨੰਦ ਬੂਹੇ ਤੇ ਬੜੇ ਸ਼ਰਮਿੰਦੇ ਜਿਹੇ ਖੜ੍ਹੇ ਸੀ। ਉਨ੍ਹਾਂ ਦੇ ਸੱਜੇ ਖੱਬੇ ਦੋ ਗਲੈਨਵਿਊ ਦੇ ਸਿਪਾਹੀ ਖੜ੍ਹੇ ਸੀ।

ਇਹ ਤੁਹਾਡੇ ਘਰ ਰਹਿੰਦੇ ਹਨ, ਸਿਪਾਹੀ ਪੁੱਛਣ ਲੱਗਾ, ਤੁਸੀਂ ਸ੍ਰੀ ਜਸਟਿਨ ਹੋ? ਮੈਂ ਉਨ੍ਹਾਂ ਨੂੰ ਦੱਸਿਆ ਕਿ ਯੋਗੀ ਜੀ ਮੇਰੇ ਖਾਸ ਮਹਿਮਾਨ ਹਨ, ਭਾਰਤ ਤੋਂ ਤੇ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੇ ਆਪ ਹੀ ਬਾਹਰ ਨਾ ਜਾਣ। ਪੁਲਿਸ ਨੇ ਉਨ੍ਹਾਂ ਨੂੰ ਨੰਗੇ ਪੈਰ ਕੇਵਲ ਇਕ ਕਮੀਜ਼ ਪਾਈ ਹੋਈ, ਹਵਾ ਚਲਦੀ, ਪਤਲਾ ਦੁਬਲਾ ਸਰੀਰ, ਪੁਲਿਸ ਨੂੰ ਤਾਂ ਇਕ ਭੂਤ ਦੀ ਸ਼ਕਲ ਹੀ ਲੱਗੀ, ਜਦੋਂ ਪੁਲਿਸ ਨੇ ਗਾਡੀ ਰਾਹ ਤੇ ਟਰੈਫਿਕ ਜੈਮ ਵਿਚ ਉਨ੍ਹਾਂ ਨੂੰ ਫੜਿਆ ਤਾਂ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਨੇ ਕਿਥੇ ਜਾਣਾ, ਉਹ ਪੁਲਿਸ ਨੂੰ ਨਾਲ ਲੈ ਕੇ ਘਰ ਆਏ।

ਜਸਟਿਨ, ਮੈਨੂੰ ਥੋੜ੍ਹੀ ਛੁੱਟੀ ਚਾਹੀਦੀ ਸੀ। ਮੈਂ ਸਾਰਿਆਂ ਨੂੰ ਦਸਿਆ ਪਰ ਕੁਝ ਨਹੀਂ ਹੋਇਆ।

ਸਵਾਮੀ ਜੀ ਦਾ ਭੋਲਾਪਣ ਐਨਾ ਪਿਆਰਾ ਸੀ ਕਿ ਉਨ੍ਹਾਂ ਤੇ ਪਿਆਰ ਆ ਜਾਂਦਾ ਸੀ ਤੇ ਤੁਸੀਂ ਉਨ੍ਹਾਂ ਨੂੰ ਬੱਚਿਆਂ ਦੀ ਤਰ੍ਹਾਂ ਸ਼ਰਨ ਵਿਚ ਲੈਣਾ ਲੋਚਦੇ। ਇਕ ਵਾਰੀ ਥਰੀਸਾ ਨੇ ਫਰਿਜ ਵਿਚ ਇਕ ਪੈਕਟ ਦੇਖਿਆ, ਖੋਲ੍ਹਿਆ ਤੇ ਮਿਟੀ ਪਈ ਸੀ, ਯੋਗੀ ਆਏ ਤੇ ਕਹਿਣ ਲੱਗੇ, ਮੈਂ ਸਾਰਾ ਰਾਹ ਸਾਫ ਕੀਤਾ ਤੇ ਮਿੱਟੀ ਇਥੇ ਰੱਖ ਦਿਤੀ। ਰੋਜ਼ ਸ਼ਾਮ ਯੋਗੀ ਆਪਣੀਆਂ ਪਲੇਟਾਂ ਟੱਬ ਵਿਚ ਰੱਖ ਦਿੰਦੇ। ਜਦੋਂ ਨਹਾਉਂਦੇ ਨਾਲ ਹੀ ਪਲੇਟਾਂ ਧੋਂਦੇ। ਬੜੀ ਵਾਰੀ ਉਨ੍ਹਾਂ ਨੂੰ ਸਮਝਾਇਆ ਕਿ ਰਸੋਈ ਦੇ ਨਲਕੇ ਕਿਵੇਂ ਵਰਤਣੇ ਹਨ ਪਰ ਉਹ ਕਹਿਣ ਲੱਗੇ ਮੈਂ ਫਾਲਤੂ ਪਾਣੀ ਨਹੀਂ ਵਰਤਣਾ, ਮੈਂ ਨਾਹੁਣ ਦੇ ਨਾਲ ਹੀ ਪਲੇਟਾਂ ਧੋਣੀਆਂ ਹਨ। ਉਸ ਨਾਲ ਕਿੰਨਾ ਗੰਦ ਪੈਂਦਾ ਹੈ, ਸਾਰਾ ਟੱਬ ਸਾਫ ਕਰਨਾ ਪੈਂਦਾ ਹੈ ਪਰ ਉਹ ਤਾਂ ਆਪਣੇ ਸਰੀਰ ਦੀ ਸਫਾਈ ਤੇ ਭਾਂਡਿਆਂ ਦੀ ਸਫਾਈ ਇਕੱਠੀ ਹੀ ਕਰਨੀ ਚਾਹੁੰਦੇ ਸੀ।

ਇਕ ਮਹੀਨੇ ਬਾਅਦ ਰਾਮਾਨੰਦ ਜੀ ਭਾਰਤ ਆ ਗਏ। ਅਸੀਂ ਆਪਣੀ ਬੈਠਕ ਦਾ ਸੋਫਾ ਖਿਸਕਾਇਆ ਤਾਂ ਪੱਤਿਆਂ ਦੇ ਗੁਛੇ ਬਣੇ ਹੋਏ ਨਿਕਲੇ ਤੇ ਮਿੱਟੀ ਦੀ ਚੱਕੀ ਬਣੀ ਨਿਕਲੀ ਇਹ ਸਾਡਾ ਮਹਿਮਾਨ ਸਾਡੇ ਲਈ ਛੱਡ ਕੇ ਗਿਆ ਸੀ।

ਅਧਿਆਪਕਾਂ ਦੀ ਕਾਨਫਰੰਸ

ਹਿਮਾਲੀਅਨ ਇੰਸਟੀਚਿਊਟ ਵਿਚ ਤਿੰਨ ਹਜ਼ਾਰ ਲੋਕੀ ਅੰਤਰ-ਰਾਸ਼ਟਰੀ ਯੋਗਾ ਕਾਨਫਰੰਸ ਤੇ ਮੈਡੀਟੇਸ਼ਨ ਕਾਨਫਰੰਸ ਲਈ ਆਏ। ਹਾਲ ਪੂਰਾ ਭਰ ਗਿਆ, ਲੋਕਾਂ ਵਿਚ ਉਤਸ਼ਾਹ ਸੀ ਉਮੀਦਾਂ ਸੀ।

ਪੁਰਾਣੇ ਸਮੇਂ ਦੇ ਨਾਮ ਹੇਠਾਂ ਨਵੇਂ ਸਾਧਕ ਵੀ ਜੁੜੇ, ਇਹ ਨਵੇਂ ਸਾਧਕ ਸਲਾਹੁਣ ਲਈ ਇਕੱਠੇ ਹੋਏ ਸੀ। ਉਤਰੀ ਅਮਰੀਕਾ ਤੋਂ ਲੋਕੀ ਚਾਰ ਦਿਨ ਲਈ ਇਕੱਠੇ ਹੋਏ। ਉਹ ਅਧਿਆਤਮਵਾਦ ਦੇ ਅਰਥ ਸਮਝਣੇ ਚਾਹੁੰਦੇ ਸੀ, ਸੰਪੂਰਨ ਸਿਹਤ ਸੰਪੂਰਨ ਅਰੋਗਤਾ ਬਾਰੇ ਸਿੱਖਣਾ ਚਾਹੁੰਦੇ ਸੀ।

ਅਸੀਂ ਮਹੀਨਿਆਂ ਬੱਧੀ ਏਸ ਕਾਨਫਰੰਸ ਲਈ ਕੰਮ ਕੀਤਾ, ਰੋਜ਼ ਰਾਤ ਨੂੰ ਬੈਠਣਾ, ਬੁਲਾਰਿਆਂ ਦਾ ਫੈਸਲਾ ਕਰਨਾ, ਪ੍ਰੋਗਰਾਮ ਬਣਾਉਣਾ, ਸਾਰੇ ਸਟਾਫ ਨੂੰ ਇਕੱਠੇ ਕਰਨਾ, ਇਕੱਠੇ ਹੋ ਕੇ ਕੰਮ ਕਰਨਾ ਸਿਖਣਾ, ਹਰ ਇਕ ਦੇ ਗੁਣਾਂ ਪ੍ਰਤੀ ਜਾਣੂ ਹੋਣਾ, ਸਵਾਮੀ ਜੀ ਸਭ ਤੋਂ ਉਚੇ ਯੋਗੀ ਮੰਨੇ ਗਏ, ਜਦੋਂ ਕਿ ਉਨ੍ਹਾਂ ਨੇ ਭਾਰਤ ਤੋਂ ਉਚੇ ਮਹਾਤਮਾ ਤੇ ਯੋਗੀ ਵੀ ਬੁਲਾਏ ਸੀ, ਉਨ੍ਹਾਂ ਨੇ ਪ੍ਰਦਰਸ਼ਨ ਵੀ ਦਿਤੇ, ਆਪਣਾ ਗਿਆਨ ਵੀ ਸਾਂਝਾ ਕੀਤਾ।

ਯੋਗੀ ਰਾਮਾਨੰਦ ਜੀ ਸ਼ਿਕਾਗੋ ਦੇ ਪਾਮਰ ਹੋਟਲ ਵਿਚ ਆਏ। ਉਹ ਪਹਿਲੀ ਵਾਰ ਆਏ ਸੀ, ਉਨ੍ਹਾਂ ਨੇ ਆਲੇ ਦੁਆਲੇ ਦੇਖਿਆ, ਹੈਰਾਨ ਹੋਏ, ਸਾਰੀ ਜਾਇਦਾਦ ਦੇਖੀ, ਉਚੀਆਂ ਛੱਤਾਂ ਦੇਖੀਆਂ, ਸੋਹਣਾ ਫਰਨੀਚਰ ਦੇਖਿਆ, ਅੱਖਾਂ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਹੈਰਾਨ ਹੋ ਕੇ ਕਹਿਣ ਲੱਗੇ, ਸਵਾਮੀ ਰਾਮ ਤੁਹਾਡਾ ਘਰ ਕਿੰਨਾ ਵੱਡਾ ਹੈ।

17 ਜੂਨ 1976 ਨੂੰ ਸਵਾਮੀ ਜੀ ਕਾਨਫਰੰਸ ਹਾਲ ਵਿਚ ਆਏ। ਉਹ ਬਹੁਤ ਹੀ ਅਨੰਦ ਮਹਿਸੂਸ ਕਰ ਰਹੇ ਸੀ ਕਿ ਉਨ੍ਹਾਂ ਦੇ ਸੱਦੇ ਤੇ ਕਿੱਡੇ ਵੱਡੇ ਵੱਡੇ ਯੋਗੀ ਸੰਤ ਇਕੱਠੇ ਹੋਏ ਹਨ, ਇਹ ਸ਼ਾਇਦ ਆਪਣੀ ਤਰ੍ਹਾਂ ਦੀ ਪਹਿਲੀ ਤਰ੍ਹਾਂ ਦੀ ਇਸ ਤਰ੍ਹਾਂ ਦੀ ਕਾਨਫਰੰਸ ਸੀ।

ਸਵਾਮੀ ਜੀ ਸਚਿਦਾਨੰਦ ਜੀ ਨੇ ਸਭ ਨੂੰ ਜੀ ਆਇਆ ਕਿਹਾ। ਇਹ ਉਹ ਯੋਗੀ ਸਨ ਜਿਹੜੇ ਹਰ ਵੇਲੇ ਬੜੇ ਹੀ ਸ਼ਾਂਤ ਰਹਿੰਦੇ, ਬੜੇ ਹੀ ਹਾਜ਼ਰ ਜੁਆਬ, ਸੂਝ ਬੂਝ

ਵਾਲੇ, ਜੀਵਨ ਉਤਸ਼ਾਹ ਨਾਲ ਭਰਪੂਰ, ਉਨ੍ਹਾਂ ਨੇ ਸਭ ਨੂੰ ਜੀ ਆਇਆਂ ਕਿਹਾ, ਇਸ ਤੋਂ ਚੰਗਾ ਹੋਰ ਕੁਝ ਹੋ ਹੀ ਨਹੀਂ ਸੀ ਸਕਦਾ। ਉਸ ਸਮੇਂ ਦੇ ਭਾਰਤ ਦੇ ਰਾਜਦੂਤ ਜਿਹੜੇ ਅਮਰੀਕਾ ਵਿਚ ਸੀ, ਉਨ੍ਹਾਂ ਨੇ ਭਾਰਤ ਤੇ ਅਮਰੀਕਾ ਦੀਆਂ ਸਾਂਝੀਆਂ ਰਵਾਇਤਾਂ ਤੇ ਸਾਂਝੀਵਾਲਤਾ ਦੀ ਗੱਲਬਾਤ ਕੀਤੀ। ਉਨ੍ਹਾਂ ਨੇ ਯੋਗ ਦੇ ਯੋਗਦਾਨ ਤੇ ਖਾਸ ਧਿਆਨ ਦੁਆਇਆ। ਵੱਖ ਵੱਖ ਦੇਸ਼ਾਂ ਤੋਂ ਪੰਜਾਹ ਬੁਲਾਰੇ ਆਏ, ਆਪਣਾ ਗਿਆਨ ਤੇ ਹਾਸਾ ਵੀ ਲੈ ਕੇ ਆਏ ਨਾਲ ਹੀ ਬਹੁਤ ਸਾਰਾ ਉਤਸ਼ਾਹ। ਬੁਲਾਰਿਆਂ ਦੇ ਵਿਸ਼ੇ ਬਹੁਤ ਹੀ ਵਿਸਤਾਰ-ਜਨਕ ਸੀ, ਮਨੋ-ਸਰੀਰਕ ਵਿਗਿਆਨ ਸਬੰਧਾਂ ਤੋਂ ਲੈ ਕੇ ਅਧਿਆਤਮਵਾਦ ਦੇ ਗੁੱਝੇ ਭੇਦਾਂ ਤਕ। ਯੋਗੀ ਭਜਨ ਜੋ ਪੱਛਮ ਵਿਚ ਸਿੱਖ ਮਜ਼ਹਬ ਦੇ ਮੋਢੀ ਮੰਨੇ ਜਾਂਦੇ ਹਨ ਉਨ੍ਹਾਂ ਨੇ ਕੁੰਡਲਨੀ ਦੀ ਫਿਲੋਸਫੀ ਤੇ ਪ੍ਰਵਚਨ ਕੀਤੇ। ਡਾ. ਬਾਰਬਰਾ ਬਰਾਉਨ ਜਿਹੜੇ ਬਾਇਓਫੀਡਬੈਕ ਦੇ ਮੋਢੀ ਗਿਣੇ ਜਾਂਦੇ ਹਨ ਉਨ੍ਹਾਂ ਨੇ ਸਰੋਤਿਆਂ ਨੂੰ ਮਨ ਤੇ ਸਰੀਰ ਦੀ ਖੋਜ ਕਰਾਈ। ਰਾਏ ਈਓਜਿਨ ਡੇਵਿਸ ਸਵਾਮੀ ਯੋਗਾਨੰਦ ਜੀ ਦੇ ਸ਼ਿਸ਼ ਨੇ ਮੈਡੀਟੇਸ਼ਨ ਤੇ ਆਪਣੇ ਅਨੁਭਵ ਸਾਂਝੇ ਕੀਤੇ ਬੋਰਗੀਆਂ ਰੋਥਲੀਓਬਰ (Borgia Rothluebber) ਐਨਥਨੀ ਪੈਡੋਵੈਨੋ ਇਹ ਇਸਾਈ ਮੈਡੀਟੇਸ਼ਨ ਤੇ ਬੋਲੇ। ਪੀਰ ਵਲਾਇਤ ਇਨਾਇਤ ਖਾਨ ਨੇ ਸੂਫੀਆਂ ਦੀ ਫਿਲੋਸਫੀ ਸਾਂਝੀ ਕੀਤੀ। ਕਾਟਾਗਿਰੀ ਰੋਸ਼ਨੀ ਨੇ ਜੈਨ ਮਤ ਦੀ ਭੂਮਿਕਾ ਦਿਤੀ ਵਾਨਗਿਆਲ ਨੇ ਤਿੱਬਤਨ ਬੋਧੀਆਂ ਦੀ ਵਿਆਖਿਆ ਕੀਤੀ, ਡਾ. ਫਲੈਕਸ ਨੇ ਚੀਨੀਆ ਦੀ ਮੈਡੀਟੇਸ਼ਨ ਦਾ ਤਰੀਕਾ ਤੇ ਮੈਡੀਟੇਸ਼ਨ ਸਾਂਝੀ ਕੀਤੀ, ਯੋਗ ਆਸਨਾਂ ਦਾ ਪ੍ਰਦਰਸ਼ਨ ਸਵਾਮੀ ਬੂਆ ਨੇ ਕੀਤਾ, ਬਿਨਾ ਆਸਾਨ ਦੀ ਚਿਕਿਤਸਾ ਬਾਰੇ ਯੋਗੀ ਅਚਲਾ ਨੇ ਦੱਸਿਆ, ਭਾਰਤੀ ਗਾਣੇ ਵਜਾਣੇ ਤੇ ਭਾਰਤੀ ਨ੍ਰਿਤ ਦਾ ਪ੍ਰੋਗਰਾਮ ਵੀ ਰੱਖਿਆ ਗਿਆ, ਇਸ ਤਰ੍ਹਾਂ ਨਾਲ ਏਸ ਵੱਡੀ ਘਟਨਾ ਦਾ ਉਦਘਾਟਨ ਹੋਇਆ, ਪਿਛੋਂ ਬਹੁਤ ਸਾਰਿਆਂ ਨੇ ਇਸ ਦੀ ਨਕਲ ਕੀਤੀ।

ਦੁਪਹਿਰ ਤਕ ਮੈਂ ਬਹੁਤ ਥੱਕ ਗਿਆ ਸੀ, ਮੈਨੂੰ ਲੱਗ ਰਿਹਾ ਸੀ ਬਹੁਤ ਹੋ ਗਿਆ, ਮੈਂ ਆਪਣੇ ਕਮਰੇ ਵਿਚ ਗਿਆ ਤੇ ਮੈਂ ਬਿਸਤਰੇ ਤੇ ਲੇਟ ਗਿਆ। ਲੇਟ ਕੇ ਬਹੁਤ ਅੱਛਾ ਲੱਗਿਆ ਆਰਾਮ ਬਹੁਤ ਹੀ ਅੱਛਾ ਲਗ ਰਿਹਾ ਸੀ। ਮੈਂ ਕਾਨਫਰੰਸ ਬਾਰੇ ਸੋਚਣ ਲਗ ਪਿਆ। ਇਕ ਦਮ ਮੈਨੂੰ ਧਿਆਨ ਆਇਆ ਕਿ ਸਾਰਿਆਂ ਨੇ ਹੀ ਮੇਰੇ ਜਿੰਨਾਂ ਕੰਮ ਕੀਤਾ ਹੈ, ਸਾਰੇ ਹੀ ਐਨੇ ਥੱਕੇ ਹੋਣਗੇ ਜਿੰਨਾਂ ਮੈਂ। ਇਹ ਸੋਚਦਿਆਂ ਹੀ ਮੈਂ ਉਠ ਖੜ੍ਹਾ ਹੋਇਆ, ਮੈਂ ਸੋਚਿਆ ਮੈਂ ਠੀਕ ਨਹੀਂ ਕਰ ਰਿਹਾ। ਜਦੋਂ ਮੈਂ ਬੂਹਾ ਬੰਦ ਕੀਤਾ, ਮੈਂ ਆਪਣੇ ਪਿਛੇ ਸਵਾਮੀ ਜੀ ਨੂੰ ਖੜ੍ਹੇ ਮਹਿਸੂਸ ਕੀਤਾ। ਉਹ ਮੈਨੂੰ ਦੇਖ ਕੇ ਮੁਸਕਰਾ ਪਏ, ਮੈਂ ਉਨ੍ਹਾਂ ਨੂੰ ਨਮਸਕਾਰ ਕੀਤੀ ਤੇ ਥੱਲੇ ਉਤਰ ਗਿਆ, ਮੈਂ ਆਪਣੇ ਆਪ ਨੂੰ ਪੁੱਛਣ ਲਗ ਪਿਆ। ਸਵਾਮੀ ਜੀ ਏਥੇ ਕਿਉਂ ਖੜ੍ਹੇ ਸੀ? ਸਵਾਮੀ ਜੀ ਦਾ ਕਮਰਾ ਤਾਂ ਏਥੇ ਨਹੀਂ ਹੈ ਕੀ ਉਹ ਮੈਨੂੰ ਦੇਖ ਕੇ ਖ਼ੁਸ਼ ਹੋਏ ਕਿ ਮੈਂ ਆਰਾਮ ਛੱਡ ਕੇ ਕੰਮ ਕਰਨ ਆ ਗਿਆ? ਮੈਂ ਸੋਚਦਾ ਰਿਹਾ। ਫੇਰ ਮੈਂ ਜਾ ਕੇ ਕੰਮ ਕਰਨ ਲਗ ਗਿਆ।

ਕਾਨਫਰੰਸ ਦੇ ਅੰਤਲੇ ਦਿਨ ਮੈਂ ਹੋਟਲ ਦੇ ਦਲਾਨ ਵਿਚ ਖੜ੍ਹਾ ਸੀ। ਮੈਂ ਯੋਗੀ ਰਾਮਾਨੰਦ ਜੀ ਨੂੰ ਦੇਖਿਆ, ਉਹ ਐਸਕੇਲੇਟਰ ਦੇ ਸਾਮ੍ਹਣੇ ਖੜ੍ਹੇ ਸੀ। ਉਨ੍ਹਾਂ ਨੇ ਕਦੀ ਐਸਕੇਲੇਟਰ ਪਹਿਲਾਂ ਨਹੀਂ ਦੇਖਿਆ ਸੀ (ਬਿਜਲੀ ਨਾਲ ਚਲਣ ਵਾਲੀਆਂ ਪੌੜੀਆਂ) ਉਹ ਸੋਚ ਰਹੇ ਸੀ ਮੈਂ ਇਨ੍ਹਾਂ ਉਤੇ ਕਿਸ ਤਰ੍ਹਾਂ ਜਾਵਾਂ, ਜਦੋਂ ਹੀ ਮੈਂ ਕੋਲ ਗਿਆ ਉਹ ਦੌੜ ਕੇ ਛੇਵੀਂ ਪੌੜੀ ਉਤੇ ਜਾ ਪਹੁੰਚੇ ਤੇ ਫੇਰ ਉਹ ਉਪਰ ਉਤਰ ਗਏ।

ਮੈਂ ਤਾਂ ਰੇਖ ਵਿਚ ਮੇਖ ਮਾਰ ਸਕਦਾ ਹਾਂ

ਅਸੀਂ ਗਲੈਨਵਿਊ ਵਾਪਸ ਆ ਗਏ, ਮੁੜ ਕੇ ਕੰਮ ਸ਼ੁਰੂ ਹੋ ਗਿਆ, ਸਵਾਮੀ ਜੀ ਦੀ ਨਵੀ ਕਿਤਾਬ 'Life Hereafter' ਛੱਪ ਚੁਕੀ ਸੀ, ਕਲਾਸਾਂ ਭਰ ਚੁੱਕੀਆਂ ਸੀ। ਸਵਾਮੀ ਜੀ ਥਾਂ, ਥਾਂ ਤੇ ਜਾਂਦੇ ਪ੍ਰਵਚਨ ਕਰਦੇ, ਲੋਕਾਂ ਨੂੰ ਯੋਗਾ ਲਈ ਉਤਸ਼ਾਹਤ ਕਰਦੇ, ਯੋਗਾ ਸੈਂਟਰ ਖੋਲ੍ਹਦੇ ਤੇ ਯੋਗਾ ਨੂੰ ਜਾਰੀ ਰੱਖਣ ਲਈ ਪ੍ਰੇਰਨਾ ਦੇਂਦੇ। ਮੈਂ ਸਲੇਬਸ ਬਣਾ ਰਿਹਾ ਸੀ, ਲਾਇਬ੍ਰੇਰੀ ਬਣਾ ਰਿਹਾ ਸੀ। ਕਿਤਾਬਾਂ ਬਹੁਤ ਹੀ ਘੱਟ ਸੀ, ਮੈਂ ਇਸ ਗੱਲ ਤੇ ਚਿੰਤਾ ਵੀ ਕਰ ਰਿਹਾ ਸੀ ਕਿ ਪੁਸਤਕਾਂ ਬਹੁਤ ਹੀ ਘੱਟ ਨੇ, ਮੈਂ ਸੋਚ ਰਿਹਾ ਸੀ ਕਿ ਜਿਹੜੀ ਪੁਸਤਕਾਂ ਸਾਨੂੰ ਚਾਹੀਦੀਆਂ ਹਨ ਉਹ ਸਾਨੂੰ ਮਿਲ ਵੀ ਨਹੀਂ ਰਹੀਆਂ। ਸਵਾਮੀ ਜੀ ਇਕ ਦਿਨ ਸਾਡੇ ਘਰ ਆਏ, ਚਾਹ ਪੀਂਦੇ ਕਹਿਣ ਲੱਗੇ।

"ਜਸਟਿਨ" ਤੇਰੇ ਕੋਲ ਤਾਂ ਬਹੁਤ ਸਾਰੀਆਂ ਪੁਸਤਕਾਂ ਹਨ, ਜਦੋਂ ਸਵਾਮੀ ਜੀ ਇਹ ਗੱਲ ਕਹਿ ਰਹੇ ਸੀ ਉਨ੍ਹਾਂ ਦੇ ਨੇਤਰਾਂ ਵਿਚ ਇਕ ਚਮਕ ਸੀ।

ਮੈਂ ਸਮਝ ਗਿਆ ਕਿ ਹੁਣ ਮੇਰੀਆਂ ਪੁਸਤਕਾਂ ਗਈਆਂ, ਮੇਰੀਆਂ ਪੁਸਤਕਾਂ ਮੇਰੀ ਜਾਨ ਸੀ, ਮੇਰਾ ਜੀਵਨ ਅਨੰਦ ਸੀ, ਮੇਰੀ ਜੀਵਨ ਦੀ ਸਥਿਰਤਾ ਸੀ, ਮੈਂ ਮੂਰਖ ਅਲਪ ਮਤ ਨੂੰ ਪੁਸਤਕਾਂ ਦਾ ਬੜਾ ਹੀ ਸਹਾਰਾ ਸੀ, ਮੈਂ ਚੁੱਪ ਰਿਹਾ। ਥਰੀਸਾ ਸਵਾਮੀ ਜੀ ਕੋਲ ਬੈਠੀ ਸੀ, ਉਹ ਵੀ ਜਾਮਦੀ ਸੀ, ਸਵਾਮੀ ਜੀ ਕੀ ਕਹਿਣ ਵਾਲੇ ਹਨ। ਸਵਾਮੀ ਜੀ ਝੱਟ ਹੀ ਬੋਲ ਪਏ, ਮੈਂ ਇਕ ਦਿਨ ਤੈਨੂੰ ਦੋਨਾਂ ਤੂੰ ਇਨ੍ਹਾਂ ਪੁਸਤਕਾਂ ਨੂੰ ਨਿਹਾਰ ਲੈਣ ਦੋਨਾਂ ਲਈ ਦਿੰਦਾ ਹਾਂ, ਤੂੰ ਇਨ੍ਹਾਂ ਨੂੰ ਚੰਗੀ ਤਰ੍ਹਾਂ ਦੇਖ ਲੈ, ਫੇਰ ਮੈਂ ਟਰੱਕ ਭੇਜ ਦਿੰਦਾ ਹਾਂ, ਜੋ ਇਨ੍ਹਾਂ ਨੂੰ ਸੈਂਟਰ ਲੈ ਜਾਵੇ।

ਇਸ ਤਰ੍ਹਾਂ ਹੀ ਹੋਇਆ, ਅਗਲੇ ਦਿਨ ਦੁਪਹਿਰੇ ਨੀਲਾ ਟਰੱਕ ਆ ਗਿਆ, ਆਂਢੀਆਂ ਗਵਾਂਢੀਆਂ ਨੂੰ ਵੀ ਪਤਾ ਲਗ ਗਿਆ, ਉਨ੍ਹਾਂ ਨੇ ਗੱਤੇ ਦੇ ਵੱਡੇ ਵੱਡੇ ਡੱਬੇ ਰੱਖੇ

ਹੋਏ ਸੀ ਜਿਨ੍ਹਾਂ ਵਿਚ ਕਿਤਾਬਾਂ ਬੰਦ ਕੀਤੀਆਂ ਜਾ ਸਕਣ। ਕਿਤਾਬਾਂ ਸਾਰੀਆਂ ਉਨ੍ਹਾਂ ਡੱਬਿਆਂ ਵਿਚ ਬੰਦ ਕਰ ਲਈਆਂ ਗਈਆਂ ਤੇ ਸ਼ਾਮ ਨੂੰ ਸੈਂਟਰ ਦਾ ਲਾਇਬ੍ਰੇਰੀ ਦਾ ਕਮਰਾ ਪੂਰੀ ਤਰ੍ਹਾਂ ਸਜ ਗਿਆ ਸੀ ਜਿਸ ਵਿਚ ਫਿਲੌਸਫੀ ਦੀਆਂ ਪੁਸਤਕਾਂ, ਮਜ਼ਹਬਾਂ ਦੀ ਵੱਖ ਵੱਖ ਮਤਾਂ ਦੀਆਂ ਪੁਸਤਕਾਂ ਸ਼ਾਮਲ ਸੀ, ਮੇਰੀਆਂ ਦੋ ਹਜ਼ਾਰ ਪੁਸਤਕਾਂ ਸੈਂਟਰ ਵਿਚ ਸਸ਼ੋਭਤ ਹੋ ਗਈਆਂ।

ਐਨ ਦੀ ਭਤੀਜੀ ਬਹੁਤ ਵਾਰੀ ਆਉਂਦੀ ਸੀ। ਉਸ ਦਾ ਨਾਮ ਡੈਬੀ ਸੀ, ਉਹ ਨੌਰਥ ਵੈਸਟ ਵਿਸ਼ਵ ਵਿਦਿਆਲਿਆ ਤੋਂ ਦਸਵੀ ਦਾ ਇਮਤਿਹਾਨ ਦੇ ਰਹੀ ਸੀ। ਜਦੋਂ ਲਾਇਬ੍ਰੇਰੀ ਬਣ ਗਈ, ਡੈਬੀ ਤੇ ਉਸ ਦੀਆਂ ਸਹੇਲੀਆਂ ਨੇ ਫੈਸਲਾ ਕੀਤਾ ਕਿ ਉਹ ਇਕ ਕਮਰਾ ਕਿਰਾਏ ਤੇ ਲੈ ਕੇ ਨੇੜੇ ਰਹਿਣਗੀਆਂ, ਗੱਲਾਂ ਬਾਤਾਂ ਕਰਣਗੀਆਂ ਤੇ ਲਾਇਬ੍ਰੇਰੀ ਦੇਖਣਗੀਆਂ ਇਹ ਸ਼ੁਕਰਵਾਰ ਦੀ ਗੱਲ ਹੈ, ਡੈਬੀ ਨੇ ਐਨ ਨੂੰ ਟੈਲੀਫੋਨ ਕੀਤਾ ਤੇ ਕਿਹਾ ਮੈਂ ਛੇਤੀ ਹੀ ਚਲੀ ਜਾਵਾਂਗੀ। ਐਨ ਇਕ ਪਾਸਿਓ ਗੱਲ ਕਰ ਰਹੀ ਸੀ, ਸਵਾਮੀ ਜੀ ਦੂਸਰੇ ਪਾਸਿਓਂ ਬੋਲੇ।

ਉਸ ਨੂੰ ਕਹੋ ਕਿ ਉਹ ਨਾ ਜਾਵੇ, ਸਵਾਮੀ ਜੀ ਨੇ ਬੜੇ ਹੀ ਜ਼ੋਰ ਪਾ ਕੇ ਕਿਹਾ।

ਡੈਬੀ ਨੇ ਸਵਾਮੀ ਜੀ ਦੀ ਆਵਾਜ਼ ਸੁਣ ਲਈ ਤੇ ਕਹਿਣ ਲੱਗੀ, ਨਹੀਂ ਮੈਂ ਤਾਂ ਜਾਣਾ ਹੀ ਹੈ ਪਰ ਉਸ ਦੀ ਆਂਟੀ ਨੇ ਉਸ ਨੂੰ ਬੜੇ ਪਿਆਰ ਨਾਲ ਸਮਝਾਇਆ, ਸਵਾਮੀ ਜੀ ਉਸ ਦੇ ਭਲੇ ਲਈ ਹੀ ਕਹਿ ਰਹੇ ਹਨ ਉਹ ਆਪਣੇ ਫੈਸਲੇ ਤੇ ਸੋਚ ਲਵੇ ਤਾਂ ਠੀਕ ਹੀ ਹੋਵੇਗਾ। ਸਵਾਮੀ ਜੀ ਨੇ ਆਪਣੇ ਹੁਕਮ ਨੂੰ ਵਿਸਤਾਰ ਨਾਲ ਨਹੀਂ ਦੱਸਿਆ।

ਐਨ ਕਹਿਣ ਲੱਗੀ, ਸਵਾਮੀ ਜੀ ਤੇਰੇ ਭਲੇ ਲਈ ਹੀ ਕਹਿ ਰਹੇ ਹਨ ਤੂੰ ਉਹ ਹੀ ਕਰ ਜੋ ਸਵਾਮੀ ਜੀ ਕਹਿ ਰਹੇ ਹਨ। ਤੂੰ ਏਥੇ ਠਹਿਰ ਕੇ ਕੁਝ ਹੋਰ ਕਰ ਲੈ।

ਡੈਬੀ ਨੂੰ ਇਹ ਚੰਗਾ ਨਹੀਂ ਲੱਗਾ, ਉਸ ਨੂੰ ਇਹ ਵੀ ਨਹੀਂ ਸੀ ਚੰਗਾ ਲਗਦਾ ਕਿ ਭਾਈ ਉਸ ਨੂੰ ਕਹਿਣ ਇਹ ਕਰਨਾ ਹੈ, ਇਹ ਨਹੀਂ ਕਰਨਾ। ਉਹ ਤਾਂ ਇਹ ਹੀ ਜਾਣਦੀ ਸੀ ਕਿ ਉਸ ਦੀਆਂ ਸਹੇਲੀਆਂ ਮਜ਼ਾ ਕਰਨ ਜਾ ਰਹੀਆਂ ਹਨ ਤੇ ਉਸ ਨੂੰ ਰੋਕ ਦਿਤਾ ਗਿਆ ਹੈ ਜਦੋਂ ਕਿ ਸਾਰਾ ਪ੍ਰਬੰਧ ਉਸ ਨੇ ਕੀਤਾ ਸੀ, ਉਸ ਨੂੰ ਇਹ ਸਾਰੀ ਗੱਲ ਬਹੁਤ ਹੀ ਫਜ਼ੂਲ ਲਗ ਰਹੀ ਸੀ। ਉਸ ਦੀਆਂ ਸਹੇਲੀਆਂ ਆਈਆਂ ਉਨ੍ਹਾਂ ਨੇ ਹੌਰਨ ਵਜਾਇਆ, ਇਸ ਨੂੰ ਇਹ ਕਹਿਣਾ ਪਿਆ ਕਿ ਆਖਰੀ ਸਮੇਂ ਤੇ ਕੋਈ ਕੰਮ ਆਣ ਪਿਆ ਸੀ ਤੇ ਉਸ ਨੂੰ ਕੁਝ ਕਰਨਾ ਹੀ ਪਵੇਗਾ, ਡੈਬੀ ਇਹ ਕਹਿਣ ਵਿਚ ਬਹੁਤ ਹੀ ਸ਼ਰਮਿੰਦਾ ਮਹਿਸੂਸ ਕਰ ਰਹੀ ਸੀ।

ਡੈਬੀ ਬਹੁਤ ਹੀ ਬੇਚੈਨ ਸੀ। ਉਹ ਸੋਚ ਰਹੀ ਸੀ ਉਹ ਕੀ ਕਰੇ। ਉਸ ਨੇ ਫੈਸਲਾ ਕੀਤਾ ਕਿਉਂ ਨਾ ਉਹ ਰਸੋਈ ਵਿਚ ਕੁਝ ਕਰੇ, ਕੁਝ ਨਵਾਂ ਬਣਾਵੇ। ਜਦੋਂ ਉਸ ਨੇ ਗੈਸ ਨੂੰ ਤਿੱਲੀ ਲਗਾਈ ਜ਼ੋਰ ਦੀ ਧਮਾਕਾ ਹੋਇਆ, ਉਹ ਧੱਕੇ ਨਾਲ ਪਿਛੇ ਜਾ ਲੱਗੀ। ਡੈਬੀ ਨੇ ਸਟੋਵ ਬੰਦ ਕਰ ਦਿਤਾ ਤੇ ਐਨ ਨੂੰ ਆਵਾਜ਼ ਮਾਰੀ ਤੇ ਨਾਲ ਹੀ ਸ਼ੀਸ਼ਾ ਦੇਖਣ ਲਗ ਪਈ ਉਸ ਨੇ ਦੇਖਿਆ ਉਸ ਦੇ ਭਰਵੱਟੇ ਸੜ ਗਏ ਸੀ ਤੇ ਮੂੰਹ ਦੀ ਚਮੜੀ ਤੇ ਮੱਥੇ ਦੀ ਚਮੜੀ ਦੀ ਉਪਰ ਵਾਲੀ ਤਹਿ ਵੀ ਲਾਲ ਹੋ ਕੇ ਸੜ ਗਈ ਸੀ। ਉਸ ਨੇ ਐਨ ਨੂੰ ਟੈਲੀਫੋਨ ਕੀਤਾ ਉਹ ਬਹੁਤ ਹੀ ਦੁਖੀ ਸੀ।

ਕਹਿਣ ਲੱਗੀ ਇਹ ਸਭ ਸਵਾਮੀ ਜੀ ਨੇ ਕੀਤਾ ਹੈ ਮੈਂ ਘਰ ਬੈਠੀ ਤਾਂ ਹੀ ਇਹ ਸਭ ਕੁਝ ਹੋਇਆ, ਮੈਂ ਸਹੇਲੀਆਂ ਨਾਲ ਗਈ ਹੁੰਦੀ ਤਾਂ ਠੀਕ ਰਹਿਣਾ ਸੀ।

ਐਨ ਨੂੰ ਸਮਝ ਨਹੀਂ ਆ ਰਿਹਾ ਸੀ ਉਹ ਕੀ ਕਰੇ। ਡੈਬੀ ਕਹਿ ਰਹੀ ਸੀ ਹੁਣ ਉਹ ਕੀ ਮੂੰਹ ਦਿਖਾਏਗੀ। ਸਵਾਮੀ ਜੀ ਗਲੈਨਵਿਊ ਜਾ ਚੁੱਕੇ ਸੀ, ਐਨ ਨੇ ਸਾਰੀ ਰਾਤ ਬੈਠ ਕੇ ਕੱਟੀ।

ਸਵੇਰ ਹੁੰਦੀ ਐਨ ਸਵਾਮੀ ਜੀ ਕੋਲ ਪਹੁੰਚੀ। ਉਹ ਇਕੋ ਹੀ ਗੱਲ ਸਵਾਮੀ ਜੀ ਨੂੰ ਪੁਛਣਾ ਚਾਹੁੰਦੀ ਸੀ, ਡੈਬੀ ਨਾਲ ਇਹ ਕਿਉਂ ਹੋਇਆ। ਡੈਬੀ ਨੇ ਤਾਂ ਤੁਹਾਡਾ ਹੁਕਮ ਮੰਨਿਆ ਸੀ ਫੇਰ ਇਹ ਕਿਉਂ ਹੋਇਆ?

ਸਵਾਮੀ ਜੀ ਕਹਿਣ ਲੱਗੇ, ਐਨ ਉਸ ਨੇ ਤਾਂ ਸੜ ਕੇ ਮਰ ਹੀ ਜਾਣਾ ਸੀ, ਇਹ ਉਸ ਦੇ ਮਰਨ ਦਾ ਸਮਾਂ ਸੀ, ਸਵਾਮੀ ਜੀ ਨੇ ਇਹ ਬੜੀ ਹੀ ਸਖਤ ਆਵਾਜ਼ ਵਿਚ ਕਿਹਾ। ਸਾਡੇ ਕਰਮ ਹੁੰਦੇ ਹਨ, ਕਰਮਾਂ ਦਾ ਫਲ ਹੁੰਦਾ ਹੈ, ਕਰਮਾਂ ਨਾਲ ਹੋਰ ਕਰਮ ਹੁੰਦੇ ਹਨ ਉਨ੍ਹਾਂ ਦਾ ਪ੍ਰਭਾਵ ਪੈਂਦਾ ਹੈ, ਉਹ ਸਾਡੀ ਭਾਵੀ ਬਣਦੇ ਹਨ, ਕਾਰਣ ਹੁੰਦਾ ਹੈ ਕਾਰਣ ਨਾਲ ਪ੍ਰਭਾਵ ਹੁੰਦਾ ਹੈ, ਇਨ੍ਹਾਂ ਦਾ ਪ੍ਰਸਪਰ ਸਬੰਧ ਹੈ। ਮੌਤ ਕੋਈ ਮਰਜ਼ੀ ਨਾਲ ਜਾਂ ਧੱਕੇ ਨਾਲ ਨਹੀਂ ਆਉਂਦੀ। ਸਾਡੇ ਕਰਮ ਹੀ ਸਭ ਕੁਝ ਕਰਾਉਂਦੇ ਹਨ। ਜੀਵਨ ਕਰਮਾਂ ਦੀ ਖੇਡ ਹੈ।

ਐਨ ਦਾ ਮੂੰਹ ਖੁਲ੍ਹਾ ਹੀ ਰਹਿ ਗਿਆ, ਸਵਾਮੀ ਜੀ ਕਹਿਣ ਲੱਗੇ। ਜੇ ਉਹ ਸਹੇਲੀਆਂ ਨਾਲ ਉਸ ਕਮਰੇ ਵਿਚ ਗਈ ਹੁੰਦੀ ਤਾਂ ਮਰ ਗਈ ਹੁੰਦੀ, ਮੈਂ ਪੂਰੇ ਕਰਮ ਤਾਂ ਖਤਮ ਨਹੀਂ ਕਰ ਸਕਦਾ, ਮੈਂ ਰੇਖ ਵਿਚ ਮੇਖ ਹੀ ਮਾਰ ਸਕਦਾ ਹਾਂ, ਮੈਂ ਤਾਂ ਜੀਵਨ ਦੀ ਵਾਰਤਾ ਵਿਚ ਪੂਰਨ ਵਿਰਾਮ ਦੀ ਥਾਂ ਕੌਮਾ ਹੀ ਲਗਾ ਸਕਦਾ ਹਾਂ।

ਚੜ੍ਹਦੀ ਕਲਾ

ਸ. ਰਘਬੀਰ ਸਿੰਘ 'ਬੀਰ'

ਗੁਰਮੁਖ ਅਤੇ ਕਿਸਮਤ

ਕਿਸਮਤ – ਜੋ ਕਰਮ ਕਰੀਏ, ਉਸ ਦਾ ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਨਿਕਲਦਾ ਹੈ। ਐਸਾ ਕੋਈ ਕਰਮ ਨਹੀਂ, ਜਿਸ ਦਾ ਕੋਈ ਨਜੀਤਾ ਨਾ ਨਿਕਲੇ। ਕਰਤਾਰ ਦਾ ਕਾਨੂੰਨ ਹੈ ਕਿ ਕਰਮ ਅਤੇ ਫਲ ਸਦੀਵੀ ਇਕੱਠੇ ਰਹਿਣਗੇ। ਇਨ੍ਹਾਂ ਨੂੰ ਨਿਖੇੜ ਸਕਣਾ ਜਾਂ ਇਕ ਦੂਸਰੇ ਬਾਝੋਂ ਹੋਣਾ ਅਸੰਭਵ ਹੈ। ਕਰਮ ਕੋਈ ਜ਼ਰੂਰੀ ਨਹੀਂ ਕਿ ਹੱਥਾਂ ਪੈਰਾਂ ਨਾਲ ਹੀ ਕੀਤੇ ਜਾਣ। ਸਰੀਰ ਨਾਲ ਕਰਮ ਕਰਨ ਤੋਂ ਪਹਿਲੇ ਇਨਸਾਨ ਮਨ ਨਾਲ ਕਰਮ ਕਰਦਾ ਹੈ। ਮਨ ਵਿਖੇ ਪਹਿਲੇ ਇਨਸਾਨ ਕਰਮ ਨੂੰ ਕਰਨ ਦੀ ਵਿਉਂਤ ਕਰਦਾ ਹੈ, ਫੇਰ ਸਰੀਰ ਰਾਹੀਂ ਜਾਂ ਹੱਥਾਂ ਪੈਰਾਂ ਰਾਹੀਂ ਉਸ ਕਰਮ ਨੂੰ ਕਰਦਾ ਹੈ। ਕਈ ਵਾਰੀ ਕਰਮ ਕੇਵਲ ਮਨ ਨਾਲ ਹੀ ਹੁੰਦੇ ਹਨ, ਐਪਰ ਭਾਵੇਂ ਮਨ ਨਾਲ ਹੋਣ ਜਾਂ ਸਰੀਰ ਨਾਲ, ਹਰ ਇਕ ਕਰਮ ਦਾ ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਹੁੰਦਾ ਹੈ। ਕਿਸੇ ਨਾਲ ਦਿਲ ਵਿਚ ਵੈਰ ਕਰਨ ਲਗ ਜਾਵੋ, ਭਾਵੇਂ ਉਸ ਨਾਲ ਵੈਰ ਕੱਢਣ ਦਾ ਤੁਹਾਨੂੰ ਮੌਕਾ ਨਾ ਮਿਲੇ, ਫੇਰ ਵੀ ਤੁਹਾਡੇ ਦਿਲ ਦਾ ਵੈਰ ਕਰਨਾ ਹੀ ਆਪਣੇ ਆਪ ਵਿਚ ਇਕ ਕਰਮ ਹੈ, ਜਿਸ ਦਾ ਨਤੀਜਾ ਵੀ ਨਾਲ ਦੀ ਨਾਲ ਹੀ ਮਨ ਦੀ ਮਲੀਨਤਾ ਤੇ ਕਮਜ਼ੋਰੀ ਦੀ ਸ਼ਕਲ ਵਿਚ ਨਿਕਲਦਾ ਰਹਿੰਦਾ ਹੈ। ਏਸੇ ਤਰ੍ਹਾਂ ਕਿਸੇ ਦਾ ਦਿਲੋਂ ਭਲਾ ਚਾਹੁੰਣ ਲਗ ਜਾਵੋ, ਭਾਵੇਂ ਤੁਹਾਨੂੰ ਉਸ ਨਾਲ ਭਲਿਆਈ ਕਰਨ ਦਾ ਮੌਕਾ ਨਾ ਵੀ ਮਿਲੇ, ਤੁਹਾਡੇ ਮਨ ਨੇ ਇਕ ਸ਼ੁਭ ਕਰਮ ਕੀਤਾ ਹੈ, ਜਿਸ ਦਾ ਫਲ ਮਨ ਦੀ ਨਿਰਮਲਤਾ ਤੇ ਮਜ਼ਬੂਤੀ ਵਿਚ ਨਿਕਲਿਆ ਹੈ।

ਕਰਮ ਕਰਨਾ ਜਾਂ ਨਾ ਕਰਨਾ ਭਾਵੇਂ ਸਾਡੇ ਅਖਤਿਆਰ ਵਿਚ ਹੈ ਪਰ ਕਰਮ ਕਰਕੇ ਉਸ ਦਾ ਫਲ ਟਾਲ ਸਕਣਾ, ਇਹ ਸਾਡੇ ਅਖਤਿਆਰ ਵਿਚ ਨਹੀਂ। ਸਾਡੇ ਅਖਤਿਆਰ ਵਿਚ ਤਾਂ ਇਹ ਹੈ ਕਿ ਕਿਸੇ ਦਾ ਮਾੜਾ ਨਾ ਕਰੀਏ, ਪਰ ਸਾਡੇ ਇਹ ਅਖਤਿਆਰ ਵਿਚ ਨਹੀਂ ਕਿ ਕਿਸੇ ਦਾ ਮਾੜਾ ਕਰਕੇ ਉਸ ਦੇ ਫਲ ਜਾਂ ਨਤੀਜੇ ਨੂੰ ਟਾਲ ਸਕੀਏ। ਭਾਵੇਂ ਉਹ ਫਲ ਸਾਨੂੰ ਮਨ ਦੀ ਮਲੀਨਤਾ ਜਾਂ ਪਸ਼ਚਾਤਾਪ ਦੀ ਸ਼ਕਲ ਵਿਚ ਭੁਗਤਣਾ ਪਵੇ, ਭਾਵੇਂ ਸਰੀਰ ਦੇ ਕਿਸੇ ਕਿਸਮ ਦੇ ਕਸ਼ਟ ਦੀ ਸ਼ਕਲ ਵਿਚ, ਮਾੜੇ ਕਰਮ ਦਾ ਫਲ ਜ਼ਰੂਰ ਮਾੜਾ ਨਿਕਲੇਗਾ। ਇਸ ਕਰਮ ਤੇ ਫਲ (Action and Reaction) ਦੇ ਅਸੂਲ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਮਹਾਂਵਾਕ ਸਿੱਧ ਕਰਦੇ ਹਨ –

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥
ਮੰਦੇ ਕੰਮੀ ਨਾਨਕਾ ਜਦ ਕਦ ਮੰਦਾ ਹੋਇ॥

ਪੰਨਾ – 136

ਜਿਥੇ ਇਹ ਜ਼ਰੂਰੀ ਹੈ ਕਿ ਹਰ ਇਕ ਕਰਮ ਦਾ ਚਾਹੇ ਉਹ ਮਨ ਕਰਕੇ ਕੀਤਾ ਜਾਵੇ, ਚਾਹੇ ਤਨ ਕਰਕੇ, ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਨਿਕਲੇਗਾ, ਉਥੇ ਇਹ ਜ਼ਰੂਰੀ ਨਹੀਂ ਕਿ ਹਰ ਕਰਮ ਦਾ ਫਲ, ਕਰਮ ਕਰਦਿਆਂ ਸਾਰ ਹੀ ਮਿਲ ਜਾਵੇ। ਕਈ ਕਰਮ ਐਸੇ ਹਨ, ਜਿਨ੍ਹਾਂ ਦਾ ਫਲ ਛੇਤੀ ਨਿਕਲਦਾ ਹੈ ਅਤੇ ਕਈ ਕਰਮ ਐਸੇ ਹਨ, ਜਿਨ੍ਹਾਂ ਦਾ ਫਲ ਦੇਰ ਨਾਲ ਨਿਕਲਦਾ ਹੈ – ਜਿਵੇਂ ਕਈ ਬੀਜ ਐਸੇ ਹਨ, ਜੋ ਫੌਰਨ ਫਲ ਪੈਂਦੇ ਹਨ ਅਤੇ ਕਈ ਦੇਰ ਨਾਲ ਫਲਦੇ ਹਨ ਜਾਂ ਨਤੀਜੇ ਕਢਦੇ ਹਨ।

ਜਦ ਇਨਸਾਨ ਬਹੁਤ ਸਾਰੇ ਕਰਮ ਕਰੇ ਤਾਂ ਉਨ੍ਹਾਂ ਦੇ ਨਤੀਜੇ ਵੀ ਬਹੁਤ ਸਾਰੇ ਨਿਕਲਣੇ ਜ਼ਰੂਰੀ ਹਨ। ਇਨ੍ਹਾਂ ਬਹੁਤ ਸਾਰੇ ਪਿਛੇ ਕੀਤੇ ਹੋਏ ਕਰਮਾਂ ਦੇ ਇਕੱਠੇ ਹੋਏ ਹੋਏ ਨਤੀਜਿਆਂ ਦੇ ਸਮੁੱਚੇ ਸੰਗ੍ਰਹਿ ਨੂੰ ਕਿਸਮਤ, ਲੇਖ ਜਾਂ ਤਕਦੀਰ ਆਖਦੇ ਹਨ। ਕਿਉਂਕਿ ਪਿਛੇ ਜੋ ਕਰਮ ਇਨਸਾਨ ਕਰ ਚੁੱਕਾ ਹੈ, ਉਨ੍ਹਾਂ ਦੇ ਫਲ ਭੁਤਣੇ ਉਸ ਲਈ ਜ਼ਰੂਰੀ ਹਨ, ਇਸ ਲਈ ਕਿਹਾ ਜਾਂਦਾ ਹੈ ਕਿ ਲੇਖ ਜਾਂ ਤਕਦੀਰ ਸਦਾ ਲਈ ਅਟੱਲ ਹੁੰਦੀ ਹੈ, ਸਦੀ ਨਹੀਂ ਮਿਟ ਸਕਦੀ। ਤਕਦੀਰ ਇਨਸਾਨ ਦੇ ਪਿਛਲੇ ਕਰਮਾਂ ਦੇ ਫਲ ਜਾਂ ਨਤੀਜਿਆਂ ਦਾ ਸਮੁੱਚਾ ਇਕੱਠ ਜਾਂ ਨਤੀਜਾ ਹੈ। ਤਕਦੀਰ ਜਾਂ ਕਿਸਮਤ ਦੇ ਹੋਰ ਕੋਈ ਅਰਥ ਨਹੀਂ।

ਗੁਰਮੁਖ – ਗੁਰਮੁਖ ਉਹ ਹੁੰਦਾ ਹੈ, ਜਿਹੜਾ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦੱਸਾਂ ਗੁਰੂਆਂ ਦੇ ਕੀਤੇ ਆਤਮਕ ਤਜਰਬਿਆਂ ਦੀ ਰੋਸ਼ਨੀ ਵਿਚ ਆਪਣਾ ਜੀਵਨ ਬਤੀਤ ਕਰੇ, ਕਿਉਂਕਿ ਇਹ ਤਜਰਬੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਇਸ ਲਈ ਅਸੀਂ ਗੁਰਮੁਖ ਉਸ ਇਸਤ੍ਰੀ ਜਾਂ ਪੁਰਖ ਨੂੰ ਆਖਦੇ ਸਕਦੇ ਹਾਂ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਅਨੁਸਾਰ ਆਪਣਾ ਜੀਵਨ ਬਤੀਤ ਕਰ ਰਿਹਾ ਹੋਵੇ।

ਜਿਥੇ ਗੁਰੂ ਗ੍ਰੰਥ ਸਾਹਿਬ ਵਿਖੇ ਇਹ ਮੰਨਿਆ ਗਿਆ ਹੈ ਕਿ ਕਿਸਮਤ ਜਾਂ ਲੇਖ ਅਟੱਲ ਹੁੰਦੇ ਹਨ, ਕਿਸਮਤ (ਪਿਛਲੇ ਕਰਮਾਂ ਦੀ ਲੜੀ ਤੋਂ ਪੈਦਾ ਹੋਏ ਨਤੀਜਿਆਂ ਦਾ ਸਮੁੱਚਾ ਸੰਗ੍ਰਹਿ) ਟਲ ਜਾਂ ਮਿਟ ਨਹੀਂ ਸਕਦੀ, ਇਸਨੂੰ ਭੁਗਤਣਾ ਹੀ ਪੈਂਦਾ ਹੈ, ਕਰਤਾਰ ਦਾ ਕਾਨੂੰਨ ਹੈ ਕਿ ਕਰਮ ਕਰਕੇ, ਕਰਮ ਕਰਨ ਵਾਲਾ; ਉਨ੍ਹਾਂ ਦੇ ਫਲਾਂ ਜਾਂ ਨਤੀਜਿਆਂ ਨੂੰ ਜ਼ਰੂਰ ਭੁਗਤੇ –

ਲੇਖ ਨ ਮਿਟਈ ਹੇ ਸਖੀ.....॥ ***ਪੰਨਾ – 937***

ਉਥੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਵੀ ਲਿਖਿਆ ਹੈ ਕਿ ਜੇਕਰ ਇਨਸਾਨ ਨੂੰ ਆਪਣੇ ਅੰਦਰ

ਬਿਰਾਜਣ ਵਾਲੀ ਮਹਾਂ ਸ਼ਕਤੀ ਦੇ ਦਿਆਲੂ ਤੇ ਔਗੁਣਾਂ ਨੂੰ ਨਾ ਵਿਚਾਰਨ ਵਾਲੇ ਸੁਭਾਵ ਦਾ ਪਤਾ ਲਗ ਜਾਵੇ ਤਾਂ ਉਹ ਆਪਣੇ ਪਿਛੇ ਕੀਤੇ ਮਾੜੇ ਕਰਮਾਂ ਨੂੰ ਬਖਸ਼ਵਾ ਸਕਦਾ ਹੈ ਜਾਂ ਦੂਜੇ ਅੱਖਰਾਂ ਵਿਚ ਆਪਣੇ ਮਾੜੇ ਕਰਮਾਂ ਦੀ ਸਜ਼ਾ ਨੂੰ ਭੁਗਤਣ ਤੋਂ ਬਚ ਸਕਦਾ ਹੈ।

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ।।
ਪੰਨਾ - 713

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ
ਅਉਗਣੁ ਕੋ ਨ ਚਿਤਾਰੇ।। ਪੰਨਾ - 784

ਗੁਰਮੁਖ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਇਹ ਵੀ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਹੈ ਤੇ ਬਖਸ਼ਿੰਦ ਹੈ ਅਤੇ ਔਗੁਣਾਂ ਨੂੰ ਫੌਰਨ ਬਖਸ਼ ਵੀ ਦੇਂਦਾ ਹੈ ਐਪਰ ਉਹ ਪੂਰਾ ਨਿਆਂਕਾਰੀ ਜਾਂ ਮੁਨਸਿਫ ਹੋਣ ਕਰਕੇ ਬਖਸ਼ਦਾ ਕੇਵਲ ਉਸਨੂੰ ਹੈ ਜਿਸ ਦੇ ਦਿਲ ਵਿਚ ਅੱਗੇ ਲਈ ਔਗੁਣਾਂ ਨਾਲ ਘ੍ਰਿਣਾ ਅਤੇ ਨੇਕ ਤੇ ਉਚਾ ਜੀਵਨ ਬਤੀਤ ਕਰਨ ਦਾ ਦ੍ਰਿੜ ਇਰਾਦਾ ਪੈਦਾ ਹੋ ਜਾਵੇ। ਇਸ ਲਈ ਉਹ ਵਾਹਿਗੁਰੂ ਦੇ ਦਿਆਲੂ ਤੇ ਬਖਸ਼ਿੰਦੁ ਸੁਭਾਵ ਤੋਂ ਲਾਭ ਉਠਾਂਦਾ ਹੋਇਆ ਪਿਛਲੇ ਮਾੜੇ ਕਰਮਾਂ ਨੂੰ ਬਖਸ਼ਵਾ ਲੈਂਦਾ ਹੈ ਅਤੇ ਅੱਗੇ ਨੂੰ ਗੁਰਮਤਿ ਦੇ ਚਾਨਣੇ ਵਿਚ ਸ਼ੁਭ ਕਰਮ ਦਾ ਜੀਵਨ ਬਤੀਤ ਕਰਦਾ ਹੈ।

ਗੁਰਮਖ ਅਤੇ ਕਿਸਮਤ - ਗੁਰਮੁਖ ਅਕਾਲ ਪੁਰਖ ਦੇ ਬਖਸ਼ਿੰਦ ਸੁਭਾਵ ਦਾ ਪੂਰਾ ਲਾਭ ਉਠਾਂਦਾ ਹੈ, ਨਿਰਮਾਣ ਤੇ ਦਿਲੀ ਅਰਦਾਸਾਂ ਕਰਕੇ ਆਪਣੇ ਮਾੜੇ ਕਰਮਾਂ ਦੇ ਦੁਖਦਾਈ ਨਤੀਜਿਆਂ ਤੋਂ ਬਹੁਤ ਹੱਦ ਤੱਕ ਬਚ ਜਾਂਦਾ ਹੈ ਅਤੇ ਕਰਮਾਂ ਦੀ ਫ਼ਿਲਾਸਫ਼ੀ ਨੂੰ ਸਮਝ ਕੇ ਆਪਣਾ ਆਉਣ ਵਾਲਾ ਜੀਵਨ ਸ਼ੁਭ ਕਰਮਾਂ ਦੀ ਅਟੁੱਟ ਲੜੀ ਬਣਾਂਦਾ ਹੈ। ਪਿਛਲੇ ਔਗੁਣਾਂ ਸਬੰਧੀ ਸੱਚਾ ਪਸ਼ਚਾਤਾਪ ਕਰਨ ਨਾਲ ਉਸ ਦੇ ਪਿਛਲੇ ਔਗੁਣ ਬਖਸ਼ੇ ਜਾਂਦੇ ਅਤੇ ਅੱਗੇ ਨੂੰ ਸ਼ੁਭ ਕਰਮ ਕਰਕੇ ਉਹ ਸੁਖੀ ਵਸਦਾ ਹੈ।

ਇਸ ਲਈ ਜਿਥੇ ਅਨਜਾਣ ਲੋਕ ਆਪਣੇ ਕਰਮਾਂ ਜਾਂ ਆਪਣੀ ਕਿਸਮਤ ਦੇ ਅਧੀਨ ਰਹਿੰਦੇ ਹਨ ਉਥੇ ਗੁਰਮੁਖ ਕਰਤਾਰ ਦੇ ਸਭ ਨਿਯਮਾਂ ਤੋਂ ਜਾਣੂ ਹੋਣ ਕਰਕੇ, ਪਿਛਲੇ ਮੰਦੇ ਕਰਮਾਂ ਦੇ ਦੁਖ ਰੂਪੀ ਨਤੀਜਿਆਂ ਤੋਂ ਬਚਦਾ ਅਤੇ ਅੱਗੇ ਨੂੰ ਸ਼ੁਭ ਅਮਲ ਕਰਕੇ ਆਪਣੀ ਆਉਣ ਵਾਲੀ ਕਿਸਮ ਨੂੰ ਸੁੱਖਾਂ ਦਾ ਸੋਮਾ ਬਣਾਂਦਾ ਹੈ।

ਇਸ ਦ੍ਰਿਸ਼ਟੀਕੋਣ ਤੋਂ ਵਿਚਾਰਿਆਂ ਅਸੀਂ ਦੇਖਾਂਗੇ ਕਿ ਗੁਰਮੁਖ ਆਪਣੀ ਕਿਸਮਤ ਨੂੰ ਜਿਵੇਂ ਚਾਹੇ ਢਾਲ ਸਕਦਾ ਹੈ। ਉਹ ਕਿਸਮ ਨੂੰ ਬਨਾਉਣ ਵਾਲਾ, ਕਿਸਮਤ ਦਾ ਕਰਤਾ ਆਪਣੇ ਤੋਂ ਵੱਖ ਕਿਸੇ ਹੋਰ ਸ਼ਕਤੀ ਨੂੰ ਨਹੀਂ ਮੰਨਦਾ, ਸਗੋਂ ਕਰਤਾਰ ਦੇ ਰਚੇ ਅਸੂਲਾਂ ਦੀ ਪੂਰੀ ਵਰਤੋਂ ਕਰਦਾ, ਆਪਣੀ ਮਰਜ਼ੀ ਅਨੁਸਾਰ ਆਪਣੀ ਕਿਸਮਤ ਘੜਦਾ ਹੈ। ਗੁਰਮੁਖ ਕਿਸਮਤ ਦੇ ਸਾਮ੍ਹਣੇ ਬੇਬਸ ਤੇ ਲਾਚਾਰ ਹੋ ਕੇ ਨਹੀਂ ਖਲੋਂਦਾ ਸਗੋਂ ਕਰਤਾਰ ਦੇ ਸੁਭਾਵ ਨੂੰ ਸਮਝ ਕੇ ਕਰਤਾ ਦੇ ਸੁਭਾਵ ਤੋਂ ਲਾਭ ਉਠਾਉਂਦਾ ਹੋਇਆ ਕਿਸਮ ਦਾ ਮਾਲਕ ਜਾਂ ਕਿਸਮਤ ਦਾ ਕਰਤਾ ਬਣ ਕੇ ਸੰਸਾਰ ਵਿਚ ਵਿਚਰਦਾ ਹੈ।

(ਪੰਨਾ 12 ਦੀ ਬਾਕੀ)

ਹੈ। ਸਾਧ ਸੰਗਤ ਜੀ! ਸੋ ਇਸ ਤਰ੍ਹਾਂ ਦਾ ਸੁਭਾਅ, ਇਸ ਤਰ੍ਹਾਂ ਦੇ ਕੰਮ ਕਰਣ ਆਏ ਸੀ। ਸੋ ਬਹੁਪੱਖੀ ਜੀਵਨ ਹੋਣ ਕਰਕੇ, ਇਹਨਾਂ ਨੂੰ ਸਮਝਿਆ ਨਹੀਂ ਗਿਆ। ਇਕ ਵੱਡਾ ਜਰਨੈਲ, ਉਹਨਾਂ ਨੂੰ ਜਰਨੈਲ ਕਹਿੰਦਾ ਹੈ, ਵੱਡਾ ਜੋਧਾ ਉਹਨਾਂ ਨੂੰ ਯੋਧਾ ਕਹਿੰਦਾ ਹੈ। ਵੱਡਾ ਲਿਖਾਰੀ, ਉਹਨਾਂ ਨੂੰ ਲਿਖਾਰੀਆਂ ਦਾ ਸ਼੍ਰੋਮਣੀ ਕਹਿੰਦਾ ਹੈ, ਵੱਡਾ ਜਿਹੜਾ ਕਵੀ ਹੈ, ਉਹਨਾਂ ਨੂੰ ਕਵੀਆਂ ਦਾ ਸ਼੍ਰੋਮਣੀ ਕਹਿੰਦਾ ਹੈ, ਆਪਣਾ ਆਪਣਾ ਪੱਖ, ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਗੁਰੂ ਸਾਹਿਬ ਦੀ ਬਹੁ-ਪੱਖੀ ਸਖਸ਼ੀਅਤ ਨੂੰ ਦੇਖ ਕੇ, ਮਨੁੱਖ ਸਮਝ ਨਹੀਂ ਸਕਿਆ ਕਿ ਗੁਰੂ ਦਸਮੇਸ਼ ਪਿਤਾ ਜੀ ਕੌਣ ਸਨ? ਸਾਧ ਸੰਗਤ ਜੀ! ਕੁਛ ਕੁਛ ਅਸੀਂ ਸਮਝਣ ਦਾ ਯਤਨ ਕਰਨਾ ਹੈ, ਜਿੰਨੇ ਕੁ ਸਾਡੀ ਸਮਝ ਵਿਚ ਆਉਂਦੇ ਨੇ। ਗੁਰੂ ਮਹਾਰਾਜ ਜੀ ਨਿਰੀ ਪਿਆਰ ਦੀ ਮੂਰਤ ਸਨ, ਕਿਸੇ ਨਾਲ ਉਹਨਾਂ ਨੂੰ ਵੈਰ ਨਹੀਂ ਸੀ, ਕਿਸੇ ਨੂੰ ਡਰਾਉਂਦੇ ਨਹੀਂ ਸੀ। ਨਾਲੇ ਇਹ ਵੀ ਸੀ ਕਿ ਆਪ ਵੀ ਕਿਸੇ ਕੋਲੋਂ ਡਰਦੇ ਨਹੀਂ ਸੀ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥
ਪੰਨਾ - 1427

ਕਿਸੇ ਨੂੰ ਡਰਾਉਂਦੇ ਨਹੀਂ ਸੀ। ਉਹ ਸਾਰਿਆਂ ਨੂੰ ਪਿਆਰ ਕਰਦੇ ਸੀ। ਛੋਟੇ ਤੋਂ ਛੋਟੇ ਨੂੰ, ਵੱਡੇ ਤੋਂ ਵੱਡੇ ਨੂੰ, ਨਿੱਕੇ ਤੋਂ ਨਿੱਕੇ ਬੱਚੇ ਨੂੰ ਪਿਆਰ ਕਰਦੇ ਸੀ। ਜਿਸਦਾ ਸੰਸਾਰ ਉਤੇ ਕੋਈ ਨਹੀਂ, ਐਸੇ ਬੰਦਿਆਂ ਨੂੰ ਵੀ ਪਿਆਰ ਕਰਦੇ ਸੀ।

ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਦੂਜੀ ਬਰਸੀ ਨੂੰ ਸਮਰਪਿਤ ਮਿਤੀ 30, 31 ਅਕਤੂਬਰ, 1, 2 ਨਵੰਬਰ 2003 ਨੂੰ ਹੋਏ 13ਵੇਂ ਗੁਰਮਤਿ ਸਮਾਗਮ ਦੀਆਂ ਕੁਝ ਝਲਕੀਆਂ

ਡਾ. ਜਗਜੀਤ ਸਿੰਘ

30-10-2003 ਗੁਰਮਤਿ ਸਮਾਗਮ ਦਾ ਪਹਿਲਾ ਦਿਨ

ਸੰਤ ਬਾਬਾ ਵਰਿਆਮ ਸਿੰਘ ਜੀ, ਰਤਵਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਵਿਚ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਚ ਹੋ ਰਹੇ ਤੇਰ੍ਹਵੇਂ ਗੁਰਮਤਿ ਸਮਾਗਮ ਦੇ ਪਹਿਲੇ ਦਿਨ ਦੀ ਪਰਾਰੰਭਤਾ ਦੇ ਭਾਸ਼ਨ ਵਿਚ ਬਾਬਾ ਹਰਪਾਲ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਸੰਤ ਮਹਾਰਾਜ ਪਿਆਰ ਦੀ ਮੂਰਤ ਸਨ, ਗਿਆਨ ਦੇ ਸਾਗਰ ਸਨ ਅਤੇ ਸੇਵਾ ਦੇ ਪੁੰਜ ਸਨ। ਸਾਨੂੰ ਉਨ੍ਹਾਂ ਦੇ ਆਦੇਸ਼ਾਂ ਨੂੰ ਕਮਾਉਂਦਿਆਂ ਹੋਇਆਂ ਸੰਸਾਰ ਵਿਚ ਪ੍ਰੇਮ ਭਾਵਨਾ ਨਾਲ ਵਿਚਰਨਾ ਚਾਹੀਦਾ ਹੈ। ਪਿਆਰ ਨਾਲ ਤਾਂ ਪ੍ਰਭੂ ਵੀ ਵਸ ਵਿਚ ਆ ਜਾਂਦਾ ਹੈ। ***'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'***

ਅੱਜ ਦਾ ਦੀਵਾਨ 101 ਅਖੰਡਪਾਠਾਂ ਦੀ ਲੜੀ ਨਾਲ ਪਰਾਰੰਭ ਹੋਇਆ। ਦੀਵਾਨ ਹਾਲ ਵਿਚ 50 ਅਖੰਡ ਪਾਠ ਪ੍ਰਾਰੰਭ ਕੀਤੇ ਗਏ। ਇਨ੍ਹਾਂ ਪਾਠਾਂ ਦੀ ਸੇਵਾ ਮਹਾਂਪੁਰਸ਼ਾਂ ਦੇ ਨਿਕਟਵਰਤੀ ਡਾ. ਸਵਾਮੀ ਰਾਮ ਦੇ ਸੰਚਾਲਨ ਕੀਤੇ ਮੈਡੀਕਲ ਕਾਲਜ ਅਤੇ ਹਸਪਤਾਲ ਜੌਲੀ ਗਰਾਂਟ (ਡੇਹਰਾਦੂਨ) ਦੇ ਪ੍ਰਬੰਧਕਾਂ ਨੇ ਕੀਤੀ ਅਤੇ ਇਨ੍ਹਾਂ ਪਾਠਾਂ ਦਾ ਸੁਚੱਜਾ ਪ੍ਰਬੰਧ ਸੰਤ ਅਵਤਾਰ ਸਿੰਘ ਧੂਲਕੋਟ ਨਾਨਕਸਰ ਵਾਲਿਆਂ ਵਲੋਂ ਕੀਤਾ ਗਿਆ। ਸਜੇ ਹੋਏ ਦੀਵਾਨ ਹਾਲ ਵਿਚ ਸਵੱਛ ਸਫੇਦ ਵਸਤਰਾਂ ਵਿਚ 50 ਅਖੰਡਪਾਠਾਂ ਦਾ ਦ੍ਰਿਸ਼ ਦੈਵੀ ਝਲਕ ਪੇਸ਼ ਕਰ ਰਿਹਾ ਸੀ।

ਵੱਡੇ ਸਜੇ ਹੋਏ ਪੰਡਾਲ ਵਿਚ ਭਾਈ ਗੁਰਪਾਲ ਸਿੰਘ ਫਗਵਾੜੇ ਵਾਲਿਆਂ ਨੇ 'ਸੰਤ ਮਹਿਮਾ' ਦੇ ਸ਼ਬਦ ਗਾਇਨ ਕੀਤੇ ਅਤੇ ਕਬੀਰ ਜੀ ਦਾ ਇਹ ਫੁਰਮਾਨ ਯਾਦ ਕਰਵਾਇਆ - 'ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰੁ॥ ਨਹੀ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥'

ਉਪਰੰਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਬੱਚਿਆਂ ਨੇ ਸ਼ਬਦ ਗਾਇਨ ਰਾਹੀਂ ਅਤੇ ਤੋਤਲੀ ਜ਼ਬਾਨ ਵਿਚ ਕੀਤੇ ਭਾਸ਼ਨਾ ਰਾਹੀਂ ਸੰਗਤਾਂ ਦਾ ਮਨ ਮੋਹ ਲਿਆ। ਮਨੋਹਰ ਮਿੱਠੇ ਗੀਤ ਗਾਏ ਅਤੇ ਈਦੂ ਸ਼ਰੀਫ ਢਾਡੀ ਜੱਥੇ ਨੇ ਸੁਰੀਲੀ ਆਵਾਜ਼ ਵਿਚ ਵਾਰਾਂ ਗਾਈਆਂ।

ਨਿਰਮਲੇ ਸੰਤ ਬੀਬੀ ਪ੍ਰੀਤਮ ਜੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਵਿਚ ਮਹਾਂਪੁਰਸ਼ਾਂ ਨੂੰ ਅਸਲ ਵੈਰਾਗੀ ਦੱਸਿਆ ਜੋ ਸੰਸਾਰ ਵਿਚ ਵਿਚਰਦਿਆਂ ਹੋਇਆਂ

ਵੈਰਾਗ ਅਵਸਥਾ ਵਿਚ ਵਿਚਰਦੇ ਸੀ। ਜਿਵੇਂ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ – 'ਜਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥ ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗ॥'

ਗੁਰੂ ਜੀ ਨੇ ਬਿਖਿਆ ਸੰਸਾਰ ਤੋਂ ਜਲ ਵਿਚ ਕਮਲ ਦੀ ਤਰ੍ਹਾਂ ਨਿਰਲੇਪ, ਉਦਾਸੀਨ ਹੋ ਕੇ ਵਿਚਰਨ ਨੂੰ ਵੈਰਾਗ ਕਿਹਾ ਹੈ। ਪੰਜਾਂ ਇੰਦ੍ਰੀਆਂ ਦੇ ਪੰਜ ਵਿਸ਼ਿਆਂ ਨੂੰ ਆਪਣੀ ਮਨੋਵਿਰਤੀ ਵਿਚ ਆਸਕਤੀ ਕਰਕੇ ਨਾਂਹ ਆਉਣ ਦੇਣਾ ਐਸੇ ਵੈਰਾਗੀ ਭੇਖ ਦੀ ਅਕਾਲਪੁਰਖ ਪਾਸੋਂ ਯਾਚਨਾ ਕੀਤੀ ਹੈ। ਗੁਰੂ ਜੀ ਨੇ ਕਿਹਾ ਹੈ ਕਿ ਐਸਾ ਵੈਰਾਗੀ ਹੋਣਾ ਹੀ ਉਤਮ ਭੇਖ ਹੈ।

ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲਿਆਂ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਦੀ ਵਿਦਿਅਕ ਖੇਤਰ ਵਿਚ ਕੀਤੀ ਸੇਵਾ ਦੀ ਵਿਸ਼ੇਸ਼ ਮਹੱਤਤਾ ਦੱਸੀ। ਉਨ੍ਹਾਂ ਦੱਸਿਆ ਕਿ ਵਿਦਿਆ ਤੀਜਾ ਨੇਤ੍ਰ ਹੈ ਅਤੇ ਬਾਬਾ ਜੀ ਨੇ ਆਈ.ਟੀ. ਕਾਲਜ ਅਤੇ 7 ਪਬਲਿਕ ਸਕੂਲ ਖੋਲ੍ਹ ਕੇ ਮਹਾਨ ਸੇਵਾ ਕੀਤੀ ਹੈ। ਅੱਜ ਦੇ ਸਮਾਗਮ ਵਿਚ ਸੰਤ ਸੁਰਜੀਤ ਸਿੰਘ ਪਟਿਆਲੇ ਵਾਲੇ, ਸੰਤ ਬਲਵੰਤ ਸਿੰਘ ਖੇੜੀ ਵਾਲੇ, ਸੰਤ ਨਛੱਤਰ ਸਿੰਘ ਝਾਮਪੁਰ ਵਾਲੇ, ਸੰਤ ਹਰਨੇਕ ਸਿੰਘ ਧਨੋਹੀ ਵਾਲੇ, ਸੰਤ ਲਖਬੀਰ ਸਿੰਘ ਜੀ ਦਦਹੇੜੀ ਵਾਲੇ, ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ' ਵਲੋਂ ਆਯੋਜਿਤ ਆਰਟ ਅਤੇ ਸਾਇੰਸ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ। ਗੁਰੂ ਕੇ ਲੰਗਰ ਅਤੁੱਟ ਵਰਤੇ। ਸਟੇਜ ਦੀ ਸੇਵਾ ਸ. ਭਾਗ ਸਿੰਘ ਖੈਰਪੁਰੀ ਅਤੇ ਬਾਬਾ ਫਕੀਰ ਸਿੰਘ ਨੇ ਨਿਭਾਈ।

ਸਮਾਗਮ ਦਾ ਦੂਸਰਾ ਦਿਨ

ਰਤਵਾੜਾ ਸਾਹਿਬ ਵਿਖੇ ਹੋ ਰਹੇ 13ਵੇਂ ਗੁਰਮਤਿ ਸਮਾਗਮ ਦੇ ਦੂਜੇ ਦਿਨ ਬਾਬਾ ਹਰਪਾਲ ਸਿੰਘ ਜੀ ਨੇ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਬਾਬਾ ਜੀ ਸੇਵਾ ਅਤੇ ਸਿਮਰਨ ਦੀ ਮੂਰਤ ਸਨ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਾਮ ਜਪਿਆ ਤੇ ਦੇਸ ਪ੍ਰਦੇਸ ਵਿਚ ਜਾ ਕੇ ਨਾਮ ਜਪਾਇਆ। ਉਹ ਪਰਉਪਕਾਰੀ ਮਹਾਂਪੁਰਸ਼ ਸਨ ਜੋ ਸਦਾ ਸੇਵਾ ਵਿਚ ਤਤਪਰ ਰਹਿੰਦੇ ਸਨ ਭਾਵੇਂ ਇਹ ਸੇਵਾ ਪੰਜਾਬ ਵਿਚ ਆਏ ਹੜ੍ਹਾਂ ਸਮੇਂ ਆ ਬਣੀ, ਚਾਹੇ ਗੁਜਰਾਤ ਦੇ ਭੁਚਾਲਾਂ ਸਮੇਂ ਉਤਪੰਨ ਹੋਈ। ਆਪ ਜੀ ਨੇ ਮੂਹਰੇ ਹੋ ਕੇ ਸੇਵਾ ਕੀਤੀ। ਬਾਬਾ ਜੀ ਨੇ ਦੱਸਿਆ ਕਿ ਮਹਾਂਪੁਰਸ਼ ਇਹ ਧਾਰਨਾ ਆਮ ਲਾਉਂਦੇ ਸਨ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਨ ਪਾਈਦੈ।

ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਦੀ ਮੈਡੀਕਲ ਇੰਸਟੀਚਿਊਟ ਵਲੋਂ ਡਾਕਟਰਾਂ ਦੀ ਟੀਮ ਨੇ ਚੈਕਅਪ ਅਤੇ ਦਵਾਈ ਫਰੀ ਦੇਣ ਦੀ ਸੇਵਾ ਨਿਭਾਈ।

ਅੱਜ 31 ਅਕਤੂਬਰ 2001 ਦੁਪਹਿਰ 1.13 ਵਜੇ ਮਹਾਂਪੁਰਸ਼ਾਂ ਨੇ ਸਰੀਰਕ ਚੋਲਾ ਛੱਡਿਆ ਸੀ। ਇਸ ਸਮੇਂ ਨੂੰ ਸਾਰੀ ਸੰਗਤ ਨੇ ਸੰਭਾਲਿਆ ਤੇ 'ਵਾਹਿਗੁਰੂ' ਦੀ ਧੁਨੀ ਵਿਚ ਪੰਜ ਮਿੰਟ ਲਈ ਸੰਗਤ ਜੁੜੀ ਰਹੀ। ਨਿਰਮਲੇ ਸੰਤ ਬੀਬੀ ਪ੍ਰੀਤਮ ਜੋਤੀ ਹਰੀ ਜੀ ਨੇ 'ਤਿਆਗ' ਅਤੇ 'ਵੈਰਾਗ' ਦੀ ਲੜੀ ਨੂੰ ਅੱਗੇ ਤੋਰਦਿਆਂ ਦੱਸਿਆ ਕਿ ਜਦੋਂ ਦਰਸ਼ਨਾਂ ਦੀ ਪਿਆਸ ਤੇ ਤੜਪ ਅੰਦਰ ਲੱਗੀ ਹੋਵੇ, 'ਦਰਸ ਤੇਰੇ ਕੀ ਪਿਆਸ ਮਨ ਲਾਗੀ ਸਹਜ ਅਨੰਦ ਬਸੈ ਬੈਰਾਗੀ' ਤਾਂ ਮਨ ਬੈਰਾਗ ਵਿਚ ਆਉਂਦਾ ਹੈ, ਦੇਸ਼, ਕਾਲ ਵਸਤੂ ਦੀਆਂ ਪ੍ਰਸਥਿਤੀਆਂ ਭੁੱਲ ਜਾਂਦੀਆਂ ਹਨ, ਹਉਮੈ ਦੀ ਪਾਲ ਟੁੱਟ ਜਾਂਦੀ ਹੈ ਤੇ 'ਫਲ ਕਾਰਨ ਫੂਲੀ ਬਨਰਾਇ' ਵਾਲੀ ਅਵਸਥਾ ਬਣ ਜਾਂਦੀ ਹੈ, ਜਿਵੇਂ ਗੁਰੂ ਅੰਗਦ ਦੇਵ ਮਹਾਰਾਜ, ਗੁਰੂ ਅਮਰਦਾਸ ਜੀ ਮਹਾਰਾਜ ਤੇ ਇਹ ਅਵਸਥਾ ਬਣੀ ਤੇ ਉਹ ਗੁਰੂ-ਰੂਪ ਹੀ ਹੋ ਗਏ। ਉਨ੍ਹਾਂ ਦੱਸਿਆ ਕਿ ਗੁਰੂ ਨਾਲ ਤਨੋਂ ਮਨੋਂ, ਸੱਚੇ ਹਿਰਦੇ ਤੋਂ ਜੁੜਨ ਨਾਲ ਹੀ ਇਹ ਅਵਸਥਾ ਬਣਦੀ ਹੈ।

ਅੱਜ ਦਾ ਇਹ ਸਮਾਗਮ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਨਾਲ ਪ੍ਰਾਰੰਭ ਹੋਇਆ। ਮੁੱਖ ਦੀਵਾਨ ਅਸਥਾਨ ਤੇ ਭਾਈ ਕਰਤਾਰ ਸਿੰਘ ਬਨੂੜ ਵਾਲਿਆਂ ਨੇ ਰਸਭਿੰਨਣਾ ਕੀਰਤਨ ਕੀਤਾ। ਬੀਬੀ ਬਲਬੀਰ ਕੌਰ ਭੰਬੋਰ ਵਾਲਿਆਂ ਨੇ ਬਾਬਾ ਜੀ ਦੇ ਪਿਆਰ ਵਿਚ ਭਿੱਜ ਕੇ ਕੀਰਤਨ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ। ਬਾਬਾ ਰਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰ ਵਾਲਿਆਂ ਨੇ ਬਾਬਾ ਜੀ ਦੇ ਵਿਛੋੜੇ ਤੇ ਵੈਰਾਗ ਦੀ ਸੁਰ ਵਿਚ ਕੀਰਤਨ ਕੀਤਾ। ਸਵਾਮੀ ਭੋਲੇ ਸ਼ੰਕਰ ਜੀ ਨੇ ਵਾਹਿਗੁਰੂ ਸਿਮਰਨ ਦੀ ਮਹਾਨਤਾ ਦੱਸੀ। ਸੰਤ ਸ਼ਮਸ਼ੇਰ ਸਿੰਘ ਭੜੋਜੀਆਂ ਵਾਲਿਆਂ ਨੇ ਮਹਾਂਪੁਰਸ਼ਾਂ ਦੇ ਪਰਉਪਕਾਰ ਦੱਸੇ। ਭਾਈ ਕੁਲਦੀਪ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਬਾਬਾ ਜੀ ਦੀ ਉਚੀ ਅਧਿਆਤਮਕ ਅਵਸਥਾ ਦਾ ਜ਼ਿਕਰ ਕੀਤਾ। ਭਾਈ ਗੁਰਪਾਲ ਸਿੰਘ ਯੂ.ਪੀ. ਵਾਲੇ, (ਹਾਲ, ਫਗਵਾੜਾ) ਨੇ 'ਕੋਈ ਆਣ ਮਿਲਾਵੇ ਮੇਰਾ ਪ੍ਰੀਤਮ ਪਿਆਰਾ' ਦੀ ਰਸ-ਭਿੰਨੀ ਧਉਨੀ ਗਾਈ ਅਤੇ 'ਇਸ਼ਕ ਮੁਸ਼ਕ ਮਹਕਾਰ ਹੋਏ' ਦੀ ਵਿਆਖਿਆ ਕੀਤੀ ਤੇ ਬਾਬਾ ਜੀ ਨੂੰ ਪਿਆਰ ਦਾ ਰੂਪ ਦੱਸਿਆ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਪਿਆਰ ਹੀ ਵੰਡਿਆ। ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਬਾਬਾ ਜੀ ਨੂੰ ਅਨੇਕ ਗੁਣ ਸੰਪੰਨ ਸ਼ਖਸ਼ੀਅਤ ਦੱਸਿਆ।

ਸ. ਸੰਤੋਖ ਸਿੰਘ ਰੰਧਾਵਾ ਸਾਬਕਾ ਪ੍ਰਧਾਨ, ਪੰਜਾਬ ਕਾਂਗਰਸ ਨੇ ਸੰਤ ਮਹਾਰਾਜ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨਾਲ ਆਪਣੀ ਬਹੁਤ ਪੁਰਾਣੀ 1955 ਤੋਂ ਸਾਂਝ ਪ੍ਰਗਟਾਂਦਿਆਂ ਦੱਸਿਆ ਕਿ ਓਦੋਂ ਪੰਜਾਬ ਵਿਚ ਵੱਡੇ ਹੜ੍ਹ

ਆਏ ਹੋਏ ਸਨ, ਸ. ਪ੍ਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਸਨ, ਸੰਤ ਮਹਾਰਾਜ ਸਕੱਤ੍ਰੇਤ ਵਿਚ ਅਸਿਸਟੈਂਟ ਸਨ। ਰੰਧਾਵਾ ਜੀ ਨੇ ਦੱਸਿਆ ਕਿ ਉਸ ਸਮੇਂ ਵੀ ਉਹ ਸੇਵਾ ਦੀ ਮੂਰਤ ਬਣ ਕੇ ਦਿਨ ਰਾਤ ਕੰਮ ਕਰਦੇ ਰਹੇ ਤੇ ਕਿਹਾ ਕਰਦੇ ਸੀ ਕਿ ਆਪਣੀ ਡਿਊਟੀ ਨੂੰ ਪੂਰੀ ਈਮਾਨਦਾਰੀ ਨਾਲ ਕਰਨਾ ਹੀ ਅਸਲ ਧਰਮ ਹੈ। ਰੰਧਾਵਾ ਜੀ ਨੇ ਬਾਬਾ ਜੀ ਦੇ ਜੀਵਨ ਦੇ ਅਨੇਕ ਚਮਤਕਾਰ ਦੱਸੇ ਅਤੇ ਬੀਬੀ ਰਣਜੀਤ ਕੌਰ (ਬੀਜੀ) ਦੇ ਹਰ ਤਰ੍ਹਾਂ ਦੇ ਸਹਿਯੋਗ ਤੇ ਸੇਵਾ ਦੀ ਵੀ ਸਰਾਹਨਾ ਕੀਤੀ। ਇਦੂ ਸ਼ਰੀਫ ਕੁਲਦੀਪ ਤੁਰ ਨੇ ਗੀਤ ਗਾਇਨ ਰਾਹੀਂ ਵੀ ਹਾਜ਼ਰੀ ਲੁਆਈ।

ਮਹਾਂਪੁਰਸ਼ਾਂ ਦੇ ਨਾਮ ਨਾਲ ਸਬੰਧਿਤ ਸੰਤ ਵਰਿਆਮ ਸਿੰਘ ਸਿੰਘ ਪਬਲਿਕ ਸਕੂਲ ਰਾਜਪੁਰਾ ਅਤੇ ਬਨੂੜ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ, ਸੰਤ ਵਰਿਆਮ ਸਿੰਘ ਪਬਲਿਕ ਸਕੂਲ ਰਤਵਾੜਾ ਸਾਹਿਬ ਦੇ ਬੱਚਿਆਂ ਨੇ ਮਿੱਠੀ ਧੁਨ ਵਿਚ ਸ਼ਬਦ-ਕੀਰਤਨ ਕੀਤਾ ਅਤੇ ਭਾਸ਼ਨ ਵੀ ਦਿਤੇ। ਪ੍ਰਦਰਸ਼ਨੀ ਅੱਜ ਵੀ ਖਿੱਚ ਦਾ ਕਾਰਨ ਬਣੀ ਰਹੀ ਅਤੇ ਸੰਗਤਾਂ ਨੇ ਪੂਰੇ ਉਤਸ਼ਾਹ ਨਾਲ ਸਾਰੀਆਂ ਝਾਕੀਆਂ ਨੂੰ ਨਿਹਾਰਿਆ। ਸਟੇਜ ਦੀ ਸੇਵਾ ਸ. ਭਾਗ ਸਿੰਘ ਖੈਰਪੁਰੀ ਅਤੇ ਭਾਈ ਫਕੀਰ ਸਿੰਘ ਜੀ ਨੇ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤੇ।

ਸਮਾਗਮ ਦਾ ਤੀਸਰਾ ਦਿਨ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਦੂਜੀ ਬਰਸੀ ਦੇ ਸਬੰਧ ਵਿਚ ਹੋ ਰਹੇ 4 ਦਿਨਾਂ ਗੁਰਮਤਿ ਸਮਾਗਮ ਦੇ ਅੱਜ ਤੀਜੇ ਦਿਨ ਦੇ ਦੀਵਾਨ ਨੂੰ ਸੰਬੋਧਨ ਕਰਦਿਆਂ ਡੇਰੇ ਦੇ ਸੇਵਾਦਾਰ ਬਾਬਾ ਹਰਪਾਲ ਸਿੰਘ ਜੀ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਨੂੰ ਮਹਾਨ ਆਤਮਵਾਦੀ, ਸੰਸਾਰ ਦੀ ਅਨੋਖੀ ਰੂਹਾਨੀ ਸ਼ਖਸੀਅਤ ਦੱਸਿਆ ਜਿਨ੍ਹਾਂ ਨੇ ਦੇਸ ਪ੍ਰਦੇਸ ਵਿਚ ਮਨੁੱਖਤਾ ਨੂੰ ਹਉਮੈ ਦੇ ਦੀਰਘ ਰੋਗ ਤੋਂ ਨਵਿਰਤ ਕਰਨ ਦੇ ਉਪਦੇਸ਼ ਦਿਤੇ ਅਤੇ ਅਨੰਦਮਈ ਸੁਖੀ ਜੀਵਨ ਜੀਉਣ ਦੀ ਜਾਚ ਸਿਖਾਈ। ਬਾਬਾ ਜੀ ਨੇ ਦੱਸਿਆ ਕਿ ਮਹਾਂਪੁਰਸ਼ ਆਪਣੇ ਦੀਵਾਨਾਂ ਵਿਚ ਇਹ ਧਾਰਨਾ ਆਮ ਲਾਇਆ ਕਰਦੇ ਸਨ - 'ਭੋਲਿਆ ਹਉਮੈ ਸੁਰਤਿ ਵਿਸਾਰ' ਉਨ੍ਹਾਂ ਦੱਸਿਆ ਕਿ ਹਉਮੈ ਦੇ ਦੀਰਘ ਰੋਗ ਨੇ ਹੀ ਮਨੁੱਖਤਾ ਨੂੰ ਦੁਖੀ ਕੀਤਾ ਹੋਇਐ, ਬਖੇੜੇ ਝਗੜੇ ਖੜ੍ਹੇ ਕੀਤੇ ਹੋਏ ਹਨ, ਇਸ ਦੀ ਨਵਿਰਤੀ ਨਾਲ ਹੀ ਜੀਵਨ ਸੁਖੀ ਹੋ ਸਕਦਾ, ਦੇਸ਼ਾਂ ਵਿਚ ਅਮਨ ਹੋ ਸਕਦਾ ਹੈ। 'ਆਤਮ ਮਾਰਗ' ਬਾਬਾ ਜੀ ਦੀ ਮਹਾਨ ਦੇਣ ਹੈ ਜੋ ਆਤਮਾ-ਪ੍ਰਮਾਤਮਾ ਦੇ ਸੁਮੇਲ ਦਾ ਮਾਰਗ ਦਰਸ਼ਨ ਕਰਦਾ ਹੈ। ਆਈ.ਟੀ. ਕਾਲਜ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਆਪ ਦੀਆਂ ਮਹਾਨ ਦੇਣਾਂ ਹਨ। ਮਹਾਂਪੁਰਸ਼ਾਂ ਨੇ ਸਾਡੇ ਸਾਰਿਆਂ ਲਈ ਆਪਣਾ ਤਨ, ਮਨ, ਧਨ ਲਾ ਦਿਤਾ। ਸਾਨੂੰ ਉਨ੍ਹਾਂ ਦੇ ਪਰਾਰੰਭ ਕੀਤੇ ਕਾਰਜਾਂ ਨੂੰ ਅੱਗੇ ਤੋਰਨਾ ਚਾਹੀਦਾ ਹੈ।

(ਬਾਕੀ ਪੰਨਾ 41 ਤੇ)

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਸ਼ਾਨ ....।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਪੰਨਾ – 256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਪੰਨਾ – 289

ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥
ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥
ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ॥
ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥
ਪੰਨਾ – 1218

ਧਾਰਨਾ – ਸੰਸਾ ਮੇਰਾ ਓ, ਉਤਰ ਗਿਆ –2, 2.
ਪਿਆਰੇ ਜਬ ਤੇ ਦਰਸ਼ਨ ਪਾਇਆ –2, 2.
ਪਿਆਰੇ ਜਬ ਤੇ ਦਰਸ਼ਨ ਪਾਇਆ,
ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦਾ –2, 2.
ਪਿਆਰਿਓ, ਸੇਵਾ ਕਰਕੇ ਮਾਣ ਪਾਈਦੈ –2, 2.
ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,..... –2.

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪਾਂ ਸਾਰਿਆਂ ਨੇ ਰਲ-ਮਿਲ ਕੇ ਸੇਵਾ ਤੇ ਸਿਮਰਨ ਦੀ ਵਿਚਾਰ ਕਰਨੀ ਹੈ। ਨਾਮ ਜਪਣ ਦੇ ਨਾਲ ਸਾਰੇ ਕਿਸਮ ਦੇ ਦੁਖ ਆਧੀ, ਬਿਆਧੀ, ਉਪਾਧੀ। ਪੰਜ ਕਿਸਮ ਦੇ ਕਲੇਸ਼ ਜੋ ਸਾਰੇ ਸੰਸਾਰ ਦੇ ਪ੍ਰਾਣੀਆਂ ਤੇ ਪਏ ਹੋਏ ਨੇ, ਜਿਨ੍ਹਾਂ ਨੂੰ ਨਵਿਰਤ ਕਰਨਾ ਹੱਦ ਤੋਂ ਜ਼ਿਆਦਾ ਕਠਨ ਹੈ। ਉਨ੍ਹਾਂ ਵਿਚ ਪਹਿਲਾ ਹੈ **ਅਵਿਦਿਆ** ਜੋ ਅਸਲ ਚੀਜ਼ ਹੈ ਉਸ ਨੂੰ ਨਾ ਜਾਣ ਕੇ, ਨਕਲ ਨੂੰ ਜਾਨਣਾ। ਨਕਲ ਨੂੰ ਅਸਲ ਕਹਿਣਾ ਤੇ ਅਸਲ ਨੂੰ ਨਕਲ ਕਹਿਣਾ।

ਦੂਸਰਾ **ਅਭਿਨਿਵੇਸ਼** ਹੋਇਆ ਕਰਦਾ ਹੈ। ਕਾਲ ਤੋਂ ਡਰਨਾ, ਨਾ ਮੁਆਫਕ ਹਾਲਾਤ, ਜਿਹੜੇ ਆਪਣੇ ਹੱਕ ਵਿਚ ਨਾ ਹੋਣ ਉਨ੍ਹਾਂ ਨੂੰ ਅੰਦਾਜ਼ੇ ਵਿਚ ਲਿਆ ਕੇ ਪਹਿਲਾਂ ਹੀ ਘਬਰਾਉਣਾ।

ਅਸਿਮਿਤਾ ਤੀਸਰਾ ਹੈ। ਅਸਲ ਚੀਜ਼ ਵਾਹਿਗੁਰੂ ਨੂੰ ਸਤਿ ਨਹੀਂ ਕਹਿਣਾ, ਦੁਨੀਆਂ ਨੂੰ ਸਤਿ ਕਹਿਣਾ।

ਚੌਥਾ **ਰਾਗ** ਹੈ। ਪਕੜ, ਮੈਂ ਤੇ ਮੇਰੀ। ਬੜਾ ਭਾਰਾ ਦੁਖ ਹੈ ਜਦੋਂ ਤੱਕ ਇਹ ਰਹਿੰਦੀਆਂ ਹਨ।

ਪੰਜਵਾਂ **ਦ੍ਵੈਸ਼** ਹੈ। ਵੈਰ-ਭਾਵ, ਨਫਰਤ, ਈਰਖਾ ਆਦਿ।

ਸੋ ਇਹ ਕੁਝ ਦੁਖ ਨੇ ਸੰਸਾਰ ਤੇ, ਆਧੀ ਬਿਆਧੀ ਉਪਾਧੀ ਤਿੰਨ ਕਿਸਮ ਦੇ ਇਹ ਦੁਖ ਨੇ। ਹੋਰ ਬੇਅੰਤ ਕਿਸਮ ਦੇ ਦੁਖ ਨੇ। ਵਾਹਿਗੁਰੂ ਨੇ ਸੰਸਾਰ ਵਿਚ ਦੁਖ ਨਹੀਂ ਸੀ ਬਣਾਇਆ। ਮਹਾਰਾਜ ਜੀ ਨੇ ਸਾਰਾ ਸੰਸਾਰ ਆਪਣੇ ਰਹਿਣ ਦਾ ਸੰਸਾਰ ਬਣਾਇਆ ਸੀ –

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਪੰਨਾ – 463

ਫੇਰ ਦੁਖ ਕਿਥੋਂ ਆ ਗਿਆ? ਜੋ ਚੀਜ਼ ਬਣੀ ਹੀ ਨਹੀਂ ਸੀ ਉਹ ਆ ਕਿਥੋਂ ਗਈ? ਇਹ ਸਵਾਲ ਹੈ ਸੋਝੀਵਾਨ ਬੰਦੇ ਦੇ ਮਨ ਵਿਚ। ਇਕ ਅਵਸਥਾ ਆਉਂਦੀ ਹੈ ਕਿ –

ਦੁਖ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਪੰਨਾ – 1302

ਇਥੇ ਉਦਾਸੀ ਤੇ ਦੁਖ (sorrow & pain) (ਗਮ, ਅਫਸੋਸ, ਚਿੰਤਾ ਤੇ ਦੁਖ ਦਰਦ) ਦੀ ਕੋਈ ਥਾਂ ਨਹੀਂ ਹੈ। ਸੰਸਾਰ ਦੇ ਅੰਦਰ ਇਹ ਝੂਠੇ ਨਾ ਹਨ, ਫੇਰ ਇਹ ਆ ਕਿਥੋਂ ਗਿਆ? ਅਸੀਂ ਸਾਰੇ ਦੁਖੀ ਹਾਂ, ਕੋਈ ਵਿਰਲਾ ਵਿਰਲਾ ਪੁਰਸ਼ ਹੈ ਜਿਹੜਾ ਸੁਖੀ ਹੈ, ਬਾਕੀ ਤਾਂ ਸਾਰਾ ਸੰਸਾਰ ਦੁੱਖਾਂ ਨਾਲ ਭਰਿਆ ਪਿਆ ਹੈ।

ਗੁਰੂ ਨਾਨਕ ਪਾਤਿਸ਼ਾਹ ਜਦੋਂ ਸੁਮੇਰ ਪਰਬਤ ਤੇ ਜਾਂਦੇ ਨੇ ਉਥੇ ਬਹੁਤ ਕਾਬਲ ਯੋਗ ਮਾਰਗ ਤੇ ਤੱਤ ਗਿਆਨ ਵਿਚ ਨਿਪੁੰਨ, ਗੋਰਥ ਨਾਥ ਆਦਿ ਜੋਗੀਆਂ ਨਾਲ ਵਾਹ ਪਿਆ। ਗੁਰੂ ਨਾਨਕ ਸਾਹਿਬ ਦੇ ਮਤ ਤੇ ਉਨ੍ਹਾਂ ਮਤ ਵਿਚ ਥੋੜ੍ਹਾ ਜਿਹਾ ਫਰਕ ਸੀ। ਗੁਰੂ ਨਾਨਕ ਪਾਤਿਸ਼ਾਹ ਦਾ ਮਤ ਪ੍ਰਾਕਿਰਤੀ ਤੋਂ ਥੋੜ੍ਹਾ ਪਹਿਲਾ ਸ਼ੁਰੂ ਹੁੰਦਾ ਸੀ। ਜੋਗੀਆਂ ਦੇ ਮਤ ਵਿਚ ਈਸ਼ਵਰ, ਜੀਵ ਤੇ ਪ੍ਰਕਿਰਤੀ ਤਿੰਨ ਚੀਜ਼ਾਂ ਅਨਾਦੀ ਨੇ, ਇਨ੍ਹਾਂ ਨੂੰ ਬਣਾਉਣ ਵਾਲਾ ਕੋਈ ਨਹੀਂ ਹੈ। ਉਨ੍ਹਾਂ ਦੇ ਮਨ ਅਨੁਸਾਰ ਮਾਇਆ ਸਦੀਵੀ ਹੈ, ਮੁੱਢ ਤੋਂ ਚਲੀ ਆਉਂਦੀ ਹੈ। ਜੀਵ ਜਾਂ ਜਿਸ ਨੂੰ ਅਸੀਂ ਰੂਹ ਕਹਿੰਦੇ ਹਾਂ ਇਸ ਨੂੰ ਵੀ ਉਹ ਸ਼ੁਰੂ ਤੋਂ ਚਲਿਆ ਆਉਂਦਾ ਮੰਨਦੇ ਸਨ ਭਾਵ ਇਹ ਵੀ ਅਨਾਦੀ ਹੈ ਤੇ ਈਸ਼ਵਰ ਵੀ ਅਨਾਦੀ ਹੈ।

ਗੁਰੂ ਨਾਨਕ ਮਹਾਰਾਜ ਜੀ ਨੇ ਇਹ ਗੱਲ ਕਹੀ ਕਿ ਨਹੀਂ, ਇਹ ਦੋਵੇਂ ਚੀਜ਼ਾਂ ਨਹੀਂ ਹਨ। ਮਾਇਆ ਦਾ ਕੋਈ

ਆਦਿ ਨਹੀਂ ਹੈ, ਜੀਵ ਦਾ ਕੋਈ ਆਦਿ ਨਹੀਂ ਹੈ। ਜਿਹੜੇ ਜੀਵ ਹਨ ਉਹ –

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ....॥ ਪੰਨਾ – 1

ਇਹ ਵਾਹਿਗੁਰੂ ਦੇ ਹੁਕਮ ਨਾਲ ਹੋਏ ਨੇ ਤੇ ਜਿਹੜੀ ਮਾਇਆ ਹੈ ਉਹ –

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਪੰਨਾ – 537

ਇਹ ਵੀ ਵਾਹਿਗੁਰੂ ਨੇ ਆਪੇ ਹੀ ਪਸਾਰੀ ਹੈ, ਮਾਇਆ ਦਾ ਕੋਈ ਵਜੂਦ ਨਹੀਂ ਤੇ ਜੇ ਕੋਈ ਹੈ ਤਾਂ ਕੇਵਲ ਨਿਰੰਕਾਰ ਹੈ ਤੇ ਉਸ ਦੇ –

ਏਕ ਕਵਾਵੈ ਤੇ ਸਭਿ ਹੋਆ॥ ਪੰਨਾ – 1003

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ ਪੰਨਾ – 2

ਇਕ ਸ਼ਬਦ 'ਓਅੰਕਾਰ' ਕਹਿਣ ਨਾਲ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋ ਕੇ ਇਹ ਸ਼ਬਦ ਘਟ-ਘਟ ਵਿਚ ਵਿਆਪਕ ਹੋ ਗਿਆ, ਜਿਸ ਨੂੰ 'ਸੋ ਸ਼ਬਦ' ਕਹਿੰਦੇ ਨੇ 'ਏਕ ਸ਼ਬਦ' ਕਹਿੰਦੇ ਨੇ –

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ॥ ਪੰਨਾ – 795

ਉਹ ਕਹਿੰਦੇ ਕਿ ਹੇ ਨਾਨਕ! ਜੇ ਅਸੀਂ ਤੇਰੀ ਗੱਲ ਮੰਨ ਲੇਈਏ ਕਿ ਇਥੇ ਕੇਵਲ ਵਾਹਿਗੁਰੂ ਸੀ ਤੇ ਵਾਹਿਗੁਰੂ ਦੇ ਲੱਛਣ ਦੱਸ। ਮਹਾਰਾਜ ਜੀ ਕਹਿੰਦੇ 'ਸਚਿਦਾਨੰਦ'। ਉਹ ਸਦਾ 'ਸਤਿ' ਹੈ, ਉਹ ਚੇਤਨ ਹੈ ਤੇ ਸਦਾ ਹੀ ਉਹ ਪਰਮਾਨੰਦ ਹੈ।

ਉਹ ਕਹਿੰਦੇ, "ਜੇ ਅਨੰਦ ਹੈ ਫੇਰ ਦੁਖ ਕਿਥੋਂ ਆ ਗਿਆ, ਸੰਸਾਰ ਕਿਥੋਂ ਬਣ ਗਿਆ? ਬੜਾ ਗੰਭੀਰ ਸਵਾਲ ਹੈ, ਫਿਲਾਸਫੀ ਦਾ। ਜਿਥੋਂ ਗੁਰਮਤਿ ਸ਼ੁਰੂ ਹੁੰਦੀ ਹੈ, ਆਨਮੱਤਾਂ ਨਾਲੋਂ ਜਿਥੋਂ ਸਾਡਾ ਨਿਖੇੜਾ ਹੁੰਦਾ ਹੈ। ਬਾਕੀ ਮੱਤ ਆਤਮਾ ਤੱਕ ਪਹੁੰਚਦੇ ਨੇ ਪਰ ਸਾਡੇ ਆਤਮਾ ਤੋਂ ਉਪਰ 'ਨਦਰਿ' ਦਾ ਕ੍ਰਿਸ਼ਮਾ ਹੁੰਦਾ ਹੈ ਤੇ ਫੇਰ ਅਸੀਂ ਪਰਮਾਤਮਾ ਤੱਕ ਪਹੁੰਚਦੇ ਹਾਂ, ਇਹ ਭਿੰਨਤਾ ਹੈ ਵੱਡੀ। ਅਭਿਆਸੀ, ਜਗਿਆਸੂ ਤੇ ਫਿਲਾਸਫਾਂ ਨੂੰ ਇਸ ਦਾ ਪਤਾ ਲੱਗ ਸਕਦਾ ਹੈ, ਬਾਕੀ ਸੰਸਾਰ ਨੂੰ ਇਸ ਗੱਲ ਦੀ ਸੋਝੀ ਨਹੀਂ ਆਉਂਦੀ ਕਿ ਇਹ ਕੀ ਕਿਹਾ ਜਾ ਰਿਹਾ ਹੈ। ਕੋਈ ਵਿਰਲੀ ਰੂਹ ਹੈ ਜਿਸ ਦਾ ਇਸ ਬਰੀਕ ਸਵਾਲ ਨਾਲ ਵਾਹ ਪੈਂਦਾ ਹੈ।

ਕਹਿੰਦੇ, "ਹੇ ਨਾਨਕ! ਫੇਰ ਦੁਖ ਕਿਥੋਂ ਆਗਿਆ ਜਦੋਂ ਵਾਹਿਗੁਰੂ ਹੀ ਵਾਹਿਗੁਰੂ ਸੀ? ਫੇਰ ਸੰਸਾਰ ਕਿਥੋਂ ਬਣ ਗਿਆ?"

ਉਨ੍ਹਾਂ ਦੇ ਜੋ ਅਸਲੀ ਸ਼ਬਦ (ਅੱਖਰ) ਸਨ ਉਹ ਮਹਾਰਾਜ ਜੀ ਨੇ 'ਸਿਧ ਗੋਸਟਿ' ਅੰਦਰ ਅੰਕਤ ਕੀਤੀ ਹੈ ਤੇ ਸਵਾਲ ਸੀ ਕਿ –

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ – 946

ਇਹ ਸੰਸਾਰ ਫੇਰ ਕਿਵੇਂ ਬਣ ਗਿਆ ਤੇ ਦੁਖ ਦਾ ਨਾਸ਼ ਕਿਵੇਂ ਹੋਵੇ?

ਮਹਾਰਾਜ ਜੀ ਕਹਿੰਦੇ, "ਹੇ ਸਿਧੋ! ਅਕਾਲ ਪੁਰਖ ਦੀ ਮੌਜ ਦੇ ਨਾਲ, ਹੁਕਮ ਦੇ ਨਾਲ ਇਕ ਤੱਤ ਪੈਦਾ ਹੋਇਆ ਜਿਸ ਨੂੰ 'ਹਉਮੈ' ਕਹਿੰਦੇ ਹਨ। ਉਸ ਹਉਮੈ ਨੇ ਸਾਰਾ ਪਸਾਰਾ ਕਰ ਦਿੱਤਾ। ਹਉਮੈ ਤੋਂ ਮਾਇਆ ਤ੍ਰਿਗੁਣੀ ਪੈਦਾ ਹੋਈ ਤੇ ਇਸ ਮਾਇਆ ਤੋਂ ਪੰਜ ਸੂਖਮ ਭੂਤ ਹੋਏ – ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ੍ਹਾਂ ਤੋਂ ਅੱਗੇ ਪੰਜ ਸਥੂਲ ਭੂਤ ਪੈਦਾ ਹੋਏ – ਪਉਣ, ਪਾਣੀ, ਅਗਨੀ (ਬੈਸੰਤਰ), ਅਕਾਸ਼ ਤੇ ਮਿੱਟੀ। ਇਸ ਤੋਂ ਬਾਅਦ ਸੰਸਾਰ ਦੀ ਰਚਨਾ ਸ਼ੁਰੂ ਹੋ ਗਈ।"

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
ਪੰਨਾ – 19

ਸੋ ਕਹਿਣ ਲੱਗੇ ਕਿ ਹਉਮੈ ਵਿਚ ਸੰਸਾਰ ਦਾ ਵਜੂਦ ਕਾਇਮ ਹੋ ਗਿਆ।

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥
ਪੰਨਾ – 946

ਸੋ ਮਹਾਰਾਜ ਜੀ ਨੇ ਇਹ ਅਧਾਰ ਬਣਾ ਦਿੱਤਾ ਸਾਧ ਸੰਗਤ ਜੀ! ਕਿ ਜੇ ਨਾਮ ਵਿਸਰਦਾ ਹੈ ਤਾਂ ਦੁਖ ਆਉਂਦਾ ਹੈ ਜੇ ਨਾਮ ਨਾ ਵਿਸਰੇ ਫੇਰ ਦੁਖ ਨਹੀਂ ਆਇਆ ਕਰਦਾ। ਬਹੁਤ ਧਿਆਨ ਦੇ ਨਾਲ ਸੁਣਿਓ ਤੇ ਸਮਝਣ ਦਾ ਯਤਨ ਕਰਿਓ ਜਦੋਂ ਧਿਆਨ ਦੇ ਨਾਲ ਸਮਝੋਗੇ ਫੇਰ ਮੇਰੇ ਨਾਲ-ਨਾਲ ਚਲੇ ਚਲੋਗੇ, ਜੇ ਮਨ ਏਧਰ ਓਧਰ ਗਿਆ, ਬੱਚੇ ਬੋਲਦੇ ਰਹੇ ਫੇਰ ਵਿਘਨ ਹੋ ਜਾਂਦਾ ਹੈ ਤੇ ਸੂਖਮ ਵਿਚਾਰ ਮਨ ਵਿਚ ਘਟ ਆਉਂਦੀ ਹੈ, ਅਸਲੀ ਚੀਜ਼ ਨਹੀਂ ਫੜੀ ਜਾ ਸਕਦੀ।

ਸੋ ਮਹਾਰਾਜ ਜੀ ਕਹਿੰਦੇ ਜਿੰਨਾ ਸੰਸਾਰ ਵਿਚ ਦੁਖ ਹੈ, ਪਰੇਸ਼ਾਨੀ ਹੈ, ਬਿਮਾਰੀ ਹੈ, ਝੁੰਜਲਾਹਟ ਹੈ ਇਹ ਸਭ ਨਾਮ ਨੂੰ ਭੁੱਲਣ ਕਰਕੇ ਹਨ।

ਇਕ ਥਾਂ ਆਪ ਫੁਰਮਾਉਂਦੇ ਨੇ ਕਿ –

ਹਰਿ ਆਰਾਧੇ ਅਰੋਗ ਅਨਦਾਈ॥ ਪੰਨਾ – 612

ਜਿਹੜਾ ਹਰੀ ਦੀ ਅਰਾਧਨਾ ਕਰਦਾ ਹੈ ਉਸ ਨੂੰ ਕੋਈ ਰੋਗ ਨਹੀਂ ਰਹਿੰਦਾ –

ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ
ਤਿਸੁ ਲਾਖ ਬੇਦਨ ਜਣੁ ਆਈ॥ ਪੰਨਾ – 612

ਜਿਸ ਨੂੰ ਵਾਹਿਗੁਰੂ ਵਿਸਰ ਗਿਆ ਉਸ ਨੂੰ ਇਕ ਦੁਖ

ਨਹੀਂ ਲੱਖਾਂ ਦੁਖ ਆ ਕੇ ਲੱਗ ਜਾਣਗੇ। ਸੋ ਦੁਖ ਦਾ ਕਾਰਨ ਪ੍ਰਮੇਸ਼ਰ ਦੇ ਨਾਮ ਨੂੰ ਭੁੱਲਣਾ ਹੈ। ਆਪ ਦਾ ਫੁਰਮਾਨ ਹੈ ਕਿ –

ਕਾਮ ਕਰੋਧੁ ਸਬਲ ਸੰਸਾਰਾ॥ ***ਪੰਨਾ – 1060***

ਕਹਿੰਦੇ, ਸਾਰਾ ਪਸਾਰਾ ਹੀ ਬੰਦਾ ਦੁਖ ਦਾ ਕਰ ਰਿਹਾ ਹੈ, ਤਾਣਾ ਬਾਣਾ ਹੀ ਦੁਖ ਦਾ ਬਣਾ ਰਿਹਾ ਹੈ। ਕੌਣ ਹੈ ਜਿਹੜਾ ਇਨ੍ਹਾਂ ਪੰਜਾਂ ਜਜ਼ਬਿਆਂ ਤੋਂ ਬਾਹਰ ਹੈ ਪਰ ਮਹਾਰਾਜ ਜੀ ਨੇ ਨਾਲ ਦੀ ਨਾਲ ਨੁਸਖਾ ਲਿਖ ਦਿੱਤਾ ਕਿ ਤੁਸੀਂ ਸੁਖ ਚਾਹੁੰਦੇ ਹੋ? ਜੇ ਸੁਖ ਚਾਹੁੰਦੇ ਹੋ ਤਾਂ –

ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ॥
ਪੰਨਾ – 1060

ਸਤਿਗੁਰੂ ਦੀ ਜੇ ਸੇਵਾ ਕਰੇ, ਜਿਸ ਦੇ ਵਾਸਤੇ ਸਾਨੂੰ ਮਾਨਸ ਦੇਹੀ ਪ੍ਰਾਪਤ ਹੋਈ ਹੈ –

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥ ***ਪੰਨਾ – 1159***

ਸੋ ਸਤਿਗੁਰ ਦੀ ਸੇਵਾ ਸਭ ਤੋਂ ਸ੍ਰੇਸ਼ਟ ਜਿਹੜੀ ਹੈ ਉਹ –

ਆਗਿਆ ਸਮ ਨਹੀ ਸਾਹਿਬ ਸੇਵਾ॥

ਜੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਮੰਨਾਂਗੇ ਫੇਰ ਤਾਂ ਸੇਵਾ ਸ੍ਰੇਸ਼ਟ ਹੈ ਜੇ ਨਹੀਂ ਮੰਨਾਂਗੇ ਤਾਂ ਸੇਵਾ ਓਨੀ ਉਤਮ ਨਹੀਂ ਹੋਏਗੀ। ਸਭ ਤੋਂ ਵੱਡੀ ਸੇਵਾ ਆਗਿਆ ਮੰਨਣ ਦੀ ਸੇਵਾ ਹੁੰਦੀ ਹੈ, ਆਗਿਆ ਮੰਨਣੀ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ
ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥
ਪੰਨਾ – 669

ਜੇ ਮੰਨਣਾ ਹੀ ਨਹੀਂ ਬਸ ਗਾਈ ਜਾਂਦਾ ਹੈ, ਰਾਗ ਕਢੀ ਜਾਂਦਾ ਹੈ, ਬੋਲ ਨੂੰ ਲਚਕ ਦੇ ਕੇ ਗਾਉਂਦਾ ਹੈ ਤਾਂ ਉਹ ਇਕ art ਕਲਾ ਤਾਂ ਹੋ ਸਕਦੀ ਹੈ, ਉਸ ਦਾ ਅਸਰ ਸਰੋਤਿਆਂ ਤੇ ਹੋ ਸਕਦਾ ਹੈ, ਸਾਜਾਂ ਦਾ ਅਸਰ ਹੋ ਸਕਦਾ ਹੈ ਪਰ ਅੰਦਰ ਨਹੀਂ ਜਾ ਸਕਦਾ ਉਹ, ਸੁਖ ਵਿਚ ਨਹੀਂ ਪਹੁੰਚ ਸਕਦਾ।

ਸੋ ਸਾਰਾ ਹੀ ਸੰਸਾਰ ਮਹਾਰਾਜ ਜੀ ਕਹਿੰਦੇ ਦੁਖਾਂ ਨਾਲ ਭਰਿਆ ਪਿਆ ਹੈ ਭਾਈ।

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥
ਪੰਨਾ – 1287

ਜਿਸ ਦੇ ਕੋਲ ਵੀ ਜਾਓ, ਸਭ ਦੁੱਖਾਂ ਦੇ ਭਰੇ ਹੋਏ ਨੇ, ਸੁਖ ਦੀ ਬਾਤ ਤਾਂ ਕੋਈ ਕਰਦਾ ਨਹੀਂ। ਜਿਸ ਨੂੰ ਵੀ ਛੇੜੋ ਦੁਖ ਹੀ ਦੁਖ ਹੈ, ਚਾਹੇ ਥੋੜ੍ਹਾ ਹੈ ਚਾਹੇ ਬਹੁਤਾ ਹੈ। ਮਹਾਰਾਜ ਜੀ ਕਹਿੰਦੇ ਜਦੋਂ ਤੱਕ ਨਾਮ ਨਹੀਂ ਜਪਦਾ ਉਦੋਂ ਤੱਕ ਸੁਖੀ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ ਪਰ –

ਐਸਾ ਜਗੁ ਦੇਖਿਆ ਜੂਆਰੀ॥
ਸਭਿ ਸੁਖ ਮਾਗੈ ਨਾਮੁ ਬਿਸਾਰੀ॥ ***ਪੰਨਾ – 222***

ਨਾਮ ਤੋਂ ਬਗੈਰ ਕਿਤੇ ਸੁਖ ਨਹੀਂ ਹੈ। ਸੋ ਸਾਰਾ ਸੰਸਾਰ ਦੁਖੀ ਹੈ –

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥
ਪੰਨਾ – 1091

ਮਾਨਸਿਕ ਭੁੱਖ ਨਹੀਂ ਲਹਿੰਦੀ, ਵਾਸ਼ਨਾਵਾਂ ਦੀ ਭੁਖ ਨਹੀਂ ਦੂਰ ਹੁੰਦੀ ਜਦੋਂ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮ ਬਾਰੇ ਸਮਝਣਾ ਬਹੁਤ ਔਖਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੁਝ ਸ਼ਬਦ ਨੇ ਜਿਹੜੇ ਬਾਰ-ਬਾਰ ਆਉਂਦੇ ਨੇ ਜਿਵੇਂ ਮਨ, ਨਾਮ ਤੇ ਸ਼ਬਦ। ਇਹ ਕਿੰਨੇ ਹੀ ਬਹੁਅਰਥੀ ਸ਼ਬਦ ਨੇ। ਇਨ੍ਹਾਂ ਨੂੰ ਸਮਝਣਾ ਬਹੁਤ ਔਖਾ ਹੈ ਕਿ ਨਾਮ ਕੀ ਹੈ ਤੇ ਸ਼ਬਦ ਕੀ ਹੈ? ਕਿਉਂਕਿ ਮਹਾਰਾਜ ਜੀ ਕਹਿੰਦੇ–

ਬਿਨੁ ਸਬਦੈ ਨਾਮੁ ਨ ਪਾਏ ....॥
ਪੰਨਾ – 124

ਪਹਿਲਾਂ ਸ਼ਬਦ ਆਏਗਾ ਫੇਰ ਨਾਉਂ ਨੇ ਆਉਣਾ ਹੈ। ਫੇਰ ਸ਼ਬਦ ਕੀ ਹੈ, ਨਾਉ ਕੀ ਹੈ। ਇਸੇ ਨੂੰ ਸਮਝਣ ਵਾਸਤੇ ਸਾਨੂੰ ਬਹੁਤ ਸਮਾਂ ਲਗਦਾ ਹੈ। ਜਦੋਂ ਤੱਕ ਸਤਿਸੰਗ ਨਹੀਂ ਪੂਰਨ ਰੂਪ ਵਿਚ ਕਰਦਾ, ਅਨੁਭਵੀ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਨਹੀਂ ਮੰਨਦਾ ਓਨੀ ਦੇਰ ਤੱਕ ਨਾ ਨਾਮ ਪ੍ਰਾਪਤ ਹੋਵੇ ਨਾ ਸ਼ਬਦ ਤੱਕ ਰੁਸਵਾਈ ਹੋਵੇ। ਸੋ ਮਹਾਰਾਜ ਜੀ ਕਹਿੰਦੇ –

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥ਪੰਨਾ – 1287

ਜਿੰਨੇ ਵੀ ਰਸ ਨੇ ਚਾਹੇ ਬਸਤਰਾਂ ਦਾ ਰਸ ਹੈ, ਖਾਣ ਦਾ ਰਸ ਹੈ, ਸਵਾਰੀਆਂ ਦਾ ਰਸ ਹੈ, ਮਕਾਨਾਂ ਦਾ ਰਸ ਹੈ, ਕਾਮਣ ਦਾ ਰਸ, ਬੱਚਿਆਂ ਦਾ ਰਸ, ਨੌਕਰੀ-ਚਾਕਰੀ ਦਾ ਰਸ ਹੈ। ਇਕੋ ਰਸ ਤਾਂ ਨਹੀਂ ਹੈ –

ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥
ਪੰਨਾ – 15

ਜਦੋਂ ਤੱਕ ਇਹ ਰਸ-ਕਰਸਾਂ ਤੋਂ ਖਾਲੀ ਨਹੀਂ ਹੁੰਦਾ ਓਨੀ ਦੇਰ ਤੱਕ ਨਾਮ ਦਾ ਨਿਵਾਸ ਨਹੀਂ ਹੋਇਆ ਕਰਦਾ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਤੁਸੀਂ ਇਕ ਦੋ ਚਾਰ ਦੀ ਕੀ ਗੱਲ ਕਰਦੇ ਹੋ? ਬਾਹਰੋਂ-ਬਾਹਰੋਂ ਤੁਹਾਨੂੰ ਸਾਰੇ ਸੁਖੀ ਨਜ਼ਰ ਆਉਂਦੇ ਨੇ ਪਰ ਹਰੇਕ ਦੇ ਅੰਦਰ ਘੁਣ ਲੱਗਿਆ ਹੋਇਆ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਹਨ –

ਧਾਰਨਾ – ਦੁਖੀ ਸਭ ਸੰਸਾਰ, ਨਾਨਕ ਦੁਖੀਆ –2, 2.
ਦੁਖੀਆ ਸਭ ਸੰਸਾਰ, ਨਾਨਕ ਦੁਖੀਆ,........ –2.

ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥

ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਲਾਇ॥ *ਪੰਨਾ - 954*

ਮਰਦਾਨਾ ਗੁਰੂ ਮਹਾਰਾਜ ਜੀ ਦੇ ਨਾਲ ਜਾ ਰਿਹਾ ਹੈ। ਕਹਿਣ ਲਗਿਆ ਕਿ ਸੱਚੇ ਪਾਤਿਸ਼ਾਹ! ਆਪ ਦਾ ਫੁਰਮਾਨ ਹੈ ਕਿ ਸਾਰਾ ਸੰਸਾਰ ਦੁਖੀ ਹੈ। ਕੀ ਵੱਡੀਆਂ-ਵੱਡੀਆਂ ਕੋਠੀਆਂ ਵਾਲੇ, ਵੱਡੀਆਂ-ਵੱਡੀਆਂ ਸਵਾਰੀਆਂ ਵਾਲੇ, ਜਿਨ੍ਹਾਂ ਕੋਲ ਨੌਕਰ-ਚਾਕਰ ਨੇ, ਬੈਂਕ ਪੈਸਿਆਂ ਨਾਲ ਭਰੇ ਪਏ ਨੇ, ਬਾਲ-ਬੱਚੇ ਨੇ, ਇਸਤ੍ਰੀ ਸੁੰਦਰ ਹੈ, ਮਿੱਤਰ ਦੋਸਤ ਨੇ, ਸਰਕਾਰੀ ਪਦਵੀ ਹੈ ਇਹ ਸਭ ਲੋਕ ਵੀ ਦੁਖੀ ਹੁੰਦੇ ਨੇ?

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜਦੋਂ ਤੱਕ ਸੁਖ ਦੇ ਮਾਹੌਲ ਵਿਚ ਮਨ ਦਾਖਲ ਨਹੀਂ ਹੁੰਦਾ, ਸਤਿ-ਚਿਤ-ਅਨੰਦ ਦੇ ਨਾਲ ਮਨ ਨਹੀਂ ਜੁੜਦਾ ਓਨੀ ਦੇਰ ਤੱਕ ਦੁਖ ਜਾ ਹੀ ਨਹੀਂ ਸਕਦਾ। ਮਾਇਆ ਸੁਖ ਨਹੀਂ ਦੇ ਸਕਦੀ ਕਦੇ ਵੀ। ਮਾਇਆ ਵਿਚ ਦੋਸ਼ ਹੁੰਦੇ ਨੇ ਤਿੰਨ ਇਕ ਤ੍ਰਿਪਤੀ ਨਹੀਂ ਹੁੰਦੀ ਹੈ, ਇਸ ਦੇ ਵਿਚ ਰੱਜ ਨਹੀਂ ਆਇਆ ਕਰਦਾ, ਦੂਜੀ ਇਹ ਥਿਰ ਨਹੀਂ ਰਹਿਆ ਕਰਦੀ। ਜਿੰਨੀ ਕਿਸੇ ਕੋਲ ਹੋਵੇ ਓਨੀ ਬਹੁਤੀ ਬਹੁਤੀ ਮੰਗਦਾ ਰਹਿੰਦਾ ਹੈ। ਸੋ ਇਸ ਦੇ ਵਿਚ ਕਦੋਂ ਸੁਖ ਹੋਇਆ। ਕਲਪਣਾ ਜਾਗਦੀ ਹੈ। ਜਦੋਂ ਤੱਕ ਵਾਸ਼ਨਾਵਾਂ ਕਾਇਮ ਨੇ ਓਨੀ ਦੇਰ ਤੱਕ ਸੁਖ ਨਹੀਂ ਹੋਇਆ ਕਰਦਾ ਕਿਉਂਕਿ ਸੁਖ ਦੀ ਥਾਂ ਤੇ ਹੀ ਸੁਖ ਹੋਇਆ ਕਰਦਾ ਹੈ।"

ਜਦੋਂ ਤੱਕ ਸੁਖ ਦੀ ਥਾਂ ਤੇ ਨਹੀਂ ਪਹੁੰਚਦਾ ਉਦੋਂ ਤੱਕ ਸੁਖ ਨਹੀਂ ਹੁੰਦਾ। ਇਕ ਮਿਸਾਲ ਦੇ ਨਾਲ ਬਾਤ ਸਮਝ ਆ ਜਾਏਗੀ। ਇਕ ਰਾਜਾ ਸੀ ਉਸ ਨੇ ਆਪਣੀ ਲੜਕੀ ਲਈ ਨੌਂ ਲੱਖਾ ਹਾਰ ਬਣਵਾ ਦਿੱਤਾ। ਲੜਕੀ ਬੜੀ ਪ੍ਰਸੰਨ ਹੋਈ। ਸਹੇਲੀਆਂ ਨੂੰ ਨਾਲ ਲੈ ਕੇ ਦਰਿਆ ਤੇ ਇਸ਼ਨਾਨ ਕਰਨ ਚਲੀ ਗਈ। ਬਸਤ੍ਰ ਲਾ ਕੇ ਰੱਖ ਦਿੱਤੇ, ਹਾਰ ਵੀ ਰੱਖ ਦਿੱਤਾ। ਜਦੋਂ ਇਸ਼ਨਾਨ ਕਰਕੇ ਵਾਪਸ ਆਈ ਤਾਂ ਹਾਰ ਗਾਇਬ ਹੋ ਗਿਆ। ਬਹੁਤ ਦੇਖਿਆ ਕਿ ਪਾਣੀ ਵਿਚੋਂ ਕੋਈ ਜਾਨਵਰ ਨਹੀਂ ਨਿਕਲਿਆ, ਚਾਰੇ ਪਾਸੇ ਪਹਿਰਾ ਲੱਗਿਆ ਹੋਇਆ ਹੈ ਫੇਰ ਹਾਰ ਗਿਆ ਕਿਥੇ? ਜਦੋਂ ਤਲਾਸ਼ ਕਰੇ ਤੇ ਨਾ ਲੱਭਿਆ ਤਾਂ ਢੰਡੋਰਾ ਫੇਰ ਦਿੱਤਾ ਕਿ ਕੋਈ ਬੰਦਾ ਜੋ ਇਸ ਹਾਰ ਦੀ ਖਬਰ ਦੇਵੇ ਉਸ ਨੂੰ ਇਸ ਦੀ ਅੱਧੀ ਕੀਮਤ ਸਾਢੇ ਚਾਰ ਲੱਖ ਰੁਪਈਆ ਉਸ ਵੇਲੇ ਦਾ ਦਿੱਤਾ ਜਾਏਗਾ। ਸਾਰੀ ਦੁਨੀਆਂ (ਦੇਸ਼ ਵਾਸੀ) ਤਲਾਸ਼ ਕਰਨ ਲੱਗ ਗਈ ਪਰ ਕਿਸੇ ਦੇ ਹੱਥ ਵਿਚ ਹਾਰ ਨਾ ਆਇਆ।

ਇਕ ਦਿਨ ਇਕ ਲਕੜਹਾਰਾ ਲਕੜਾਂ ਕੱਟਦਾ ਹੈ, ਗਰਮੀ ਦਾ ਮਹੀਨਾ ਹੈ। ਉਸ ਨੂੰ ਪਿਆਸ ਲੱਗੀ ਉਹ ਪਾਣੀ ਪੀਣ ਵਾਸਤੇ ਕਿਸੇ ਤਲਾਬ ਦੀ ਤਲਾਸ਼ ਵਿਚ ਘੁੰਮਦਾ-ਘੁੰਮਦਾ ਇਕ ਤਲਾਬ ਦੇ ਕੰਢੇ ਪੁਜਿਆ। ਖਿਆਲ ਆਇਆ ਕਿ ਮੈਂ ਇਸ਼ਨਾਨ ਵੀ ਕਰ ਲਵਾਂ। ਬਸਤ੍ਰ ਉਤਾਰ ਕੇ ਗਰਮੀ ਸੁਕਾਉਣ ਲੱਗ ਗਿਆ। ਬੈਠੇ-ਬੈਠੇ ਦੀ ਨਿਗ੍ਹਾ ਪਾਣੀ ਵਿਚ ਗਈ, ਹੈਰਾਨ ਹੋ ਗਿਆ ਕਿ ਹਾਰ ਪਿਆ ਹੈ ਥੱਲ੍ਹੇ। ਬਹੁਤ ਖੁਸ਼ ਹੋਇਆ, ਬੜੀਆਂ ਕਪਲਨਾਵਾਂ ਆਈਆਂ। ਪਾਣੀ ਵਿਚ ਛਾਲ ਮਾਰੀ ਪਰ ਹੱਥ ਵਿਚ ਗਾਰਾ ਆਇਆ। ਦੂਜੀ ਵਾਰੀ ਫੇਰ ਅੰਦਾਜਾ ਲਾ ਕੇ ਕਿ ਇਥੇ ਕੁ ਪਿਆ ਹੈ ਛਾਲ ਮਾਰੀ ਪਰ ਫੇਰ ਹੱਥ ਵਿਚ ਗਾਰਾ ਆਇਆ। ਦੋ ਚਾਰ ਵਾਰ ਜਦੋਂ ਬਾਰ-ਬਾਰ ਟੁੱਭੀ ਮਾਰ ਕੇ ਦੇਖਿਆ ਤਾਂ ਗਾਰਾ ਹੀ ਹੱਥ ਵਿਚ ਆਉਂਦਾ ਹੈ। ਉਸ ਨੇ ਸੋਚਿਆ ਕਿ ਰਾਜੇ ਦਾ ਐਲਾਨ ਹੈ ਕਿ ਜਿਹੜਾ ਦੱਸ ਪਾ ਦੇਵੇ ਉਸ ਨੂੰ ਵੀ ਅੱਧੀ ਕੀਮਤ ਦਿੱਤੀ ਜਾਏਗੀ ਕਿਉਂ ਨਾ ਮੈਂ ਰਾਜੇ ਨੂੰ ਹੁਣੇ ਜਾ ਕੇ ਖਬਰ ਕਰਾਂ। ਸੋ ਰਾਜੇ ਨੂੰ ਖਬਰ ਦਿੱਤੀ ਕਿ ਮਹਾਰਾਜ! ਡੁਬੋਲੀਏ ਨਾਲ ਲੈ ਕੇ ਚਲੋ, ਹਾਰ ਲੱਭ ਗਿਆ ਹੈ। ਸਭ ਕਾਹਲੀ ਦੇ ਨਾਲ ਉਥੇ ਪਹੁੰਚਦੇ ਨੇ ਤੇ ਉਥੇ ਜਾ ਕੇ ਡੁਬੋਲੀਆਂ ਨੂੰ ਦਿਖਾ ਦਿੱਤਾ ਕਿ ਉਹ ਹਾਰ ਪਿਆ ਹੈ। ਉਹ ਕਹਿਣ ਲੱਗੇ ਕਿ ਇਹ ਤਾਂ ਔਖੀ ਗੱਲ ਨਹੀਂ ਹੈ, ਇਕੋ ਹੀ ਬੰਦਾ ਕੱਢ ਲਏਗਾ। ਉਸ ਨੇ ਬਹੁਤ ਯਤਨ ਕਰਿਆ ਮਿੱਟੀ ਵੀ ਕੱਢ-ਕੱਢ ਕੇ ਲਿਆਇਆ ਉਸ ਥਾਂ ਦੀ ਪਰ ਹਾਰ ਨਾ ਨਿਕਲਿਆ। ਅਖੀਰ ਨਿਰਾਸ਼ ਹੋ ਕੇ ਬੈਠ ਗਏ। ਏਨੇ ਨੂੰ ਕੋਈ ਸੋਝੀਵਾਨ ਮਹਾਂਪੁਰਸ਼ ਆਏ ਤੇ ਇਕੱਠ ਦੇਖ ਕੇ ਕਹਿਣ ਲੱਗੇ, "ਰਾਜਨ! ਕੀ ਗੱਲ ਇਥੇ ਐਨਾ ਇਕੱਠ ਕਿਉਂ ਕਰਿਆ ਹੈ?

ਰਾਜਾ ਕਹਿੰਦਾ, "ਮਹਾਰਾਜ! ਹਾਰ ਨਜ਼ਰ ਆਉਂਦਾ ਹੈ ਪਰ ਹੱਥ ਵਿਚ ਨਹੀਂ ਆਉਂਦਾ।"

ਮਹਾਂਪੁਰਸ਼ ਕਹਿੰਦੇ, "ਮੈਨੂੰ ਦਿਖਾਓ।" ਦੇਖਿਆ ਤੇ ਕਹਿਣ ਲੱਗੇ ਕਿ ਐਨੇ ਇਕੱਠ ਦੀ ਕੀ ਲੋੜ ਸੀ? ਇਕੋ ਹੀ ਬੰਦਾ ਬਹੁਤ ਹੈ।

ਕਹਿਣ ਲੱਗੇ ਕਿ ਮਹਾਰਾਜ! ਅਸੀਂ ਤਾਂ ਬਹੁਤ ਯਤਨ ਕਰ ਚੁੱਕੇ ਹਾਂ।

ਮਹਾਂਪੁਰਸ਼ ਕਹਿੰਦੇ, "ਕੋਈ ਚੁਸਤ ਜਿਹਾ ਬੰਦਾ ਸਾਡੇ ਕੋਲ ਆਓ।" ਬੰਦਾ ਨੇੜੇ ਆਇਆ।

ਕਹਿੰਦੇ, "ਦੇਖ ਪ੍ਰੇਮੀਆ! ਇਸ ਦਰਖਤ ਤੇ ਚੜ੍ਹ ਜਾਹ। ਉਹ ਟਾਹਣਾ ਦੇਖ ਲੈ ਉਥੇ ਇੱਲ੍ਹ ਦਾ ਆਲ੍ਹਣਾ ਹੈ ਉਸ ਦੇ ਵਿਚ ਹਾਰ ਲਟਕਦਾ ਹੈ ਉਸ ਦਾ ਪ੍ਰਤਿਬਿੰਬ ਪਾਣੀ ਵਿਚ ਪੈ ਰਿਹਾ ਹੈ।"

ਦਰਖਤ ਤੇ ਚੜ੍ਹ ਕੇ ਹਾਰ ਲਾਹ ਲਿਆ। ਦ੍ਰਿਸ਼ਟਾਂਤ ਹੈ ਇਹ, ਇਸ ਦਾ ਭਾਵ ਇਹ ਹੈ ਕਿ ਸੰਸਾਰ ਉਸ ਥਾਂ ਤੇ ਸੁਖ ਦੀ ਤਲਾਸ਼ ਕਰ ਰਿਹਾ ਹੈ ਜਿਸ ਥਾਂ ਤੇ ਸੁਖ ਦਾ ਕੇਵਲ ਪਰਛਾਵਾਂ ਹੀ ਪੈ ਰਿਹਾ ਹੈ ਪਰ ਅਸਲ ਵਿਚ ਸੁਖ ਉਥੇ ਨਹੀਂ ਹੈ। ਸਾਰਾ ਸੰਸਾਰ ਬਹੁਤ ਮਿਹਨਤ ਕਰ ਰਿਹਾ ਹੈ। ਦਿਨ ਰਾਤ ਮਾਨਸ ਜਨਮ ਬਿਰਥਾ ਜਾ ਰਿਹਾ ਹੈ ਏਸ ਸੁਖ ਦੀ ਤਲਾਸ਼ ਦੇ ਅੰਦਰ ਪਰ ਮਹਾਰਾਜ ਜੀ ਕਹਿੰਦੇ ਇਉਂ

ਤਾਂ ਪ੍ਰੇਮੀਆ! ਤੈਨੂੰ ਸੁਖ ਦੀ ਪ੍ਰਾਪਤੀ ਨਹੀਂ ਹੋਣੀ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ -

ਧਾਰਨਾ - ਕਿਤ ਬਿਧ ਮਨ ਧੀਰੇ ਜੀ -2, 2.
ਬਿਨ ਹਰਿ ਨਾਮ ਨ ਸ਼ਾਂਤ ਹੋਏ -2, 4.

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥

ਪੰਨਾ - 707

ਮੋਤੀ ਤੇ ਹੀਰਿਆਂ ਨਾਲ ਸਜਾਏ ਹੋਏ ਘਰ, ਸੋਨੇ ਦੀਆਂ ਪਰਤਾਂ ਕੰਧਾਂ ਤੇ ਲੱਗੀਆਂ ਹੋਈਆਂ।

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥

ਪੰਨਾ - 707

ਕਿਸੇ ਕਿਸਮ ਦੀ ਤੰਗੀ, ਰੁਕਾਵਟ ਨਹੀਂ ਆਉਂਦੀ, ਜਿਸ ਚੀਜ਼ ਦਾ ਵੀ ਜੀਅ ਕਰਦਾ ਹੈ ਸੁਖ ਮਾਣ ਲੈਂਦਾ ਹੈ। ਮਹਾਰਾਜ ਜੀ ਕਹਿੰਦੇ -

ਸੋ ਪ੍ਰਭੁ ਚਿਤਿ ਨ ਆਵਈ ....॥

ਪੰਨਾ - 707

ਫੇਰ ਹਾਲਤ ਕੀ ਹੋਏਗੀ ?

.... ***ਵਿਸਟਾ ਕੇ ਕੀਰੇ॥*** ***ਪੰਨਾ - 707***

ਨਾਮ ਤੋਂ ਬਗੈਰ ਜਿਹੜੇ ਪੁਰਸ਼ ਨੇ ਉਨ੍ਹਾਂ ਦੀ ਇਸ ਤੋਂ ਵੱਧ ਅਵਸਥਾ ਨਹੀਂ ਹੈ।

ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥

ਪੰਨਾ - 707

ਸੋ ਪ੍ਰਾਪਤੀਆਂ ਵਾਸਤੇ ਆਦਮੀ ਕਿੰਨੇ ਯਤਨ ਕਰਦਾ ਹੈ। ਦੇਸ਼ ਛੱਡ ਕੇ ਪ੍ਰਦੇਸ਼ਾਂ ਵਿਚ ਜਾਂਦਾ ਹੈ, ਘਰਦਿਆਂ ਤੋਂ ਦੂਰ ਹੋ ਜਾਂਦਾ ਹੈ ਪਰ ਮੈਂ ਤਾਂ ਸਾਰੇ ਫਿਰ ਕੇ ਦੇਖ ਆਇਆ ਹਾਂ ਮੈਨੂੰ ਤਾਂ ਕਿਧਰੇ ਵੀ ਸੁਖ ਨਜ਼ਰ ਨਹੀਂ ਆਇਆ, ਹਾਏ-ਹਾਏ ਤੇ ਕਲਪਣਾ ਹੀ ਨਜ਼ਰ ਆਉਂਦੀ ਹੈ। ਉਹ ਗੱਲ ਜ਼ਰੂਰ ਹੈ ਜਦੋਂ ਭਾਰਤਵਰਸ਼ ਵਿਚ ਆ ਕੇ ਉਨ੍ਹਾਂ ਦੇ ਡਾਲਰ ਰੁਪਈਆਂ ਵਿਚ ਬਣਦੇ ਨੇ ਤਾਂ ਵੀਹ-ਤੀਹ ਜਾਂ ਪੰਜਾਹ ਗੁਣੇ ਵਧ ਜਾਂਦੇ ਨੇ। ਇਥੇ ਸਾਨੂੰ ਲਗਦੇ ਨੇ ਕਿ ਉਹ ਬੜੇ ਸੁਖੀ ਨੇ ਪਰ ਮਾਨਸਿਕ ਤੌਰ ਤੇ ਉਥੇ ਸੁਖ ਨਹੀਂ ਹੈ।

ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਐਵੇਂ ਹੀ ਤੈਨੂੰ ਲਗਦੇ ਨੇ ਕੋਠੀਆਂ ਵਾਲੇ, ਸਵਾਰੀਆਂ ਵਾਲੇ, ਵੱਡੇ-ਵੱਡੇ ਕਾਰੋਬਾਰਾਂ ਵਾਲੇ ਪਰ ਇਨ੍ਹਾਂ ਨੂੰ ਤਾਂ ਰਾਤ ਨੂੰ ਨੀਂਦ ਨਹੀਂ ਆਉਂਦੀ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦੇ ਨੇ, ਐਨਾ ਮਾਨਸਿਕ ਵਜ਼ਨ ਹੈ ਕਿ ਸਹਿ ਨਹੀਂ ਸਕਦੇ, ਨਸ਼ਿਆਂ ਦਾ ਆਸਰਾ ਲੈਂਦੇ ਨੇ, ਵਿਸ਼ੇ ਭੋਗਾਂ ਦਾ ਆਸਰਾ ਲੈਂਦੇ ਨੇ ਕਿ ਸੁਖ ਮਿਲ ਜਾਵੇ ਪਰ ਸੁਖ ਕਿਸੇ ਥਾਂ ਤੋਂ ਨਹੀਂ ਮਿਲਿਆ ਕਰਦਾ। ਜੇ ਰੱਤੀ ਜਿੰਨਾ ਸੁਖ ਹੈ ਤਾਂ ਮਣ ਜਿੰਨਾ ਉਸ ਦੇ ਪਿੱਛੇ ਦੁਖ ਹੈ।"

ਚਲਦੇ ਚਲਦੇ ਮਹਾਰਾਜ ਜੀ ਇਕ ਨਗਰ ਵਿਚ ਪਹੁੰਚ ਗਏ ਜਿਸ ਨੂੰ 'ਸਤਿਗਰਾ' ਕਰਕੇ ਲਿਖਿਆ ਹੈ। ਉਥੇ ਇਕ ਬਹੁਤ ਹੀ ਸੁੰਦਰ ਸੇਠ ਜਿਸ ਦਾ ਕਾਰੋਬਾਰ ਬਹੁਤ ਚਲਦਾ ਹੈ, ਨੌਕਰ ਚਾਕਰ ਫਰਮਾਬਰਦਾਰ ਨੇ ਉਸ ਨੂੰ ਦੇਖ ਕੇ ਮਰਦਾਨੇ ਦੇ ਮਨ ਵਿਚ ਭਰਮ ਹੋਇਆ ਤੇ ਕਹਿਣ ਲੱਗਿਆ, "ਆਹ ਤਾਂ ਮਹਾਰਾਜ! ਮੈਨੂੰ ਸੁਖੀ ਲਗਦਾ ਹੈ। ਬੜਾ ਸ਼ਾਂਤ ਚਿਤ ਬੈਠਾ ਹੈ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਨਾਮ ਤੋਂ ਬਗੈਰ ਕੋਈ ਸੁਖੀ ਨਹੀਂ ਹੋ ਸਕਦਾ। ਨਾਮ ਵਾਲਾ ਬੰਦਾ ਕਿਸੇ ਵੀ ਹਾਲਤ ਵਿਚ ਹੋਵੇ -

ਬਸਤਾ ਤੂਟੀ ਝੂੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥

ਪੰਨਾ - 707

ਜਿਸ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਗਿਆ ਉਹ ਪਰਮ ਸੁਖੀ ਹੈ ਕਿਉਂਕਿ ਉਸ ਨੂੰ ਇਕ ਖੁਮਾਰੀ ਪ੍ਰਾਪਤ ਹੋ ਗਈ।"

ਜੇ ਬੰਦ-ਬੰਦ ਕੱਟਿਆ ਜਾ ਰਿਹਾ ਹੈ ਭਾਈ ਮਨੀ ਸਿੰਘ ਜੀ ਦਾ ਤਾਂ ਕੋਈ ਹਾਏ ਦੀ ਆਵਾਜ਼ ਨਹੀਂ ਆਉਂਦੀ। ਚਿਹਰੇ ਦੇ ਉਤੇ ਖੇੜਾ ਹੈ, ਖੁਸ਼ੀ ਹੈ, ਕਿਉਂਕਿ ਜ਼ਿੰਦਗੀ ਤੇ ਮੌਤ ਦਾ ਭੇਤ ਲੱਭ ਲਿਆ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥

ਪੰਨਾ - 1366

ਜੱਲਾਦ ਕਹਿਣ ਲੱਗਿਆ, "ਭਾਈ ਸਾਹਿਬ! ਪਹਿਲਾਂ ਬੜੇ ਬੰਦਿਆਂ ਦੇ ਮੈਂ ਬੰਦ ਕੱਟੇ ਨੇ ਪਰ ਮਰਿਆ ਹੋਇਆਂ ਦੇ ਹੀ ਕੱਟਦਾ ਰਿਹਾ। ਏਸ ਅੱਡੇ ਤੇ ਲਿਆਉਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਸਾਹ-ਸਤ ਨਿਕਲ ਜਾਂਦਾ ਸੀ, ਬੇਹੋਸ਼ ਨੂੰ ਹੀ ਚੁੱਕ ਕੇ ਲਿਆਉਂਦਾ ਸੀ ਪਰ ਅੱਜ ਮੈਂ ਹੈਰਾਨ ਹੋ ਗਿਆ ਕਿ ਤੇਰੇ ਨੇਤਰਾਂ ਵਿਚ ਖਾਸ ਕਿਸਮ ਦੀ ਚਮਕ ਹੈ ਜਿਵੇਂ ਕੋਈ ਵਿਆਹ-ਸ਼ਾਦੀ ਨੂੰ ਜਾ ਰਿਹਾ ਹੁੰਦਾ। ਤੇਰੇ ਬੋਲਾਂ ਅੰਦਰ ਕੋਈ ਮਿਠਾਸ ਹੈ ਕਮਾਲ ਦਰਜੇ ਦੀ, ਦ੍ਰਿੜ੍ਹਤਾ ਹੈ ਤੇਰੇ ਇਰਾਦਿਆਂ ਦੇ ਅੰਦਰ। ਜਾਂਦਾ-ਜਾਂਦਾ ਮੈਨੂੰ ਦੱਸ ਸਕਦਾ ਹੈਂ ਕਿ ਤੂੰ ਉਹ ਕਿਹੜੀ ਚੀਜ਼ ਪ੍ਰਾਪਤ ਕੀਤੀ ਹੈ ਜਿਹੜੀ ਪ੍ਰਾਪਤ ਕਰਨ ਨਾਲ ਤੈਨੂੰ ਮੌਤ ਤੋਂ ਡਰ ਨਹੀਂ ਲਗਦਾ ਤੇ ਮੈਨੂੰ ਇਉਂ ਲਗਦਾ ਹੈ ਕਿ ਜਿਉਂ ਜਿਉਂ ਮੌਤ ਨੇੜੇ ਆਉਂਦੀ ਹੈ ਤਿਉਂ ਤਿਉਂ ਤੈਨੂੰ ਨਸ਼ਾ ਚੜਦਾ ਜਾਂਦਾ ਹੈ।"

ਕਹਿਣ ਲੱਗੇ, "ਜਲਾਦ! ਤੇਰੀ ਸਮਝ ਤੋਂ ਬਾਹਰ ਦੀ ਚੀਜ਼ ਹੈ ਪਰ ਜੇ ਤੂੰ ਦੋ ਅੱਖਰਾਂ ਵਿਚ ਸਮਝਣਾ ਚਾਹੁੰਦਾ ਹੈ ਤਾਂ ਸਮਝ ਲੈ ਏਸ ਚੀਜ਼ ਨੂੰ.....।"

ਧਾਰਨਾ - ਚੜ੍ਹੀ ਰਹੇ ਦਿਨ ਰਾਤ,
ਨਾਮ ਖੁਮਾਰੀ-ਨਾਮ ਖੁਮਾਰੀ -2, 2.
ਨਾਮ ਖੁਮਾਰੀ ਨਾਨਕਾ -2, 2.
ਚੜ੍ਹੀ ਰਹੇ ਦਿਨ ਰਾਤ,............ -2.

ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤ॥
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥

ਜਨਮਸਾਖੀ

ਜਨਮ ਸਾਖੀ ਦਾ ਸ਼ਬਦ ਹੈ ਇਹ, ਗੁਰੂ ਗ੍ਰੰਥ ਸਾਹਿਬ ਦਾ ਨਹੀਂ ਹੈ।

ਸੋ ਕਹਿਣ ਲੱਗੇ ਕਿ ਨਾਮ ਦੀ ਖੁਮਾਰੀ ਜਿਸ ਨੂੰ ਚੜ੍ਹ ਗਈ ਉਸ ਨੂੰ ਸੋਝੀ ਆ ਜਾਂਦੀ ਹੈ। ਮੌਤ ਉਸ ਦੇ ਸਾਹਮਣੇ ਕੋਈ ਚੀਜ਼ ਨਹੀਂ ਰਹਿੰਦੀ। ਉਹ ਮੌਤ ਦੀ ਹੱਦ ਪਾਰ ਕਰ ਲੈਂਦਾ ਹੈ। ਸੰਸਾਰ ਸਾਰਾ ਕਾਲ ਦੇ ਮੰਡਲ ਵਿਚ ਹੈ ਪਰ ਜਿਸ ਦੀ ਪਹੁੰਚ 'ਅਕਾਲ ਮੰਡਲ' ਵਿਚ ਹੋ ਗਈ ਉਸ ਨੂੰ ਤਾਂ ਕੋਈ ਮਾਰ ਹੀ ਨਹੀਂ ਸਕਦਾ। ਤਲਵਾਰ ਕੱਟ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਅੱਗ ਜਲਾ ਨਹੀਂ ਸਕਦੀ, ਹਵਾ ਸੁਕਾ ਨਹੀਂ ਸਕਦੀ। ਇਹ ਸੋਝੀ ਹੋ ਜਾਣੀ ਇਸਨੂੰ ਨਾਮ ਪ੍ਰਾਪਤੀ ਕਹਿੰਦੇ ਹਨ ਫੇਰ ਖੁਮਾਰੀ ਚੜ੍ਹ ਜਾਂਦੀ ਹੈ -

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥

ਪੰਨਾ - 1366

ਮਹਾਰਾਜ ਜੀ ਕਹਿੰਦੇ ਕਿ ਮਰਦਾਨਿਆ! ਨਾਮ ਤੋਂ ਬਗੈਰ ਕੋਈ ਸੁਖੀ ਨਹੀਂ ਹੁੰਦਾ, ਬਾਹਰੋਂ ਕਿੰਨਾ ਹੀ ਵਧੀਆ, ਸੁਖੀ ਦੇਖ ਲੈ ਪਰ ਅੰਦਰ ਘੁਣ ਲੱਗਿਆ ਪਿਆ ਹੈ ਜਾਹ! ਪਤਾ ਕਰ ਆ ਕਰਿਆ ਜਾ ਕੇ। ਮਰਦਾਨਾ ਠਹਿਰ ਜਾਂਦਾ ਹੈ ਤੇ ਮਹਾਰਾਜ ਜੀ ਅੱਗੇ ਚਲੇ ਜਾਂਦੇ ਨੇ। ਵਿਹਲ ਹੋ ਗਿਆ ਸੇਠ ਕੋਲ ਤੇ ਸੇਠ ਨੇ ਪੁਛਿਆ ਕਿ ਪ੍ਰੇਮੀਆ! ਤੁਸੀਂ ਵੀ ਮਨੋਰਥ ਦੱਸੋ, ਤੁਸੀਂ ਚੁਪ ਬੈਠੇ ਹੋ।

ਮਰਦਾਨਾ ਕਹਿਣ ਲੱਗਿਆ,"ਸੇਠ ਜੀ! ਮੈਂ ਕੋਈ ਸੌਦਾ ਨਹੀਂ ਲੈਣ ਆਇਆ, ਮੈਂ ਤਾਂ ਤੁਹਾਡੇ ਨਾਲ ਇਕਾਂਤ ਵਿਚ ਇਕ ਬਚਨ ਕਰਨਾ ਹੈ।"

ਨਾਲ ਵਾਲੇ ਕਮਰੇ ਵਿਚ ਮਰਦਾਨੇ ਨੂੰ ਲੈ ਕੇ ਸੇਠ ਅੰਦਰ ਆ ਗਿਆ। ਪਲੰਘ ਤੇ ਬਿਠਾਇਆ।

ਸੇਠ ਬੋਲਿਆ, "ਕਹੁ ਭਾਈ ਮਰਦਾਨਾ।"

ਕਹਿੰਦਾ, "ਸੇਠ ਜੀ! ਮੇਰੇ ਗੁਰੂ ਸਤਿਗੁਰੂ ਨਾਨਕ ਸਾਹਿਬ ਇਹ ਕਹਿੰਦੇ ਨੇ ਕਿ ਸੰਸਾਰ ਵਿਚ ਸੁਖੀ ਨਹੀਂ ਹੈ ਕੋਈ ਜੇ ਸੁਖੀ ਹੈ ਤਾਂ ਕੇਵਲ ਪ੍ਰਮੇਸ਼ਰ ਦਾ ਪਿਆਰਾ ਸੁਖੀ ਹੈ। ਪਰ ਮੇਰੇ ਮਨ ਵਿਚ ਇਹ ਭਰਮ ਹੈ ਕਿ ਪੈਸੇ ਵਾਲੇ, ਵੱਡੇ ਵੱਡੇ ਮਕਾਨਾਂ ਵਾਲੇ, ਵਧੀਆ ਸਵਾਰੀਆਂ ਹੋਣ, ਆਗਿਆਕਾਰ ਨੌਕਰ ਹੋਣ, ਵਣਜ ਵਪਾਰ ਬਹੁਤ ਜ਼ੋਰ ਨਾਲ ਚਲਦਾ ਹੋਵੇ ਉਹ ਤਾਂ ਸੁਖੀ ਹੋ ਸਕਦਾ ਹੈ ਪਰ ਮੇਰੇ ਸਤਿਗੁਰੂ ਕਹਿੰਦੇ ਕਿ ਨਹੀਂ ਮਰਦਾਨਿਆ ਸੁਖ ਜਿਸ ਥਾਂ ਤੇ ਹੈ ਉਥੇ ਤੱਕ ਉਨ੍ਹਾਂ ਦੀ ਪਹੁੰਚ ਨਹੀਂ ਹੈ। ਮਾਇਆ ਕਦੇ ਵੀ ਸੁਖ ਦਾ ਰੂਪ ਨਹੀਂ ਹੋਇਆ ਕਰਦੀ, ਦੁਖ ਦਾ ਰੂਪ ਹੁੰਦੀ ਹੈ। ਮੈਨੂੰ ਹੁਣ ਤੁਸੀਂ ਦੱਸੋ ਅਸਲੀਅਤ ਕੀ ਹੈ?"

ਐਨਾ ਕਹਿਣ ਦੀ ਦੇਰ ਸੀ ਕਿ ਸੇਠ ਨੇ ਫੁੱਟ ਫੁੱਟ ਕੇ ਰੋਣਾ ਸ਼ੁਰੂ ਕਰ ਦਿੱਤਾ। ਹੈਰਾਨ ਹੋ ਗਿਆ ਮਰਦਾਨਾ ਕਿ ਐਨਾ ਦੁਖੀ, ਐਨੇ ਦੁਖ ਨੂੰ ਅੰਦਰ ਘੁੱਟੀ ਬੈਠਾ ਹੈ ਇਹ। ਮਰਦਾਨੇ ਨੇ ਦਿਲਾਸਾ ਦਿੱਤਾ ਤੇ ਕਿਹਾ, "ਸੇਠ ਜੀ! ਮੇਰੇ ਸਤਿਗੁਰੂ ਦੁਖੀਆਂ ਨੂੰ ਸੁਖੀ ਕਰਨ ਆਏ ਨੇ ਸੰਸਾਰ ਵਿਚ ਤੇ ਉਹ ਇਹ ਕਹਿੰਦੇ ਨੇ ਕਿ -

ਨਾਨਕ ਦੁਖੀਆ ਸਭੁ ਸੰਸਾਰੁ॥ ***ਪੰਨਾ - 954***

ਤੇ ਤੁਸੀਂ ਉਨ੍ਹਾਂ ਦੇ ਕੋਲ ਚਲੋ, ਪਰ ਦੁਖ ਦਾ ਕਾਰਨ ਤਾਂ ਦੱਸੋ।"

ਸੇਠ ਕਹਿੰਦਾ, "ਮੈਂ ਕੀ ਦੱਸਾਂ? ਮੇਰੀ ਇਸਤ੍ਰੀ ਬਿਮਾਰ ਹੋ ਗਈ ਸੀ। ਉਸ ਵੇਲੇ ਉਸ ਨੇ ਇਹ ਗੱਲ ਕਹੀ ਕਿ ਮੈਨੂੰ ਹੁਣ ਕੀ ਦਿਲਾਸਾ ਦਿੰਦੇ ਹੋ, ਮੇਰਾ ਸਿਵਾ ਠੰਡਾ ਹੁੰਦੇ ਸਾਰ ਤੁਸੀਂ ਦੂਜਾ ਵਿਆਹ ਕਰਵਾ ਲਓਗੇ। ਔਰਤਾਂ ਤਾਂ ਮਰਦ ਦੀ ਯਾਦ ਵਿਚ ਬੈਠਦੀਆਂ ਨੇ ਜ਼ਿੰਦਗੀ ਭਰ, ਮਰਦ ਵੀ ਕਦੇ ਔਰਤ ਦੀ ਯਾਦ ਵਿਚ ਰਿਹਾ ਹੈ ਜ਼ਿੰਦਗੀ ਭਰ, ਉਹ ਤਾਂ ਹੋਰ ਵਿਆਹ ਕਰਵਾ ਲੈਂਦਾ ਹੈ। ਮੈਂ ਐਸਾ ਕਰਮ ਕਰਿਆ ਕਿ ਜਿਸ ਨਾਲ ਉਸ ਨੂੰ ਨਿਸ਼ਚਾ ਹੋ ਜਾਵੇ ਕਿ ਮੈਂ ਹੁਣ ਸ਼ਾਦੀ ਨਹੀਂ ਕਰਵਾ ਸਕਦਾ। ਉਹ ਰਾਜੀ ਹੋ ਗਈ, ਰਾਜੀ ਹੋਣ ਤੇ ਉਹ ਸਭ ਗੱਲਾਂ ਭੁੱਲ ਗਈ। ਹੁਣ ਮੇਰੇ ਸਾਹਮਣੇ ਗੈਰ ਮਰਦਾਂ ਨਾਲ ਰੰਗ-ਰਲੀਆਂ ਮਨਾਉਂਦੀ ਹੈ ਪਰ ਮੈਂ ਕੁਝ ਨਹੀਂ ਕਰ ਸਕਦਾ ਕੇਵਲ ਨਿਰ ਸਹਾਇ ਹੋ ਕੇ ਬੈਠਾ ਦੇਖਦਾ ਰਹਿੰਦਾ ਹਾਂ।

ਸੋ ਭਾਈ ਮਰਦਾਨਾ! ਮੇਰਾ ਮਨ ਐਨਾ ਦੁਖੀ ਹੈ ਕਿ ਮੈਂ ਕਹਿ ਨਹੀਂ ਸਕਦਾ। ਇਹ ਕੋਠੀਆਂ, ਬਗੀਚੇ, ਫੁਆਰੇ, ਪਾਰਕ ਮੇਰੀਆਂ ਹਵੇਲੀਆਂ ਦੇ ਅੰਦਰ ਬਣੇ ਹੋਏ ਮੈਨੂੰ ਕੋਈ ਸੁਖ ਨਹੀਂ ਦੇ ਰਹੇ।"

ਭਾਈ ਮਰਦਾਨਾ ਕਹਿੰਦੇ, "ਫੇਰ ਗੁਰੂ ਨਾਨਕ ਪਾਤਿਸ਼ਾਹ ਕੋਲ ਚੱਲੋ।" ਸੇਠ ਤੇ ਸੇਠਾਣੀ ਦੋਵੇਂ ਭਾਈ ਮਰਦਾਨੇ ਨਾਲ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਪਹੁੰਚਦੇ ਨੇ।

ਮਹਾਰਾਜ ਜੀ ਸਮਝਾਉਂਦੇ ਨੇ ਕਿ ਸੇਠ ਜੀ! ਤੂੰ ਆਪਣੀ ਕੀ ਗੱਲ ਕਰਦਾ ਹੈਂ ਕਾਲ ਮੰਡਲ ਵਿਚ ਜਿੰਨਾ ਵੀ ਸੰਸਾਰ ਹੈ ਭਾਵੇਂ ਉਹ ਦੇਵ ਰੂਹਾਂ ਨੇ ਚਾਹੇ ਉਹ ਮਨੁੱਖ ਨੇ ਇਹ ਸਭ ਦੁਖੀ ਨੇ। ਸਵਰਗ ਤੇ ਇੰਦਰ ਲੋਕ। ਸਾਡਾ ਲੋਕ ਜਿਸਨੂੰ ਮਿਰਤੂ ਲੋਕ ਕਹਿੰਦੇ ਨੇ ਕਿਉਂਕਿ ਇਥੇ ਆਦਮੀ ਆਉਂਦਾ ਹੀ ਮਰਨ ਵਾਸਤੇ ਹੈ, ਥੋੜ੍ਹੀ ਦੇਰ ਰਹਿੰਦਾ

ਹੈ ਇਥੇ ਪਰ ਫੇਰ ਚਲਿਆ ਜਾਂਦਾ ਹੈ। ਇਸ ਨੂੰ ਕਰਮ ਭੂਮੀ ਕਹਿੰਦੇ ਨੇ। ਜੇ ਤਾਂ ਇਥੇ ਕੁਝ ਕਰ ਜਾਵੇ ਚੰਗਾ ਤਾਂ ਚੰਗੇ ਥਾਂ ਚਲਿਆ ਜਾਏਗਾ। ਜੇ ਮਾੜਾ ਕਰ ਜਾਵੇ ਤਾਂ ਮਾੜੇ ਥਾਂ ਚਲਿਆ ਜਾਏਗਾ। ਸੋ ਇਸ ਤੋਂ ਅੱਗੇ ਜੇ ਅਸੀਂ ਨੇਕ ਕੰਮ ਕਰੇ ਤਾਂ ਸਾਨੂੰ ਪਹਿਲਾ ਮੰਡਲ ਮਿਲਦਾ ਹੈ ਜਿਸ ਨੂੰ ਗੰਧਰਵ ਲੋਕ ਕਹਿੰਦੇ ਨੇ। ਉਨ੍ਹਾਂ ਲੋਕਾਂ ਨੂੰ ਇਹ ਮਿਲਦਾ ਹੈ ਜਿਨ੍ਹਾਂ ਦੀ ਵਾਸ਼ਨਾ ਸਵਰਗ ਵਿਚ ਹੈ –

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥
ਪੰਨਾ – 1415

ਉਨ੍ਹਾਂ ਨੂੰ ਇਥੋਂ ਦੇ ਚਕਰਵਰਤੀ ਬਾਦਸ਼ਾਹ ਨਾਲੋਂ ਸੌ ਗੁਣਾ ਜ਼ਿਆਦਾ ਸੁਖ ਮਿਲਦਾ ਹੈ। ਜਿਹੜੇ ਇਸ ਤੋਂ ਉਪਰ ਜਾਂਦੇ ਨੇ ਦੇਵ ਗੰਧਰਵ ਵਿਚ ਉਨ੍ਹਾਂ ਨੂੰ ਉਸ ਤੋਂ ਸੌ ਗੁਣਾ ਜਿਆਦਾ ਸੁਖ ਯਾਨੀ ਦਸ ਹਜ਼ਾਰ ਗੁਣਾ ਜ਼ਿਆਦਾ ਸੁਖ ਮਿਲਦਾ ਹੈ ਧਰਤੀ ਦੇ ਬਾਦਸ਼ਾਹ ਨਾਲੋਂ। ਪਿੱਤਰ ਲੋਕ ਵਿਚ ਦਸ ਲੱਖ ਗੁਣਾ ਜ਼ਿਆਦਾ ਸੁਖ ਹੈ। ਸਵਰਗ ਲੋਕ ਵਿਚ ਦਸ ਕਰੋੜ ਗੁਣਾ ਜ਼ਿਆਦਾ ਸੁਖ ਹੈ ਇਥੋਂ ਦੇ ਬਾਦਸ਼ਾਹ ਨਾਲੋ, ਇੰਦਰ ਲੋਕ ਦੱਸ ਅਰਬ ਗੁਣਾ ਜ਼ਿਆਦਾ ਸੁਖ ਹੈ।

ਮਹਾਰਾਜ ਜੀ ਕਹਿੰਦੇ ਕਿ ਇੰਦਰ ਲੋਕ ਹੁੰਦਾ ਹੋਇਆ ਇਸ ਤੋਂ ਅੱਗੇ ਸੁਖ ਵਧਦੇ ਰਹਿੰਦੇ ਨੇ ਕਰਮਦੇਵ ਲੋਕ, ਅਜਾਨਦੇਵ ਲੋਕ, ਪਰਜਾਪਤਿ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਅਖੀਰ ਵਿਚ ਬੈਕੁੰਠ ਧਾਮ ਆਉਂਦਾ ਹੈ ਗਿਆਰ੍ਹਵਾਂ। ਇਥੇ ਤੱਕ ਕਾਲ ਚਲਦਾ ਹੈ ਇਸ ਤੋਂ ਅੱਗੇ ਅਕਾਲ ਮੰਡਲ ਸ਼ੁਰੂ ਹੋ ਜਾਂਦ ਹੈ। ਸਰਮ ਖੰਡ, ਕਰਮ ਖੰਡ, ਸਚ ਖੰਡ।

ਸੋ ਮਹਾਰਾਜ ਜੀ ਕਹਿੰਦੇ ਕਿ ਦੇਖੋ ਇੰਦਰ ਇਥੋਂ ਨਾਲੋਂ ਦੱਸ ਅਰਬ ਗੁਣਾ ਜ਼ਿਆਦਾ ਸੁਖੀ ਹੋਣ ਤੇ ਵੀ ਵਾਸ਼ਨਾ ਦੇ ਅੰਦਰ ਐਨਾ ਭੁੱਲਿਆ ਕਿ –

ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।
ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।
ਭਾਈ ਗੁਰਦਾਸ ਜੀ ਦੀ ਵਾਰ 10/18

ਇਕ ਔਰਤ ਤੇ ਭੁੱਲ ਗਿਆ। ਰਿਸ਼ੀ ਨੇ ਸਰਾਪ ਦੇ ਦਿੱਤਾ ਕਿ ਤੇਰੇ ਹਜ਼ਾਰ ਦਾਗ ਹੋਣ। ਹੁਣ ਮੂੰਹ ਨਹੀਂ ਦਿਖਾ ਰਿਹਾ ਕਿਸੇ ਨੂੰ, ਉਹ ਰੋਇਆ ਫੇਰ ਬਹੁਤ।

ਸਹੰਸਰ ਦਾਨ ਦੇ ਇੰਦ੍ਰ ਰੋਆਇਆ॥
ਪਰਸ ਰਾਮੁ ਰੋਵੈ ਘਰਿ ਆਇਆ॥
ਅਜੇ ਸੁ ਰੋਵੈ ਭੀਖਿਆ ਖਾਇ॥
ਐਸੀ ਦਰਗਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥
ਜਿਨਿ ਸੀਤਾ ਆਦੀ ਡਉਰੂ ਵਾਇ॥ ਪੰਨਾ – 954

ਵੱਡਿਆਂ ਵੱਡਿਆਂ ਦੀ ਮਹਾਰਾਜ ਜੀ ਗਿਣਤੀ ਕਰਦੇ ਨੇ–

ਰੋਵਹਿ ਪਾਂਡਹ ਭਏ ਮਜੂਰ॥ ਪੰਨਾ – 954

ਪਾਂਡਵ ਜਦੋਂ ਮਜ਼ਦੂਰ ਬਣੇ ਭੀਮ ਰਸੋਈਆ ਬਣਿਆ, ਅਰਜਨ ਹੀਜੜਾ ਬਣ ਕੇ ਨਚਾਉਣ ਲੱਗਿਆ ਨਕਲ ਤੇ ਸਹਿਦੇਵ ਗਾਵਾਂ ਤੇ ਘੋੜਿਆਂ ਦੇ ਸਾਂਭਣ ਵਾਲੇ ਬਣੇ ਤੇ ਯੁਧਿਸ਼ਟਰ ਪਾਸਾ ਖਲਾਉਣ ਵਾਲਾ ਬਣਿਆ ਉਸ ਵੇਲੇ ਸਭ ਛੁਪ ਛੁਪ ਕੇ ਰੋਂਦੇ ਸਨ –

ਰੋਵਹਿ ਪਾਂਡਹ ਭਏ ਮਜੂਰ॥
ਜਿਨ ਕੈ ਸੁਆਮੀ ਰਹਤ ਹਦੂਰਿ॥
ਰੋਵੈ ਜਨਮੇਜਾ ਖੁਇ ਗਇਆ॥
ਏਕੀ ਕਾਰਣਿ ਪਾਪੀ ਭਇਆ॥
ਰੋਵਹਿ ਸੇਖ ਮਸਾਇਕ ਪੀਰ॥
ਅੰਤਿ ਕਾਲਿ ਮਤੁ ਲਾਗੈ ਭੀੜ॥
ਰੋਵਹਿ ਰਾਜੇ ਕੰਨ ਪੜਾਇ॥
ਘਰਿ ਘਰਿ ਮਾਗਹਿ ਭੀਖਿਆ ਜਾਇ॥ ਪੰਨਾ – 954

ਭਰਥਰੀ ਰੋਇਆ, ਗੋਪੀਚੰਦ ਰੋਇਆ।

ਰੋਵਹਿ ਕਿਰਪਨ ਸੰਚਹਿ ਧਨੁ ਜਾਇ॥
ਪੰਡਿਤ ਰੋਵਹਿ ਗਿਆਨੁ ਗਵਾਇ॥
ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੇ ਨਾਉ ਸੋਈ ਜਿਣਿ ਜਾਇ॥ ਪੰਨਾ – 954

ਜਿਹੜਾ ਨਾਮ ਤੇ ਵਿਸ਼ਵਾਸ ਲਿਆਏਗਾ, ਨਾਮ ਨੂੰ ਮੰਨ ਲਏਗਾ, ਉਹ ਸੰਸਾਰ ਵਿਚ ਜਿਤ ਗਿਆ।

ਅਉਰੀ ਕਰਮ ਨ ਲੇਖੈ ਲਾਇ॥ ਪੰਨਾ – 954

ਬਾਕੀ ਤਾਂ ਖਪਦੇ ਫਿਰਦੇ ਨੇ –

ਐਸਾ ਜਗੁ ਦੇਖਿਆ ਜੁਆਰੀ॥
ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਪੰਨਾ – 222

ਸੋ ਸਾਰੀ ਵਿਚਾਰ ਦਾ ਨਿਚੋੜ ਇਹ ਹੋਇਆ ਕਿ ਜੇ ਅਸੀਂ ਪ੍ਰਮੇਸ਼ਰ ਨਾਲੋਂ ਭੁੱਲ ਜਾਈਏ, ਟੁੱਟ ਜਾਈਏ, ਨਾਮ ਦੀ ਲਿਵ ਸਾਡੇ ਅੰਦਰ ਨਾ ਜਾਗੇ, ਰਾਮ ਰਾਮ ਤਾਂ ਸਾਰਾ ਸੰਸਾਰ ਕਹਿੰਦਾ ਹੈ ਪਰ ਲਿਵ ਵਿਚ ਤਾਂ ਕੋਈ ਵਿਰਲਾ ਜਾਂਦਾ ਹੈ। ਵਾਹਿਗੁਰੂ ਵਾਹਿਗੁਰੂ ਸਾਰੇ ਹੀ ਕਹਿੰਦੇ ਨੇ ਪਰ ਮਹਾਰਾਜ ਜੀ ਕਹਿੰਦੇ ਲਿਵ ਤੋਂ ਬਗੈਰ ਤੂੰ ਅਜੇ ਬਾਹਰ ਹੈ ਅੰਦਰ ਨਹੀਂ ਗਿਆ, ਅੰਦਰ ਜਾਣ ਦੀ ਜਾਚ ਸਿੱਖ, ਅੰਦਰ ਜਾਣ ਦੀ ਕੋਸ਼ਿਸ਼ ਕਰ।

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਪੰਨਾ – 491

ਮਹਾਰਾਜ ਜੀ ਕਹਿੰਦੇ ਮੰਨਣਾ ਪੈਂਦਾ ਹੈ। ਮੰਨਣ ਦੀ ਅਵਸਥਾ ਹੋਰ ਹੈ, ਪਹਿਲਾਂ ਸੁਣਨ ਦੀ ਅਵਸਥਾ ਹੁੰਦੀ ਹੈ, ਫੇਰ ਮੰਨਣ ਦੀ ਫੇਰ ਨਿਧੀਆਸਣ ਦੀ ਫੇਰ ਪ੍ਰਾਪਤੀ ਦੀ। ਚਾਰ ਅਵਸਥਾਵਾਂ ਨੇ। ਇਨ੍ਹਾਂ ਨੂੰ ਅੰਤਰੰਗ ਸਾਧਨ ਕਹਿੰਦੇ ਨੇ। ਸੋ ਜਦੋਂ ਤੱਕ ਅਸੀਂ ਨਾਮ ਨੂੰ ਮੰਨਦੇ ਨਹੀਂ, ਇਹ ਅਜੀਬ ਗੱਲ ਲਗਣੀ ਹੈ ਕਿ ਨਾਮ ਨੂੰ ਜਪਣਾ ਤਾਂ ਕਹਿੰਦੇ ਨੇ, ਗਾਉਣਾ ਕਹਿੰਦੇ ਨੇ, ਧਿਆਉਣਾ ਕਹਿੰਦੇ ਨੇ, ਨਾਮ

ਨੂੰ ਸੁਣਨਾ ਕਹਿੰਦੇ ਨੇ ਪਰ ਮੰਨਣਾ ਤਾਂ ਨਵੀਂ ਹੀ ਗੱਲ ਸੁਣੀ ਹੈ। ਮਹਾਰਾਜ ਜੀ ਤਾਂ ਸਾਨੂੰ ਪਹਿਲਾਂ ਤੋਂ ਹੀ ਦਸਦੇ ਨੇ ਕਿ –

ਮੰਨੇ ਕੀ ਗਤਿ ਕਹੀ ਨ ਜਾਇ॥
ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥ ਪੰਨਾ – 3

ਪਹਿਲਾਂ ਸੁਣਨ ਦੀ ਅਵਸਥਾ ਆਉਂਦੀ ਹੈ, ਫੇਰ ਮੰਨਣ ਦੀ ਅਵਸਥਾ ਹੈ। ਨਾਮ ਦੀ ਮਨੌਤ ਜਿੰਨਾ ਚਿਰ ਆਦਮੀ ਦੇ ਅੰਦਰ ਨਹੀਂ ਆਉਂਦੀ ਓਨਾ ਚਿਰ ਉਸ ਦਾ ਭਰਮ ਦੂਰ ਨਹੀਂ ਹੋਇਆ ਕਰਦਾ। ਪੰਜ ਕਿਸਮ ਦੇ ਭਰਮ ਨੇ ਆਦਮੀ ਦੇ ਅੰਦਰ, ਪੰਜੇ ਭਰਮਾਂ ਦੇ ਅੰਦਰ ਸਾਰਾ ਸੰਸਾਰ ਉਲਝਿਆ ਪਿਆ ਹੈ।

ਸੋ ਸਿਧਾਂਤ ਇਹ ਹੈ ਕਿ ਸਾਨੂੰ ਰੋਗ ਲਗਦੇ ਨੇ –

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਪੰਨਾ – 135

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ – 1256

ਏਸ ਤਰ੍ਹਾਂ ਫੁਰਮਾਨ ਕਰਦੇ ਨੇ –

ਧਾਰਨਾ – ਰੋਗੀ ਹੋ ਜਾਈਦੈ,
ਭੁਲਦਾ ਜਦ ਰਾਮ ਪਿਆਰਾ –2, 2.
ਭੁਲਦੈ ਜਦ ਰਾਮ ਪਿਆਰਾ –2, 2.
ਰੋਗੀ ਹੋ ਜਾਈਦੈ,.............. –2.

ਚਾਰ ਵੱਡੇ ਵੱਡੇ ਦੁਖ ਮਹਾਰਾਜ ਜੀ ਨੇ ਗਿਣੇ ਨੇ –

ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥ ਪੰਨਾ – 1256

ਦਰਦੁ ਹੋਵੈ ਦੁਖੁ ਰਹੈ ਸਰੀਰ॥
ਐਸਾ ਦਾਰੂ ਲਗੈ ਨ ਬੀਰ॥ ਪੰਨਾ – 1256

ਦਾਰੂਆਂ (ਦਵਾਈਆਂ) ਨਾਲ ਤਾਂ ਕੋਈ ਰਾਜੀ ਨਹੀਂ ਹੁੰਦਾ, ਬਥੇਰਾ ਜਾਈ ਜਾਓ ਪੀ. ਜੀ. ਆਈ ਜਿੰਨਾ ਜਾਣਾ ਹੈ। ਇਕ ਰੋਗ ਹਟੇਗਾ ਦੂਜਾ ਲੱਗ ਜਾਏਗਾ, ਦੂਜਾ ਹਟੇਗਾ ਤੀਜਾ ਲੱਗ ਜਾਏਗਾ ਕਿਉਂਕਿ ਅਸਲੀ ਜਿਥੇ ਰੋਗ ਦੀ ਜੜ੍ਹ ਹੈ ਉਥੇ ਤੱਕ ਨਹੀਂ ਅਸੀਂ ਪਹੁੰਚੇ। ਦਵਾਈ ਉਪਰ ਉਪਰ ਅਸਰ ਕਰਦੀ ਹੈ, ਰੋਗ ਦੀ ਜੜ੍ਹ ਤੱਕ ਨਹੀਂ ਜਾਂਦੀ। ਮਹਾਰਾਜ ਜੀ ਕਹਿੰਦੇ ਰੋਗ ਦੀ ਜੜ੍ਹ ਹੈ –

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਤਉ ਮਿਲੈ ਸਜਾਇ॥
ਵੈਦ ਨ ਭੋਲੇ ਦਾਰੂ ਲਾਇ॥ ਪੰਨਾ – 1256

ਗੁਰੂ ਨਾਨਕ ਪਾਤਿਸ਼ਾਹ ਸੋਲਾਂ ਸਤਾਰਾਂ ਸਾਲ ਦੀ ਉਮਰ ਵਿਚ ਨੇ। ਆਪ ਦੋ ਤਿੰਨ ਮਹੀਨੇ ਤੋਂ ਚੁੱਪ ਕਰਕੇ ਪਏ ਰਹਿੰਦੇ ਨੇ ਨਾ ਕੁਝ ਖਾਂਦੇ ਨੇ ਨਾ ਕੁਝ ਪੀਂਦੇ ਨੇ, ਨਾ ਕਿਸੇ ਨਾਲ ਬੋਲਦੇ ਨੇ। ਕਦੇ–ਕਦੇ ਜਦੋਂ ਮੌਜ ਆਉਂਦੀ ਹੈ ਤਾਂ ਆਪ ਉਠ ਕੇ ਬਾਹਰ ਚਲੇ ਜਾਂਦੇ ਨੇ ਜਿਥੇ ਕੋਈ ਸਾਧੂ ਮਹਾਂਪੁਰਸ਼ ਆਪ ਦੇ ਮਿਲਣ ਲਈ ਪ੍ਰਾਰਥਨਾ ਕਰ ਰਿਹਾ ਹੁੰਦਾ ਹੈ। ਉਸ ਦੇ ਕੋਲ ਜਾ ਕੇ, ਉਸ ਨੂੰ ਸੋਝੀ ਦੇ ਕੇ ਆਪ ਵਾਪਸ ਆ ਜਾਂਦੇ ਨੇ ਤੇ ਫੇਰ ਓਵੇਂ ਹੀ ਪੈ ਜਾਂਦੇ ਨੇ।

ਬੇਬੇ ਨਾਨਕੀ ਜੀ ਬਹੁਤ ਤਰਲਾ ਲੈਂਦੇ ਨੇ ਕਿ ਵੀਰ ਜੀ! ਜੇ ਤੁਸੀਂ ਅੱਜ ਕੁਝ ਮੂੰਹ ਵਿਚ ਨਾ ਪਾਇਆ ਤਾਂ ਮੈਂ ਵੀ ਨਹੀਂ ਕੁਝ ਖਾਣਾ ਕਿਉਂਕਿ ਪਿਆਰ ਸੀ, ਪਿਆਰ ਵਾਲਿਆਂ ਦੇ ਅੰਦਰ ਦਰਦ ਹੁੰਦਾ ਹੈ। ਦਰਦ ਵਾਲੇ ਦਾ ਦਰਦ ਪਿਆਰ ਵਾਲੇ ਨੂੰ ਪਹੁੰਚ ਹੋ ਜਾਇਆ ਕਰਦਾ ਹੈ। ਮਹਾਰਾਜ ਜੀ ਨੇ ਕੁਝ ਮੂੰਹ ਵਿਚ ਪਾ ਲੈਣਾ। ਸਿਹਤ ਕਮਜੋਰ ਹੋ ਗਈ। ਲੋਕ ਕਹਿਣ ਲੱਗ ਗਏ ਕਿ ਦੇਖੋ! ਇਕੋ ਇਕ ਪੁੱਤਰ ਹੈ ਕੋਈ ਪਤਾ ਨਹੀਂ ਕੋਈ ਹਵਾ ਹੈ ਜਾਂ ਕੋਈ ਭੂਤ ਪ੍ਰੇਤ ਚਿੰਬੜਿਆ ਹੋਇਆ ਹੈ ਜਾਂ ਕਿਸੇ ਦੇਵ ਦੀ ਛਾਇਆ ਹੈ। ਇਹ ਇਲਾਜ ਹੀ ਨਹੀਂ ਕਰਵਾਉਂਦੇ ਕਿਸੇ ਤੋਂ। ਇਕ ਦਿਨ ਲਾਲੂ ਜੀ ਨੂੰ ਇਹ ਗੱਲ ਕਹੀ ਕਿ ਤੁਸੀਂ ਆਪਣੇ ਭ੍ਰਾਤਾ ਜੀ ਨੂੰ ਕਹੋ। ਉਹ ਆ ਕੇ ਕਹਿਣ ਲੱਗੇ ਕਿ ਭ੍ਰਾਤਾ ਜੀ ਲੋਕ ਤਰ੍ਹਾਂ–ਤਰ੍ਹਾਂ ਦੀਆਂ ਗੱਲਾਂ ਕਰਦੇ ਨੇ, ਪੈਸੇ ਦੀ ਘਾਟ ਹੈ ਆਪਣੇ ਕੋਲ? ਇਨ੍ਹਾਂ ਦਾ ਇਲਾਜ ਕਰਾਓ। ਮਹਿਤਾ ਕਾਲੂ ਜੀ ਉਸੇ ਵੇਲੇ ਉਠ ਕੇ ਹਰਦਾਸ ਵੈਦ ਜੋ ਉਸ ਇਲਾਕੇ ਦਾ ਮਸ਼ਹੂਰ ਵੈਦ ਸੀ, ਰਾਜ ਵੈਦ ਉਸ ਦੇ ਕੋਲ ਚਲੇ ਜਾਂਦੇ ਨੇ। ਜਦੋਂ ਉਸ ਨੇ ਆਉਂਦੇ ਦੇਖੇ ਤਾਂ ਸਤਿਕਾਰ ਵਜੋਂ ਮੂੜ੍ਹਾ ਡਾਹ ਦਿੱਤਾ। ਕਹਿਣ ਲੱਗੇ, "ਬੈਠੋ ਮਹਿਤਾ ਜੀ! ਇਥੇ। ਮਰੀਜ਼ਾਂ ਨੂੰ ਤੋਰ ਕੇ ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ।"

ਵਿਹਲੇ ਹੋ ਕੇ ਪੁਛਣ ਲੱਗੇ, "ਦੱਸੋ! ਕਿਵੇਂ ਆਏ?"

ਸਾਰੀ ਗੱਲ ਦੱਸੀ ਕਿ ਨਾਨਕ ਜੀ ਐਨਾ ਚਿਰ ਹੋਇਆ, ਨਾ ਕੁਝ ਖਾਂਦੇ ਨੇ, ਨਾ ਬੋਲਦੇ ਨੇ, ਸਾਨੂੰ ਨਹੀਂ ਪਤਾ ਲਗਦਾ ਤੇ ਮੈਂ ਚੋਰੀ–ਚੋਰੀ ਬਹੁਤ ਕੁਝ ਕਰ ਚੁਕਿਆਂ ਹਾਂ, ਟੂਣੇ–ਟਾਮਣ ਵੀ ਕਰ ਚੁੱਕਿਆ ਹੈ ਪਰ ਕੁਝ ਬਣਦਾ ਨਹੀਂ।

ਉਹ ਕਹਿੰਦਾ, "ਇਸ ਦੇ ਵਿਚ ਫਿਕਰ ਦੀ ਕਿਹੜੀ ਗੱਲ ਹੈ? ਮੈਂ ਕੱਲ੍ਹ ਨੂੰ ਆਵਾਂਗਾ, ਦੇਖ ਲਵਾਂਗਾ। ਦੋ ਚਾਰ ਪੁੜੀਆਂ ਦੇਣ ਨਾਲ ਹੀ ਠੀਕ ਹੋ ਜਾਣਗੇ। ਨਿਹਾਰ ਮੂੰਹ ਰੱਖਣਾ ਤਾਂ ਕਿ ਮੈਂ ਨਬਜ਼ ਦੇਖ ਸਕਾਂ।"

ਸੋ ਦੂਸਰੇ ਦਿਨ ਆਉਂਦੇ ਨੇ, ਦੂਰੋਂ ਦੇਖ ਕੇ ਮਹਿਤਾ

ਜੀ ਸਤਿਕਾਰ ਨਾਲ ਅੰਦਰ ਲੈ ਆਏ। ਮੂੜ੍ਹਾ ਚੁੱਕ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਪਲੰਘ ਦੇ ਨੇੜੇ ਡਾਹ ਦਿੱਤਾ। ਵੈਦ ਜੀ ਮੂੜ੍ਹੇ ਤੇ ਬੈਠ ਗਏ।

ਮਹਿਤਾ ਜੀ ਕਹਿਣ ਲੱਗੇ, "ਆਹ ਪਏ ਨੇ। ਹੁਣ ਤੁਸੀਂ ਦੇਖ ਲਓ, ਅਸੀਂ ਤਾਂ ਅਵਾਜ਼ਾਂ ਦੇ ਦੇ ਕੇ ਥੱਕ ਜਾਂਦੇ ਹਾਂ, ਸਾਨੂੰ ਤਾਂ ਕੋਈ ਜਵਾਬ ਹੀ ਨਹੀਂ ਦਿੰਦੇ।"

ਉਸ ਵੇਲੇ ਵੈਦ ਨੇ ਆਵਾਜ਼ ਦਿੱਤੀ, "ਨਾਨਕ ਜੀ! ਨਾਨਕ ਜੀ!!" ਦੋ ਚਾਰ ਵਾਰੀ ਕਿਹਾ ਤੇ ਦੇਖ ਲਿਆ ਕਿ ਬੋਲਦੇ ਨਹੀਂ। ਉਸ ਵੇਲੇ ਉਨ੍ਹਾਂ ਦੇ ਉਪਰ ਦਿੱਤਾ ਕੱਪੜਾ ਥੋੜ੍ਹਾ ਚੁਕਿਆ ਤੇ ਕਲਾਈ ਫੜ ਲਈ। ਬਾਂਹ ਬਾਹਰ ਕੱਢ ਕੇ ਆਪ ਮਾਲਕ ਉਠ ਕੇ ਬੈਠ ਗਏ। ਵੈਦ ਨੂੰ ਪੁੱਛਣ ਲੱਗੇ, "ਵੈਦ ਜੀ! ਕੀ ਕਰਦੇ ਹੋ?"

ਕਹਿੰਦੇ, "ਨਾਨਕ ਜੀ! ਮੈਂ ਤੁਹਾਡਾ ਸੁਅਸਤ ਦੇਖਦਾ ਹਾਂ ਕਿ ਵਾਈ ਵੱਧ ਹੈ ਜਾਂ ਪਿੱਤ ਜਾਂ ਗਰਮੀ ਵੱਧ ਹੈ। ਜਿਹੜੀ ਚੀਜ਼ ਵੱਧ ਜਾਂ ਘੱਟ ਹੋਏਗੀ ਮੈਂ ਉਸੇ ਚੀਜ਼ ਦੀ ਪੁੜੀ ਤੁਹਾਨੂੰ ਦੇ ਦਵਾਂਗਾ। ਦੋ ਚਾਰ ਪੁੜੀਆਂ ਦੇ ਨਾਲ ਤੁਹਾਡਾ ਇਲਾਜ ਹੋ ਜਾਏਗਾ। ਤੁਸੀਂ ਬਿਲਕੁਲ ਠੀਕ ਹੋ ਜਾਓਗੇ ਤੇ ਹਸਦੇ ਖੇਡਦੇ ਫਿਰੋਂਗੇ।"

ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਕਾਹਨੂੰ ਆਪਣਾ ਸਮਾਂ ਨਸ਼ਟ ਕਰਦੇ ਹੋ?"

ਏਸ ਤਰ੍ਹਾਂ ਫੁਰਮਾਉਂਦੇ ਹਨ –

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥

ਪੰਨਾ – 1279

ਕਹਿਣ ਲੱਗੇ, "ਵੈਦ ਜੀ! ਮੈਨੂੰ ਕੋਈ ਰੋਗ ਨਹੀਂ ਹੈ ਜਿਹੜਾ ਤੁਸੀਂ ਦਸਦੇ ਹੋ। ਤੁਸੀਂ ਕਿੰਨੇ ਰੋਗਾਂ ਦਾ ਇਲਾਜ ਜਾਣਦੇ ਹੋ?"

ਕਹਿਣ ਲੱਗੇ, "ਨਾਨਕ ਜੀ! ਜਿੰਨੇ ਰੋਗ ਸਾਸ਼ਤਰ ਵਿਚ ਲਿਖੇ ਹੋਏ ਨੇ ਸਾਰਿਆਂ ਦਾ ਮੈਂ ਇਲਾਜ ਜਾਣਦਾ ਹਾਂ। ਅੱਗੇ ਜਿੰਨੀਆਂ ਉਨ੍ਹਾਂ ਦੀਆਂ ਸੰਬੰਧਤ ਬਿਮਾਰੀਆਂ ਨੇ ਉਨ੍ਹਾਂ ਦਾ ਵੀ ਮੈਂ ਇਲਾਜ ਜਾਣਦਾ ਹਾਂ।"

ਮਹਾਰਾਜ ਕਹਿੰਦੇ, "ਮੁੱਖ ਰੋਗ ਕਿੰਨੇ ਨੇ?"

ਕਹਿੰਦਾ, "ਮਹਾਰਾਜ! ਨੜ੍ਹੀਨਵੇਂ ਨੇ।"

ਮਹਾਰਾਜ ਜੀ ਕਹਿੰਦੇ, "ਇਨ੍ਹਾਂ ਵਿਚੋਂ ਨਹੀਂ ਹੈ ਕੋਈ ਵੀ।" ਵੈਦ ਸ਼ਰਧਾ ਵਿਚ ਆ ਗਿਆ ਕਿਉਂਕਿ ਪਹਿਲਾਂ ਸੁਣ ਚੁੱਕਿਆ ਸੀ ਕਿ ਗੁਰੂ ਨਾਨਕ ਪਾਂਧੇ ਨੂੰ ਵੀ ਪੜ੍ਹਾ ਆਏ ਨੇ, ਸਾਸ਼ਤਰੀ ਜੀ ਨੂੰ ਵੀ ਪੜ੍ਹਾ ਆਏ ਨੇ ਤੇ ਸਯੱਦ ਜੋ ਫਾਰਸੀ ਪੜ੍ਹਾਉਂਦੇ ਸੀ ਉਨ੍ਹਾਂ ਨੂੰ ਵੀ ਪੜ੍ਹਾ ਆਏ, ਅਰਬੀ ਪੜ੍ਹਾਉਣ ਵਾਲੇ ਨੂੰ ਵੀ ਪੜ੍ਹਾ ਆਏ ਤੇ ਅੱਜ ਤਾਂ ਮੇਰੀ ਵਾਰੀ ਆ ਗਈ, ਮੈਂ ਵੈਦਿਕ ਸਿੱਖਾਂ ਗੁਰੂ ਨਾਨਕ ਸਾਹਿਬ ਤੋਂ। ਵੈਦ ਸ਼ਰਧਾ 'ਚ ਆ ਗਿਆ।

ਕਹਿਣ ਲੱਗਿਆ, "ਪਾਤਿਸ਼ਾਹ! ਫੇਰ ਆਪ ਕਿਰਪਾ ਕਰਕੇ ਦੱਸੋ ਕਿ ਕੀ ਗੱਲ ਹੈ? ਆਪ ਇਸ ਤਰ੍ਹਾਂ ਕਿਉਂ ਪਏ ਹੋ?"

ਮਹਾਰਾਜ ਜੀ ਕਹਿੰਦੇ, "ਵੈਦ ਜੀ! ਆਹ ਦੁਨਿਆਵੀ ਬਿਮਾਰੀ ਨਹੀਂ ਹੈ ਸਾਨੂੰ ਕੋਈ। ਸਾਡੇ ਅੰਦਰ ਤਾਂ ਇਕ ਲਗਨ ਲੱਗੀ ਹੋਈ ਹੈ।"

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।

ਕਹਿੰਦੇ, "ਸਾਨੂੰ ਪਿਆਰ ਹੈ।"

ਧਾਰਨਾ – ਮੇਰੇ ਕਰਕ ਕਲੇਜੇ ਮਾਹਿ,
ਭੋਲਾ ਵੈਦ ਨਾ ਜਾਣਦਾ –2, 2.
ਭੋਲਾ ਵੈਦ ਨਾ ਜਾਣਦਾ –2, 2.
ਮੇਰੇ ਕਰਕ ਕਲੇਜੇ ਮਾਹਿ,............ –2.

ਕਹਿਣ ਲੱਗੇ, "ਵੈਦ ਜੀ! ਤੁਹਾਡੇ ਇਸ ਸਾਸ਼ਤਰ ਵਿਚ ਐਸੀ ਕੋਈ ਬਾਤ ਨਹੀਂ ਹੈ ਜਿਹੜੀ ਮੇਰਾ ਇਲਾਜ ਕਰ ਸਕੇ ਕਿਉਂਕਿ ਜੋ ਸਾਡਾ ਇਲਾਜ ਹੈ ਉਹ ਵਸੱਲ (ਮਿਲਾਪ) ਹੈ ਤੇ ਵਸੱਲ ਕਿਸੇ ਦਵਾਈ ਨਾਲ ਨਹੀਂ ਹੁੰਦਾ।"

ਨਾਲ ਹੀ ਸਵਾਲ ਕਰ ਦਿੱਤਾ ਕਿ ਵੈਦ ਜੀ! ਤੁਸੀਂ ਰਾਜੀ (ਤੰਦਰੁਸਤ) ਹੋ? ਸਹਿਮ ਗਿਆ ਵੈਦ ਸੁਣਦੀਸਾਰ ਕਿ ਕੋਈ ਬਹੁਤ ਗੰਭੀਰ ਸਿੱਟਾ ਕੱਢਣਗੇ।

ਕਹਿੰਦਾ, "ਨਾਨਕ ਜੀ! ਸਿਹਤ ਵਿਗਿਆਨ ਦੇ ਅਨੁਸਾਰ ਮੇਰੇ ਤਿੰਨੇ ਤੱਤ ਵਾਈ–ਪਿੱਤ–ਕਫ ਸਮਾਨ ਮਾਤਰਾਂ ਵਿਚ ਹਨ। ਆਦਮੀ ਤਾਂ ਬਿਮਾਰ ਹੁੰਦਾ ਹੈ ਜੇ ਇਕ ਤੱਤ ਘਟ ਜਾਵੇ ਜਾਂ ਵੱਧ ਜਾਵੇ। ਸੋ ਮੈਂ ਤਾਂ ਠੀਕ ਹਾਂ।"

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਤੂੰ! ਇਸ ਸੰਸਾਰ ਦੇ ਅੰਦਰ ਐਸਾ ਕੋਈ ਨਹੀਂ ਹੈ ਜਿਸ ਨੂੰ ਰਾਜੀ ਕਹਿ ਸਕੀਏ ਸ਼ਾਇਦ ਤੈਨੂੰ ਪਤਾ ਨਹੀਂ ਕਿ ਸਾਰੇ ਰੋਗ ਮਨ 'ਚ ਸ਼ੁਰੂ ਹੋਇਆ ਕਰਦੇ ਨੇ। ਜੇ ਮਨ ਤੰਦਰੁਸਤ ਹੈ ਤਾਂ ਸਰੀਰ ਵੀ ਤੰਦਰੁਸਤ ਹੈ ਜੇ ਮਨ ਤੰਦਰੁਸਤ ਨਹੀਂ ਹੈ ਤਾਂ ਸਰੀਰ ਤੰਦਰੁਸਤ ਨਹੀਂ ਹੋ ਸਕਦਾ।"

ਅਮਰੀਕਾ ਵਿਚ ਹੁਣ ਪਤਾ ਲੱਗਿਆ ਹੈ ਮੈਨੂੰ ਕਿਸੇ ਨੇ ਇਕ ਚਿੱਠੀ ਭੇਜੀ। ਕਿਸੇ ਨੇ ਇਕ ਫਿਲਮ ਦੇਖੀ, ਫਿਲਮ ਵਿਚ ਰੋਗ ਦੀ ਬਾਤ ਚੱਲ ਰਹੀ ਸੀ। ਉਸ ਨੇ ਲਿਖਿਆ ਕਿ ਇਕ ਡਾਕਟਰ ਨੇ ਤਜਰਬਾ ਕਰਿਆ ਹੈ ਅਮਰੀਕਾ ਵਿਚ ਕਿ ਜੇ ਮਾਨਸਿਕ ਤੌਰ ਤੇ ਆਦਮੀ ਸੰਤੁਸ਼ਟ ਹੋ ਜਾਵੇ ਤੇ ਉਹ ਪੂਰੇ ਭਰੋਸੇ ਵਿਚ ਆ ਜਾਵੇ ਕਿ ਮੈਂ ਬਿਮਾਰ ਨਹੀਂ ਹਾਂ, ਤਾਂ ਉਹ ਰਾਜੀ ਹੋ ਜਾਂਦਾ ਹੈ।

ਮਹਾਰਾਜ ਜੀ ਨੇ ਤਾਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਜੇ ਮਨ ਰਾਜੀ ਨਹੀਂ ਹੈ ਤਾਂ ਤਨ ਰਾਜੀ ਨਹੀਂ ਰਹਿਆ ਕਰਦਾ। ਵਿਚਾਰ ਕਰਕੇ ਦੇਖ ਲਓ। ਇਕ ਆਦਮੀ ਦੇ ਮਨ ਵਿਚ ਚਿੰਤਾ ਆ ਜਾਵੇ, ਉਸ ਨੂੰ ਜਿੰਨਾ ਜੀਅ ਕਰਦਾ ਹੈ ਖਲਾ ਲਓ ਉਹ ਹਜ਼ਮ ਹੀ ਨਹੀਂ ਹੋਏਗਾ। ਉਸ ਦੇ ਸਾਰੇ ਸੈਲ ਨਸ਼ਟ ਹੋਣੇ ਸ਼ੁਰੂ ਹੋ ਜਾਣਗੇ। ਸਾਡੇ ਸਰੀਰ ਦੇ ਅੰਦਰ 2 ਖਰਬ 15 ਅਰਬ ਸੈਲ ਨੇ। ਚਿੰਤਾ ਕਰੋੜਾਂ ਸੈਲਾਂ ਨੂੰ ਸਾੜ ਦਿੰਦੀ ਹੈ। ਕਾਮ ਦਾ ਜਜ਼ਬਾ ਆ ਜਾਵੇ, ਕ੍ਰੋਧ ਦਾ ਆ ਜਾਵੇ ਤਾਂ ਮਹਾਰਾਜ ਜੀ ਕਹਿੰਦੇ ਸਰੀਰ ਰੋਗੀ ਹੋ ਜਾਇਆ ਕਰਦਾ ਹੈ –

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ – 932

ਮਹਾਰਾਜ ਜੀ ਕਹਿੰਦੇ, "ਜੇ ਮਨ ਨਰੋਆ ਹੋਏਗਾ, ਮਨ ਅਰੋਗ ਹੋਏਗਾ ਤਾਂ ਸਰੀਰ ਵੀ ਅਰੋਗ ਰਹੇਗਾ। ਜੇ ਮਨ ਰੋਗੀ ਹੋਏਗਾ ਤਾਂ ਸਰੀਰ ਅਰੋਗ ਨਹੀਂ ਹੋ ਸਕਦਾ।"

ਵੈਦ ਕਹਿੰਦਾ, "ਸੱਚੇ ਪਾਤਿਸ਼ਾਹ! ਮੇਰੀ ਸਮਝ ਵਿਚ ਨਹੀਂ ਆਈ ਇਹ ਬਾਤ। ਕਿਰਪਾ ਕਰਕੇ ਮੈਨੂੰ ਇਹ ਦੱਸੋ ਕਿ ਮਨ ਵੀ ਅਰੋਗ ਹੋ ਜਾਂਦਾ ਹੈ?"

ਮਹਾਰਾਜ ਜੀ ਕਹਿੰਦੇ, "ਮਨ ਤਾਂ ਬਹੁਤਾ ਬਿਮਾਰ ਹੈ। ਸਰੀਰ ਜੇ ਬਿਮਾਰ ਹੋ ਜਾਵੇ ਤਾਂ ਕੁਝ ਨਹੀਂ ਹੁੰਦਾ, ਵੱਧ ਤੋਂ ਵੱਧ ਸਰੀਰ ਛੁਟ ਜਾਏਗਾ। ਜੇ ਮਨ ਬਿਮਾਰ ਹੋ ਜਾਵੇ ਫੇਰ ਤਾਂ ਬਹੁਤ ਭਾਰੀਆਂ ਸਜਾਵਾਂ ਮਿਲਦੀਆਂ ਹਨ, ਦੁਖੀ ਹੁੰਦਾ ਹੈ ਬੰਦਾ ਤੇ ਮਨ ਦੀ ਬਿਮਾਰੀ ਤਾਂ ਬਹੁਤ ਜਬਰਦਸਤ ਬਿਮਾਰੀ ਹੈ। ਸੋ ਮਨ ਰੋਗੀ ਹੋਣ ਨਾਲ ਸਰੀਰ ਰੋਗੀ ਹੋ ਜਾਇਆ ਕਰਦਾ ਹੈ।"

ਮਹਾਰਾਜ ਜੀ ਕਹਿੰਦੇ ਕਿ ਇਕ ਗੁਰੂ ਤੋਂ ਬਗੈਰ ਸਾਰਾ ਸੰਸਾਰ ਰੋਗੀ ਹੈ। ਰੋਗਾਂ ਦੀ ਵੰਡ ਕੀਤੀ ਹੋਈ ਹੈ–

ਹਉਮੈ ਰੋਗੁ ਮਾਨੁਖ ਕਉ ਦੀਨਾ॥
ਕਾਮ ਰੋਗਿ ਮੈਗਲੁ ਬਸਿ ਲੀਨਾ॥ ਪੰਨਾ – 1140

ਹਾਥੀ ਨੂੰ ਕਾਮ ਦਾ ਰੋਗ ਹੈ। ਹਥਨੀ ਕਾਗਜ਼ਾਂ ਦੀ ਬਣਾ ਕੇ ਖੜ੍ਹਾ ਦਿੰਦੇ ਨੇ। ਟੋਆ ਪੁੱਟ ਕੇ ਉੱਤੇ ਫੂਸ ਦੀ ਛੱਤ ਪਾ ਦਿੰਦੇ ਨੇ, ਵਿਚ ਜਾ ਕੇ ਧੜੰਮ ਗਿਰਦਾ ਹੈ। ਉਥੇ ਭੁੱਖੇ ਪਿਆਸੇ ਨੂੰ ਪਿਆ ਰਹਿਣ ਦਿੰਦੇ ਨੇ। ਫੇਰ ਕਾਬੂ ਕਰਕੇ ਹੀ ਬਾਹਰ ਕਢਦੇ ਨੇ।

ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਪੰਨਾ – 1140

ਦੀਵਾ ਮਚਦਾ ਹੋਵੇ, ਬਾਹਰ ਕਿੰਨੇ ਪਤੰਗੇ ਆ ਕੇ ਆਪਣੀ ਜਾਨ ਦੇ ਦਿੰਦੇ ਨੇ।

ਨਾਦ ਰੋਗਿ ਖਪਿ ਗਏ ਕੁਰੰਗਾ॥ ਪੰਨਾ – 1140

ਘੰਡੇਹੇੜੇ ਦਾ ਸ਼ਬਦ ਵਜਾ ਕੇ ਹਰਨ ਨੂੰ ਫੜ ਲੈਂਦੇ ਸਨ। ਪੁਰਾਣੇ ਜ਼ਮਾਨੇ ਵਿਚ ਸ਼ਿਕਾਰੀ ਵਜਾਈ ਜਾਂਦੇ ਸਨ ਤੇ ਹਰਨ ਮਸਤ ਹੋ ਕੇ ਸਿੱਧਾ ਹੀ ਤੁਰਿਆ ਆਉਂਦਾ ਸੀ ਤੇ ਉਹ ਫੜ ਲੈਂਦੇ ਸਨ।

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਪੰਨਾ – 1140

ਜਿੰਨਾ ਸੰਸਾਰ ਨਜ਼ਰ ਆਉਂਦਾ ਹੈ ਸਭ ਰੋਗੀ ਹੈ, ਚਾਹੇ ਬਾਦਸ਼ਾਹ ਹੈ, ਚਾਹੇ ਗਰੀਬ ਹੈ, ਚਾਹੇ ਅਮੀਰ ਹੈ ਕੋਈ ਹੈ ਸਭ ਰੋਗੀ ਨੇ ਗੁਰੂ ਤੋਂ ਬਗੈਰ –

ਜਿਹਵਾ ਰੋਗਿ ਮੀਨੁ ਗ੍ਰਸਿਆਨੋ॥ ਪੰਨਾ – 1140

ਮੱਛੀ ਨੂੰ ਜਿਹਬਾ ਦਾ ਰੋਗ ਦੇ ਦਿੱਤਾ ਕੁੰਡੀ ਨਾਲ ਲਾ ਕੇ ਪਾਣੀ ਵਿਚ ਸੁੱਟ ਦਿੰਦੇ ਨੇ। ਉਹ ਕੁੰਡੀ ਸਣੇ ਅੰਦਰ ਨਘਾਰ ਜਾਂਦੀ ਹੈ, ਅਖੀਰ ਮਰਨਾ ਪੈਂਦਾ ਹੈ।

ਬਾਸਨ ਰੋਗਿ ਭਵਰੁ ਬਿਨਸਾਨੋ॥ ਪੰਨਾ – 1140

ਵਾਸ਼ਨਾ ਦੇ ਰੋਗ ਨੇ ਭੌਰੇ ਦਾ ਖਾਤਮਾ ਕਰ ਦਿੱਤਾ।

ਹੇਤ ਰੋਗ ਕਾ ਸਗਲ ਸੰਸਾਰਾ॥ ਪੰਨਾ – 1140

ਮਹਾਰਾਜ ਜੀ ਕਹਿੰਦੇ ਸਾਰਾ ਸੰਸਾਰ ਮੋਹ ਰੋਗ ਵਿਚ ਬੰਨ੍ਹਿਆ ਹੋਇਆ ਹੈ ਤੇ ਮੋਹ ਦਾ ਬੰਨ੍ਹਿਆ ਹੋਇਆ ਹੀ ਇਹ ਦੁਖੀ ਹੋਈ ਜਾਂਦਾ ਹੈ –

ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥ ਪੰਨਾ – 1140

ਤਿੰਨਾਂ ਗੁਣਾਂ ਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚ ਸਾਰਾ ਹੀ ਸੰਸਾਰ ਬੰਨ੍ਹ ਕੇ ਸੁੱਤਾ ਪਿਆ ਹੈ। ਆਪਣੇ ਅਸਲੀ ਆਸ਼ੇ ਨੂੰ ਭੁੱਲ ਕੇ –

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਈ॥
ਪੰਨਾ – 920

ਸਾਰੀ ਉਮਰ ਗੁਆ ਕੇ ਚਲਿਆ ਜਾਂਦਾ ਹੈ। ਸੋ ਇਸ ਰੋਗ ਵਿਚ ਗ੍ਰਸਿਆ ਹੋਇਆ –

ਰੋਗੇ ਮਰਤਾ ਰੋਗੇ ਜਨਮੈ॥
ਰੋਗੇ ਫਿਰਿ ਫਿਰਿ ਜੋਨੀ ਭਰਮੈ॥
ਰੋਗ ਬੰਧ ਰਹਨੁ ਰਤੀ ਨ ਪਾਵੈ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥ ਪੰਨਾ – 1141

ਇਥੇ ਫੈਸਲਾ ਕਰ ਦਿੱਤਾ ਕਿ ਜਦੋਂ ਤੱਕ ਗੁਰੂ ਧਾਰਨ ਕਰਕੇ ਗੁਰਮੰਤਰ ਦੀ ਪ੍ਰਾਪਤੀ ਕਰਕੇ, ਉਸ ਦਾ ਅਭਿਆਸ ਕਰਕੇ ਸ਼ਬਦ ਤੱਕ ਰਸਵਾਈ ਨਹੀਂ ਕਰਦਾ, ਸ਼ਬਦ ਤੋਂ ਨਾਮ ਦੇ ਮੰਡਲ ਵਿਚ ਨਹੀਂ ਪਹੁੰਚਦਾ ਓਨਾ ਚਿਰ ਮਹਾਰਾਜ ਜੀ ਕਹਿੰਦੇ ਇਸ ਦਾ ਰੋਗ ਨਹੀਂ ਜਾਂਦਾ –

ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥
ਪਾਰਬ੍ਰਹਮਿ ਜਿਸੁ ਕੀਨੀ ਦਇਆ॥
ਬਾਹ ਪਕੜਿ ਰੋਗਹੁ ਕਢਿ ਲਇਆ॥
ਤੂਟੇ ਬੰਧਨ ....॥ ਪੰਨਾ – 1141

ਇਥੇ ਮਹਾਰਾਜ ਜੀ ਨੇ ਫੇਰ ਫੁਰਮਾ ਦਿੱਤਾ, ਕਦੋਂ ਟੁੱਟਦੇ ਨੇ। ਕਹਿੰਦੇ ਜਦੋਂ ਇਕ ਮਹਾਂਪੁਰਸ਼ ਦੀ ਸੰਗਤ ਪ੍ਰਾਪਤ ਹੋ ਜਾਵੇ –

ਤੂਟੇ ਬੰਧਨ ਸਾਧਸੰਗੁ ਪਾਇਆ॥
ਕਹੁ ਨਾਨਕ ਗੁਰਿ ਰੋਗੁ ਮਿਟਾਇਆ॥ ਪੰਨਾ – 1141

ਵੈਦ ਕਹਿਣ ਲੱਗਿਆ, "ਹੇ ਨਾਨਕ ਜੀ! ਕਿਰਪਾ ਕਰਕੇ ਜਰਾ ਵਿਸਥਾਰ ਨਾਲ ਸਮਝਾਓ ਮੈਂ ਤਾਂ ਸਣਝ ਨਹੀਂ ਸਕਿਆ ਕਿਉਂਕਿ ਮੈਂ ਪਹਿਲੀ ਵਾਰੀ ਸੁਣੀ ਹੈ, ਮੈਨੂੰ ਨਹੀਂ ਪਤਾ ਇਹ ਕੀ ਹੁੰਦਾ ਹੈ?"

ਮਹਾਰਾਜ ਜੀ ਕਹਿੰਦੇ, "ਦੇਖੋ! ਮਨ ਦੇ ਅੰਦਰ ਇਕ ਰੋਗ ਨਹੀਂ ਹੈ। ਮਨ ਤਾਂ ਰੋਗਾਂ ਨਾਲ ਭਰਿਆ ਪਿਆ ਹੈ ਜਿਸ ਦੇ ਨਤੀਜੇ ਬੜੇ ਹੀ ਭਿਆਨਕ ਨਿਕਲਦੇ ਨੇ।"

ਚਾਰ ਉਂਗਲ ਦੀ ਜ਼ੁਬਾਨ ਹੈ ਜੇ ਤਾਂ ਇਸ ਦੇ ਨਾਲ ਰਾਮ-ਰਾਮ, ਅੱਲ੍ਹਾ-ਅੱਲ੍ਹਾ, ਵਾਹਿਗੁਰੂ-ਵਾਹਿਗੁਰੂ ਜਪ ਲਓ ਫੇਰ ਤਾਂ ਜਮਾਂ ਦੇ ਸੰਗਲ ਕੱਟੇ ਜਾਂਦੇ ਨੇ -

ਏਕ ਚਿਤ ਜਿਹ ਇਕ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥ ਅਕਾਲ ਉਸਤਤਿ

ਜੇ ਇਸ ਦੇ ਨਾਲ ਫਿੱਕਾ ਬੋਲੋ ਤਾਂ -

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥
ਪੰਨਾ - 473

ਕਹਿੰਦੇ, ਦਰਗਾਹ ਵਿਚ ਸਜਾ ਮਿਲਦੀ ਹੈ ਫਿੱਕਾ ਬੋਲਣ ਵਾਲੇ ਨੂੰ। ਆਦਮੀ ਫਿੱਕਾ ਬੋਲਦਾ ਹੈ, ਆਕੜ ਕੇ ਬੋਲਦਾ ਹੈ, ਆਪਣੇ ਆਪ ਨੂੰ ਬਹੁਤ ਵੱਡਾ ਜਾਣਦਾ ਹੈ ਦੂਸਰੇ ਨੂੰ ਗਰੀਬ ਜਾਣਦਾ ਹੈ ਪਰ ਉਹ ਅਗਿਆਨੀ ਹੈ ਉਸ ਨੂੰ ਇਹ ਨਹੀਂ ਪਤਾ ਕਿ ਜੋ ਪ੍ਰਮੇਸ਼ਰ ਮੇਰੇ ਵਿਚ ਹੈ ਓਹੀ ਇਸ ਦੇ ਵਿਚ ਹੈ। ਜੋ ਆਤਮਾ ਇਸ ਦੇ ਵਿਚ ਹੈ ਓਹੀ ਮੇਰੇ ਵਿਚ ਹੈ। ਅਗਿਆਨ ਵਸ ਹੋ ਕੇ ਫਿੱਕਾ ਬੋਲਦਾ ਹੈ।

ਦੂਸਰਾ ਇਹ ਜ਼ੁਬਾਨ ਦਾ ਦੋਸ਼ ਹੈ ਕਿ ਇਹ ਨਿੰਦਾ ਕਰਦੀ ਹੈ, ਚੁਗਲੀ ਕਰਦੀ ਹੈ। ਨਿੰਦਾ ਬਹੁਤ ਵੱਡਾ ਔਗੁਣ ਦੱਸਿਆ ਹੈ ਮਹਾਰਾਜ ਜੀ ਨੇ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਹੁਤ ਵਿਸਥਾਰ ਨਾਲ ਨਿੰਦਾ ਦਾ ਜ਼ਿਕਰ ਆਉਂਦਾ ਹੈ ਤੇ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥
ਪੰਨਾ - 755

ਚਾਰ ਉਂਗਲ ਦੀ ਜ਼ੁਬਾਨ ਦਾ ਜੇ ਦੁਰਉਪਯੋਗ ਕੀਤਾ ਜਾਵੇ, ਨਿੰਦਿਆ ਕਰੀ ਜਾਵੇ, ਈਰਖਾ ਪਹਿਲਾਂ ਆਇਆ ਕਰਦੀ ਹੈ ਫੇਰ ਆਦਮੀ ਨਿੰਦਿਆ ਕਰਦਾ ਹੈ। ਕੋਈ ਵਿਰਲਾ ਹੈ ਜਿਹੜਾ ਨਿੰਦਿਆ ਤੋਂ ਬਚਦਾ ਹੈ। ਮਹਾਰਾਜ ਜੀ ਕਹਿੰਦੇ -

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥
ਪੰਨਾ - 380

ਫੇਰ ਉਸ ਨੂੰ ਨਰਕਾਂ ਵਿਚ ਵਾਸਾ ਮਿਲਦਾ ਹੈ।

ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ॥
ਪੰਨਾ - 380

ਕਿੱਡੀ ਵੱਡੀ ਸਜਾ ਹੋ ਗਈ ਨਾ! ਇਥੇ ਢੋਈ ਹੈ ਨਾ ਦਰਗਾਹ ਦੇ ਵਿਚ ਢੋਈ ਮਿਲਦੀ ਹੈ। ਜਮਾਂ ਦੀ ਪੁਰੀ ਵਿਚ ਲਿਜਾਇਆ ਜਾਂਦਾ ਹੈ ਉਥੇ ਜਾ ਕੇ ਫੇਰ ਪਚਦਾ ਹੈ -

ਨਿੰਦਕਿ ਅਹਿਲਾ ਜਨਮੁ ਗਵਾਇਆ॥ ਪੰਨਾ - 380

ਕਹਿੰਦੇ, ਉਹ ਨਿੰਦਕ ਪੁਰਸ਼ਾਂ ਕੀ ਖੱਟਿਆ ਚਾਰ ਉਂਗਲ ਦੀ ਜੀਭ ਹਿਲਾ ਕੇ? ਨਿੰਦਕ ਨੂੰ ਐਨਾ ਦੋਸ਼ ਕਿਉਂ ਹੈ ਸਾਧ ਸੰਗਤ ਜੀ! ਉਹ ਨਿੰਦਿਆ ਕਰਕੇ ਦੂਸਰੇ ਦੇ ਮਨ ਵਿਚ ਸ਼ੰਕਾ ਪੈਦਾ ਕਰ ਦਿੰਦਾ ਹੈ। ਉਸ ਦੀ ਸਖਸ਼ੀਅਤ ਤੇ ਸ਼ੱਕ ਹੋ ਜਾਂਦਾ ਹੈ। ਜੇ ਕਿਸੇ ਮਹਾਂਪੁਰਸ਼ਾਂ ਦੀ ਨਿੰਦਾ ਕਰ ਦੇਵੇ ਤੇ ਉਸ ਦੀ ਹੋਵੇ ਸ਼ਰਧਾ ਤੇ ਉਸ ਦਾ ਹੋਣਾ ਹੋਵੇ ਭਲਾ, ਉਸ ਦਾ ਭਲਾ ਨਹੀਂ ਹੁੰਦਾ ਤੇ ਉਸ ਦਾ ਜਨਮ ਬਿਰਥਾ ਗੁਆ ਦਿੰਦਾ ਹੈ ਕਿਉਂਕਿ ਸ਼ੰਕਾ ਪੈਦਾ ਕਰ ਦਿੱਤਾ। ਸੋ ਕਹਿੰਦੇ -

ਨਿੰਦਕਿ ਅਹਿਲਾ ਜਨਮੁ ਗਵਾਇਆ॥
ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ॥
ਪੰਨਾ - 380

ਅੱਗੇ ਕਹਿੰਦੇ ਜਗ੍ਹਾ ਨਹੀਂ ਮਿਲਦੀ। ਇਹ ਰੂਹਾਨੀ ਸੰਵਿਧਾਨ ਹੈ ਗੁਰੂ ਗ੍ਰੰਥ ਸਾਹਿਬ ਦਾ, ਇਹ ਕੋਈ ਕਵਿਤਾ ਨਹੀਂ ਹੈ ਜੋੜੀ ਹੋਈ। ਇਥੇ ਇਕ ਇਕ ਅੱਖਰ ਕੰਨਾ, ਸਿਹਾਰੀ, ਬਿਹਾਰੀ ਸਭ ਕੁਝ ਅਕਾਲ ਪੁਰਖ ਦੀ ਦਰਗਾਹ ਦਾ ਹੈ। ਇਸ ਨੂੰ ਕੋਈ ਅਗਰ ਮਗਰ ਕਰਕੇ ਬਦਲ ਨਹੀਂ ਸਕਦਾ, ਕੋਈ ਗਲਤ ਅਰਥ ਨਹੀਂ ਕੱਢ ਸਕਦਾ। ਸੋ ਮਹਾਰਾਜ ਜੀ ਕਹਿੰਦੇ -

ਜਿਨ ਅੰਦਰਿ ਨਿੰਦਾ ਦੁਸਟੁ ਹੈ ....॥
ਪੰਨਾ - 1244

ਜਿਨ੍ਹਾਂ ਦੇ ਅੰਦਰ ਨਿੰਦਿਆ ਹੈ, ਦੁਸ਼ਟਤਾਈ ਨਿੰਦਿਆ ਹੈ-

.... ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਪੰਨਾ - 1244

ਕਹਿੰਦੇ ਦੁਖੀਏ ਰਹਿੰਦੇ ਨੇ ਸਾਰੇ -

ਜਨ ਨਿਰਵੈਰ ਨਿੰਦਕ ਅਹੰਕਾਰੀ॥ ਪੰਨਾ - 869

ਜਿਹੜੇ 'ਜਨ' (ਪ੍ਰਭੂ ਦੇ ਪਿਆਰੇ) ਨੇ ਉਹ ਤਾਂ ਨਿੰਦਿਆਂ ਨੂੰ ਗਿਣਦੇ ਹੀ ਨਹੀਂ, ਉਹ ਤਾਂ ਕਹਿੰਦੇ ਬਹੁਤ ਅੱਛਾ ਹੋਇਆ।

ਜਨ ਭਲ ਮਾਨਹਿ ਨਿੰਦਕ ਵੇਕਾਰੀ॥ ਪੰਨਾ - 869

ਜੇ ਕੋਈ ਕਹੇ ਕਿ ਤੁਹਾਡੀ ਨਿੰਦਿਆ ਹੁੰਦੀ ਹੈ ਉਹ ਕਹਿੰਦੇ ਬਹੁਤ ਵਧੀਆ ਹੈ ਮੱਖੀਆਂ ਘਟ ਜਾਣਗੀਆਂ।

'ਚਲਦਾ'

ਅਨੰਦਮਈ ਜੀਵਨ ਜਾਚ
The Art of Joyful Living

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-53)

ਪੱਛਮ ਵਿਚ ਹਰ ਇਕ ਚਾਹਵਾਨ ਕੋਲ ਨੌਕਰੀ ਹੈ। ਇਹੋ ਹੀ ਕਾਰਣ ਹੈ ਕਿ ਕਿਸੇ ਨੂੰ ਨੌਕਰੀ ਦੀ ਕਦਰ ਹੀ ਨਹੀਂ ਕਿਉਂਕਿ ਸਭ ਨੂੰ ਬੜੀ ਹੀ ਅਸਾਨੀ ਨਾਲ ਨੌਕਰੀ ਮਿਲ ਜਾਂਦੀ ਹੈ। ਨੌਕਰੀ ਮਿਲ ਜਾਣੀ ਹੈ ਇਸ ਗੱਲ ਦਾ ਹਰੇਕ ਨੂੰ ਪੂਰਾ ਪੂਰਾ ਭਰੋਸਾ ਹੈ। ਜੇਕਰ ਡਾਕਟਰ ਆਪਣਾ ਕੰਮ ਨਹੀਂ ਕਰਨਾ ਚਾਹੁੰਦਾ ਭਾਵ ਡਾਕਟਰੀ ਨਹੀਂ ਕਰਨਾ ਚਾਹੁੰਦਾ, ਉਹ ਕੋਈ ਤਰਖਾਣ ਦਾ ਕੰਮ ਜਾਂ ਕੋਈ ਰਾਜ ਦਾ ਕੰਮ ਜਾਂ ਕੋਈ ਕੰਮ ਕਰਨਾ ਚਾਹੁੰਦਾ ਹੈ ਉਹ ਆਪਣੀ ਨੌਕਰੀ ਛੱਡ ਕੇ ਕਰ ਸਕਦਾ ਹੈ। ਦੂਸਰੇ ਦੇਸ਼ਾਂ ਵਿਚ ਇਸ ਤਰ੍ਹਾਂ ਨਹੀਂ ਹੋ ਸਕਦਾ, ਉਨ੍ਹਾਂ ਦੇਸ਼ਾਂ ਦੀ ਇਸ ਤਰ੍ਹਾਂ ਆਰਥਕ ਹਾਲਤ ਹੈ ਹੀ ਨਹੀਂ, ਨੌਕਰੀਆਂ ਮਿਲਣੀਆਂ ਔਖੀਆਂ ਹਨ, ਇਥੇ ਭਾਵੇਂ ਹਰ ਕਿਸਮ ਦੀ ਸੁਤੰਤਰਤਾ ਹੈ ਫੇਰ ਵੀ ਹਰ ਕੋਈ ਨਾਖੁਸ਼ ਹੈ, ਹਰ ਕੋਈ ਉਹ ਕਰ ਰਿਹਾ ਹੈ ਜਿਸ ਨੂੰ ਕਰਕੇ ਉਸ ਨੂੰ ਖੁਸ਼ੀ ਪ੍ਰਾਪਤ ਨਹੀਂ ਹੋ ਰਹੀ, ਪਰ ਫੇਰ ਵੀ ਉਹ ਕਰੀ ਜਾ ਰਿਹਾ ਹੈ, ਇਸ ਤਰ੍ਹਾਂ ਦ੍ਵੰਦ ਪੈਦਾ ਹੁੰਦਾ ਹੈ, ਇਹ ਦਵੰਦ ਹੀ ਦੁਖ ਦਾ ਕਾਰਣ ਬਣ ਜਾਂਦਾ ਹੈ।

ਤੁਸੀਂ ਕਹਿੰਦੇ ਹੋ ਮੈਂ ਇਹ ਨੌਕਰੀ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਮੈਂ ਰੋਟੀ ਕਮਾਉਂਣੀ ਹੈ, ਕਿਰਾਇਆ ਦੇਣਾ ਹੈ, ਜੇ ਮੈਂ ਇਹ ਸਭ ਕੁਝ ਨਾ ਕਰਨਾ ਹੋਵੇ ਤਾਂ ਮੈਂ ਕਦੀ ਵੀ ਇਹ ਕੰਮ ਨਾ ਕਰਾਂ। ਤੁਸੀਂ ਉਹ ਕੁਝ ਕਰੀ ਤੁਰੀ ਜਾਂਦੇ ਹੋ ਜੋ ਤੁਸੀਂ ਕਰਨਾ ਨਹੀਂ ਚਾਹੁੰਦੇ। ਇਸ ਕਰਕੇ ਹੀ ਤੁਸੀਂ ਦੁਖੀ ਹੋ ਤੇ ਖਿੱਚਾਂ ਮਹਿਸੂਸ ਕਰਦੇ ਹੋ, ਦਬਾਓ ਮਹਿਸੂਸ ਕਰਦੇ ਹੋ। ਦਬਾਓ ਦਾ ਕਾਰਣ ਹੁੰਦਾ ਹੈ ਜਦੋਂ ਤੁਸੀਂ ਆਪਣੀ ਡਿਊਟੀ ਨਹੀਂ ਕਰਨਾ ਚਾਹੁੰਦੇ ਪਰ ਤੁਸੀਂ ਜ਼ਬਰਦਸਤੀ ਕਰੀ ਜਾਂਦੇ ਹੋ, ਤੁਸੀਂ ਕਰੀ ਜਾਂਦੇ ਹੋ ਪਰ ਦੁਖੀ ਹੋ ਕੇ ਕਰ ਰਹੇ ਹੋ, ਇਹ ਤੁਹਾਡੀ ਬਿਰਤੀ ਹੈ ਮਨੋਬਿਰਤੀ ਹੈ ਜਿਸ ਨੂੰ ਤੁਸੀਂ ਬਦਲਣਾ ਹੈ, ਕਰਨ ਦੀ ਲੋੜ ਹੈ ਕਿ ਤੁਸੀਂ ਆਪਣੀ ਡਿਊਟੀ ਪ੍ਰੇਮ ਪਿਆਰ ਨਾਲ ਕਰੋ, ਇਸ ਭਾਵਨਾ ਨਾਲ ਕਰੋ।

ਕੋਈ ਵੀ ਪ੍ਰੇਰਨਾ ਜਿਹੜੀ ਗਲਤ ਹੋਵੇ ਉਸ ਨਾਲ ਵੀ ਬੋਝ ਹੋਵੇਗਾ, ਮਨ ਵਿਚ ਖਿਚਾਅ ਹੋਵੇਗਾ, ਜੇ ਤੁਹਾਨੂੰ ਭੁੱਖ ਨਹੀਂ ਹੈ ਤੁਸੀਂ ਖਾ ਰਹੇ ਹੋ, ਤੁਸੀਂ ਲੋੜ ਤੋਂ ਬਿਨਾਂ ਖਾ ਰਹੇ ਹੋ, ਇਸ ਨਾਲ ਤੁਹਾਨੂੰ ਬੋਝ ਹੋਵੇਗਾ ਹੀ। ਇਹੋ ਹੀ ਗੱਲ ਕਾਮ ਦੀ ਹੈ। ਜੇ ਤੁਸੀਂ ਸਮਝਦੇ ਹੀ ਨਹੀਂ ਕਿ ਤੁਹਾਨੂੰ ਕਦੋਂ ਕੀ ਕਰਨਾ ਚਾਹੀਦਾ ਹੈ, ਇਸ ਗੱਲ ਦਾ ਬੋਝ ਤਾਂ ਪਵੇਗਾ ਹੀ। ਖਾਣਾ ਪੀਣਾ ਜਾਂ ਹੋਰ ਕੋਈ ਕੰਮ ਆਪਣੀਆਂ ਲੋੜਾਂ ਦੀ ਪੂਰਤੀ, ਬਿਨਾਂ ਸੋਚੇ ਸਮਝੇ ਕਰੋਗੇ ਤਾਂ ਫੇਰ ਦੁਖੀ ਹੋਵੇਗੇ ਹੀ। ਖੁਸ਼ੀ ਦੀ ਪ੍ਰਾਪਤੀ ਤਾਂ ਠੀਕ ਲੋੜ ਨੂੰ ਠੀਕ ਤਰ੍ਹਾਂ ਪੂਰੀ ਕਰਨ ਵਿਚ ਹੀ ਹੋ ਸਕਦੀ ਹੈ।

ਜਦੋਂ ਵੀ ਕੋਈ ਮੁਸ਼ਕਲ ਹੁੰਦੀ ਹੈ, ਤੁਸੀਂ ਕੁਝ ਕਰ ਨਹੀਂ ਸਕਦੇ, ਕਰਨਾ ਚਾਹੁੰਦੇ ਹੋ ਪਰ ਔਖੇ ਹੋ, ਸਮਝ ਨਹੀਂ ਸਕਦੇ, ਤੁਸੀਂ ਸਭ ਕੁਝ ਛੱਡ ਕੇ ਸੌਂ ਜਾਂਦੇ ਹੋ ਪਰ ਜਦੋਂ ਤੁਸੀਂ ਇਸ ਤਰ੍ਹਾਂ ਸੌਂਦੇ ਹੋ, ਤੁਸੀਂ ਸੌਂਦੇ ਨਹੀਂ, ਤੁਹਾਡਾ ਦਿਮਾਗ ਚਲ ਰਿਹਾ ਹੈ। ਜਿਹੜੀ ਗੱਲ ਤੁਹਾਨੂੰ ਤਨਾਓ, ਦਬਾਓ ਦਿੰਦੀ ਹੈ ਉਹ ਹੈ ਕਿ ਤੁਹਾਡੇ ਅੰਦਰ ਪਿਆਰ ਹੀ ਨਹੀਂ। ਜਦੋਂ ਤੁਸੀਂ ਆਪਣੇ ਅੰਦਰ ਦੇ ਪਿਆਰ, ਅੰਤਰ ਆਤਮਾ ਦੇ ਪਿਆਰ ਤੋਂ ਦੂਰ ਹੋ ਜਾਂਦੇ ਹੋ, ਤੁਹਾਨੂੰ ਦਬਾਓ ਮਹਿਸੂਸ ਹੁੰਦਾ ਹੈ, ਤੁਹਾਨੂੰ ਬੋਝ ਮਹਿਸੂਸ ਹੁੰਦਾ ਹੈ ਕਿਉਂਕਿ ਇਹ ਪਿਆਰ ਹੀ ਤਾਂ ਜੀਵਨ ਦਾ ਸ੍ਰੋਤ ਹੈ। ਜਦੋਂ ਤੁਸੀਂ ਆਪਣੀ ਜ਼ਿੰਮੇਵਾਰੀਆਂ, ਆਪਣੀਆਂ ਡਿਊਟੀਆਂ ਪਿਆਰ ਨਾਲ ਨਹੀਂ ਕਰਦੇ ਉਦੋਂ ਤਕ ਤੁਸੀਂ ਦੁਖੀ ਹੀ ਰਹੋਗੇ। ਜਦੋਂ ਤੁਸੀਂ ਆਪਣੀਆਂ ਡਿਊਟੀਆਂ ਪਿਆਰ ਨਾਲ ਕਰਨੀਆਂ ਸਿੱਖ ਜਾਂਦੇ ਹੋ ਫੇਰ ਜੋ ਕੁਝ ਵੀ ਤੁਸੀਂ ਕਰੋ ਉਹ ਠੀਕ ਹੁੰਦਾ ਹੈ। ਵਾਸਤਵ ਵਿਚ ਜੇ ਤੁਸੀਂ ਸਭ ਕੁਝ ਪਿਆਰ ਨਾਲ ਕਰੋ ਜੀਵਨ ਵਿਚ ਖੁਸ਼ੀ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਜੀਵਨ ਇਕ ਕਵਿਤਾ ਸਮਾਨ ਹੋ ਜਾਂਦਾ ਹੈ, ਇਕ ਅਨੰਦਮਈ ਅਹਿਸਾਸ ਹੁੰਦਾ ਹੈ। ਤੁਸੀਂ ਕਹਿੰਦੇ ਹੋ, ਮੈਂ ਪਤੀ ਨਾਲ ਰਹਿ ਰਹੀ ਹਾਂ ਕਿਉਂਕਿ ਮੇਰੇ ਬੱਚੇ ਹਨ। ਇਹ ਕਹਿਣਾ ਠੀਕ ਨਹੀਂ, ਪਤੀ ਨਾਲ ਰਹੋ, ਪਿਆਰ ਨਾਲ ਰਹੋ।

ਤੁਸੀਂ ਪਿਆਰ ਕਰ ਸਕਦੇ ਹੋ, ਮਨੁਖਤਾ ਦਾ ਆਧਾਰ ਪਿਆਰ ਹੀ ਹੈ, ਪਿਆਰ ਕਿਤੋਂ ਉਪਰੋਂ ਨਹੀਂ ਆਉਂਦਾ, ਪਿਆਰ ਉਤਪੰਨ ਕੀਤਾ ਜਾਂਦਾ ਹੈ, ਮਨੁੱਖ ਦੀ ਸਭ ਤੋਂ ਵੱਡੀ ਕਾਢ ਪਿਆਰ ਹੀ ਹੈ, ਪਿਆਰ ਇਕ ਦੂਸਰੇ ਦੀ ਸੰਭਾਲ ਹੈ, ਪਿਆਰ ਤੋਂ ਭਾਵ ਹੈ ਦੇਣਾ। ਜਿਸ ਨੂੰ ਵੀ ਤੁਸੀਂ ਪਿਆਰ ਕਰਦੇ ਹੋ, ਫੈਸਲਾ ਕਰੋ ਕਿ ਕਦੀ ਵੀ ਉਸ ਨੂੰ ਦੁਖ ਨਹੀਂ ਦਿਓਗੇ, ਨਾ ਮਨ ਨਾਲ, ਨਾ ਕੁਝ ਐਸਾ ਕਰੋਗਾ ਜਿਹੜਾ ਉਸ ਨੂੰ ਦੁਖ ਦੇਵੇ, ਨਾ ਹੀ ਕੋਈ ਇਹੋ ਜਿਹਾ ਸ਼ਬਦ ਬੋਲੋਗੇ ਜਿਹੜਾ ਉਸ ਨੂੰ ਚੁਭਦਾ ਲੱਗੇ। ਅਹਿੰਸਾ, ਪਿਆਰ ਦਾ ਸਭ ਤੋਂ ਅਹਿਮ ਪ੍ਰਗਟਾਵਾ ਹੈ। ਵਾਸਤਵ ਵਿਚ ਅਹਿੰਸਾ ਤੇ ਪਿਆਰ ਇਕੋ ਹੀ ਗੱਲ ਹੈ। ਦੂਸਰਿਆਂ ਪ੍ਰਤੀ ਪਿਆਰ ਪ੍ਰਗਟਾਉਣਾ ਸਿੱਖੋ, ਪਿਆਰ ਦੀ ਰੁਚੀ ਬਣਾਓ।

ਸਾਡੇ ਸਭ ਦੇ ਘਰ ਹਨ। ਅਸੀਂ ਆਪਣੇ ਘਰਾਂ ਵਿਚ ਬੈਠ ਕੇ ਆਤਮਕ ਪ੍ਰਯੋਗ ਕਰ ਸਕਦੇ ਹਾਂ, ਅਸੀਂ ਆਪਣੇ ਉਤੇ ਪ੍ਰਯੋਗ ਕਰ ਸਕਦੇ ਹਾਂ, ਸਾਡੇ ਘਰ ਪ੍ਰਯੋਗਸ਼ਾਲਾ ਹਨ। ਜਦੋਂ ਅਸੀਂ ਆਪਣੇ ਘਰਾਂ ਵਿਚ ਪਿਆਰ ਬਾਰੇ ਕੁਝ ਸਿਖਾਂਗੇ ਤਾਂ ਹੀ ਅਸੀਂ ਬਾਹਰ ਜਾ ਕੇ ਸਮਾਜ ਵਿਚ ਸੰਸਾਰ ਵਿਚ ਕੁਝ ਵੰਡ ਸਕਦੇ ਹਾਂ ਪਰ ਜੇ ਅਸੀਂ ਆਪਣੇ ਘਰ ਵਿਚ ਹੀ ਨਹੀਂ ਪਾਸ ਹੁੰਦੇ, ਫੇਰ ਸਾਨੂੰ ਬਾਹਰੋਂ ਵੀ ਕੋਈ ਪ੍ਰਾਪਤੀ ਨਹੀਂ ਹੁੰਦੀ। ਇਕ ਹੋਰ ਪ੍ਰਯੋਗਸ਼ਾਲਾ ਹੈ, ਉਹ ਹੈ ਸਾਡਾ ਆਪਣਾ ਸਰੀਰ, ਮਨ, ਆਪਣਾ ਅੰਦਰ। ਤੁਸੀਂ ਦੂਸਰਿਆਂ ਨਾਲ ਰਹਿਣਾ ਸਿਖਦੇ ਹੋ, ਸਵਾਲ ਇਹ ਹੈ ਕਿ ਤੁਸੀਂ ਜਦੋਂ ਆਪਣੇ ਆਪ ਨਾਲ ਖੁਸ਼ ਨਹੀਂ, ਤੁਸੀਂ ਆਪਣੇ ਆਪ ਨਾਲ ਕਿਉਂ ਖੁਸ਼ ਨਹੀਂ? ਕੇਵਲ ਇਸ ਕਰਕੇ ਖੁਸ਼ ਨਹੀਂ ਕਿਉਂਕਿ ਤੁਹਾਡੀਆਂ ਇਛਾਵਾਂ ਹਨ। ਤੁਸੀਂ ਇਹ ਨਹੀਂ ਜਾਣਦੇ ਕਿ ਤੁਸੀਂ ਆਪਣੀਆਂ ਇਛਾਵਾਂ ਨੂੰ ਕਿਵੇਂ ਢਾਲੋ? ਕਿਵੇਂ ਉਨ੍ਹਾਂ ਦੀ ਪੂਰਤੀ ਕਰੋ ਜਾਂ ਕਿਵੇਂ ਸਮਾਜ ਵਿਚ ਜਾਂ ਆਪਣੀ ਨਿਜੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਪ੍ਰਵਾਨਗੀ ਦਿਓ? ਇਛਾਵਾਂ ਤਾਂ ਤੁਹਾਡੀਆਂ ਹੋਣੀਆਂ ਹੀ ਚਾਹੀਦੀਆਂ ਹਨ, ਤੁਸੀਂ ਕੋਈ ਅਜੇ ਸਵਾਮੀ ਤਾਂ ਬਣ ਨਹੀਂ ਗਏ, ਕੋਈ ਸੰਨਿਆਸੀ ਤਾਂ ਬਣੇ ਨਹੀਂ, ਨਾ ਹੀ ਤਿਆਗੀ ਬਣੇ ਹੋ ਕਿ ਤੁਹਾਡੀਆਂ ਇਛਾਵਾਂ ਨਹੀਂ ਹਨ, ਸਭ ਤੋਂ ਆਵਸ਼ਕ ਗੱਲ ਹੈ - ਸੰਸਾਰ ਵਿਚ ਜੀਉਣਾ ਸਿਖਣਾ, ਸੰਸਾਰ ਵਿਚ ਰਹਿਣਾ ਪਰ ਭਿੱਜਣਾ ਨਹੀਂ। ਤੁਸੀਂ ਭਾਵੇਂ ਕੋਈ ਵੀ ਕਿਉਂ ਨਾ ਹੋਵੋ, ਸੰਸਾਰਕ ਹੋਵੋ ਭਾਵੇਂ ਸਵਾਮੀ ਜਾਂ ਸੰਤ ਹੋਵੋ, ਤੁਹਾਨੂੰ ਸੰਸਾਰ ਵਿਚ ਰਹਿਣ ਦੀ ਜੁਗਤ ਆਉਣੀ ਹੀ ਚਾਹੀਦੀ ਹੈ, ਸੰਸਾਰ ਵਿਚ ਵਿਚਰੋ ਪਰ ਇਸ ਦੇ ਬਣੋ ਨਾ।

ਇਹ ਕਦੀ ਨਾ ਭੁਲੋ ਕਿ ਇਹ ਜੀਵਨ ਇਕ ਯਾਤਰਾ ਹੈ ਤੇ ਤੁਸੀਂ ਕੇਵਲ ਇਕ ਮੁਸਾਫਿਰ ਹੋ, ਤੁਹਾਡੇ ਕੋਲ ਇਸ ਯਾਤਰਾ ਲਈ ਕੁਝ ਹੋਣਾ ਚਾਹੀਦਾ ਹੈ, ਕੋਈ ਬੇੜਾ ਹੋਣਾ ਚਾਹੀਦਾ ਹੈ, ਕੋਈ ਪਤਵਾਰ ਹੋਣਾ ਚਾਹੀਦਾ ਹੈ, ਜੇ ਪਤਵਾਰ ਨਾ ਹੋਵੇ ਤੁਹਾਡੀ ਕਿਸ਼ਤੀ ਛੁਟ ਕੇ ਬੇਸਹਾਰੀ ਹੋ ਜਾਵੇਗੀ, ਏਧਰ ਉਧਰ ਹੋ ਜਾਵੇਗੀ। ਇਸ ਜੀਵਨ ਦਾ ਪਤਵਾਰ ਇਹ ਹੀ ਹੈ ਕਿ ਜੀਵਨ ਇਕ ਯਾਤਰਾ ਹੈਤੇ ਇਹ ਸੰਸਾਰ ਤੁਹਾਡਾ ਘਰ ਨਹੀਂ ਹੈ।

ਇਕ ਜਗਿਆਸੂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਮੈਂ ਇਸ ਸੰਸਾਰ ਵਿਚ ਕੇਵਲ ਇਕ ਪਰਾਹੁਣਾ ਹਾਂ ਤੇ ਪਰਾਹੁਣਾ ਤਾਂ ਆਪਣੇ ਮੇਜ਼ਬਾਨ ਨਾਲ ਬਦਤਮੀਜ਼ੀ ਨਹੀਂ ਕਰ ਸਕਦਾ। ਮੈਨੂੰ ਕੀ ਹੱਕ ਹੈ ਕਿ ਮੈਂ ਲੋਭੀ ਹੋਵਾਂ ਜਾਂ ਮੈਂ ਬਦਤਮੀਜ਼ੀ ਕਰਾਂ। ਮੈਂ ਤਾਂ ਇਕ ਮੁਸਾਫਿਰ ਹਾਂ, ਮੈਂ ਤਾਂ ਆਪਣਾ ਸਫਰ ਪੂਰਾ ਕਰਨਾ ਹੈ, ਇਕ ਜੀਵਨ ਇਹ ਜਲਸਾ ਹੈ, ਇਕ ਜਲੂਸ ਦੀ ਭੀੜ ਦੀ ਤਰ੍ਹਾਂ ਹੈ ਤੇ ਤੁਸੀਂ ਇਹ ਦੇਖਣਾ ਹੈ ਕਿ ਤੁਸੀਂ ਇਸ ਵਿਚ ਕਿਸੇ ਨੂੰ ਦੁਖ ਨਹੀਂ ਪਹੁੰਚਾਓ, ਨਾ ਹੀ ਤੁਸੀਂ ਦੁਖੀ ਹੋਵੋ। ਇਸ ਸਥਿਤੀ ਤੇ ਪਹੁੰਚਣ ਲਈ ਤੁਹਾਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਰਹਿਣਾ ਹੋਵੇਗਾ, ਨਿਪੁੰਨਤਾ ਸਿਖਣੀ ਹੋਵੇਗੀ, ਆਪਣਾ ਕਰਮ ਕਰਨ ਦੀ ਜਾਂਚ ਸਿੱਖੋ, ਕਰਮ ਕਰੋ ਪਰ ਬੰਧਨ ਵਿਚ ਨਾ ਆਓ, ਉਸ ਦੇ ਫਲ ਵਿਚ ਨਹੀਂ ਫਸੋ, ਇਹ ਰੁਚੀ ਤਾਂ ਹੀ ਬਣਦੀ ਹੈ ਜਦੋਂ ਤੁਸੀਂ ਪਿਆਰ ਨਾਲ ਕਰਮ ਕਰਦੇ ਹੋ, ਪਿਆਰ ਦੇ ਬੰਨ੍ਹੇ ਕੰਮ ਕਰਦੇ ਹੋ।

ਬਹੁਤ ਵਾਰੀ ਲੋਕੀ ਪੁਛਦੇ ਹਨ ਕਿ ਸੁਤੰਤਰ ਹੋਣ ਨੂੰ ਕਿੰਨੀ ਦੇਰ ਲੱਗੀ ਹੈ, ਮੈਂ ਕਹਿੰਦਾ ਹਾਂ, ਇਕ ਸਕਿੰਟ। ਸਾਰਾ ਸੰਸਾਰ ਇਕ ਦਿਨ ਵਿਚ ਸੁਤੰਤਰ ਹੋ ਸਕਦਾ ਹੈ। ਜੇ ਸਾਰੇ ਇਹ ਫੈਸਲਾ ਕਰ ਲੈਣ, ਉਹ ਵਿਵੇਕਾਤਮਕ ਹੋ ਜਾਣ, ਤਰਕਸ਼ੀਲ ਹੋ ਜਾਣ, ਇਹ ਸੋਚਣ ਲਗ ਪੈਣ ਕਿ ਜੇ ਮੈਂ ਕਰਮ ਕਰਾਂਗਾ, ਮੈਨੂੰ ਫਲ ਮਿਲੇਗਾ ਹੀ। ਅਸੀਂ ਆਪਣੇ ਕਰਮਾਂ ਦੇ ਚੱਕਰ ਵਿਚ ਫਸ ਜਾਂਦੇ ਹਾਂ, ਵਾਸਤਵ ਵਿਚ ਕਰਮ ਨਹੀਂ, ਕਰਮਾਂ ਦੇ ਫਲ ਦੇ ਚੱਕਰ ਵਿਚ ਫਸ ਜਾਂਦੇ ਹਾਂ। ਇਸ ਤੋਂ ਵਿਪਰੀਤ ਜੇ ਮੈਂ ਆਪਣੇ ਕਾਰਜ ਆਪਣੇ ਕੰਮ ਪਿਆਰ ਵਿਚ ਆ ਕੇ ਕਰਾਂ, ਤੁਹਾਡੇ ਨਾਲ ਮੈਨੂੰ ਪਿਆਰ ਹੈ ਇਸ ਕਰਕੇ ਕਰਾਂ, ਤੁਸੀਂ ਜੋ ਮੇਰੇ ਲਈ ਕਰੋ, ਉਹ ਇਸ ਕਰਕੇ ਕਰੋ ਕਿ ਤੁਹਾਨੂੰ ਮੇਰੇ ਨਾਲ ਪਿਆਰ ਹੈ, ਪਿਆਰ ਦੇ ਬੱਧੇ ਕਰੋ, ਇਸ ਤਰ੍ਹਾਂ ਨਾਲ ਦੋਨੋਂ ਹੀ ਸੁਤੰਤਰ ਹਾਂ, ਕਰਨ ਵਾਲਾ ਕਰਾਉਣ ਵਾਲੇ ਦੋਨੋਂ ਹੀ ਸੁਤੰਤਰ ਹਾਂ। ਪਰ ਖੇਦ ਇਸ ਗੱਲ ਦਾ ਹੈ ਕਿ ਮਨੁੱਖਾਂ ਨੇ ਅਜੇ ਇਹ ਕਲਾ ਸਿੱਖੀ ਹੀ ਨਹੀਂ, ਮਨੁੱਖਤਾ ਨੇ ਦੂਸਰਿਆਂ ਲਈ ਕੁਝ ਕਰਨਾ ਸਿਖਿਆ ਹੀ ਨਹੀਂ, ਮਨੁੱਖਤਾ ਨੇ ਅਜੇ ਨਿਰਸੁਆਰਥੀ ਹੋਣਾ, ਪ੍ਰੇਮ ਕਰਨਾ ਸਿਖਿਆ ਹੀ ਨਹੀਂ। ਇਹੋ ਹੀ ਕਾਰਣ ਹੈ ਕਿ ਸੰਤ ਕਹਿੰਦੇ ਹਨ ਪਿਆਰ ਤੁਹਾਨੂੰ ਸੁਤੰਤਰ ਕਰਦਾ ਹੈ, ਮੁਕਤ ਕਰਦਾ ਹੈ, ਪ੍ਰੇਮ ਹੀ ਗਿਆਨ ਹੈ, ਦੂਸਰਿਆਂ ਨੂੰ ਦੇਣਾ ਸਿੱਖੋ, ਦੂਸਰਿਆਂ ਲਈ ਕਰਨਾ ਸਿੱਖੋ, ਇਹੋ ਹੀ ਇਕ ਤਰੀਕਾ ਹੈ ਜਿਸ ਨਾਲ ਤੁਸੀਂ ਸੁਤੰਤਰ ਹੋ ਸਕਦੇ ਹੋ, ਮੁਕਤ ਹੋ ਸਕਦੇ ਹੋ।

ਜਦੋਂ ਤੁਸੀਂ ਦੂਸਰਿਆਂ ਲਈ ਕੁਝ ਕਰਨਾ ਸਿਖਦੇ ਹੋ ਤਾਂ ਉਸ ਗੱਲ ਦੇ ਚਾਰ ਪਹਿਲੂ ਹੁੰਦੇ ਹਨ ਪਹਿਲਾ ਹੈ ਤੁਸੀਂ ਕੁਝ ਦੇਣਾ ਸਿਖਦੇ ਹੋ, ਦੂਸਰਾ ਹੈ ਕਿ ਤੁਸੀਂ ਪਿਆਰ ਕਰਦੇ ਹੋ, ਤੀਸਰਾ ਹੈ ਤੁਸੀਂ ਸੁਤੰਤਰ ਹੁੰਦੇ ਹੋ, ਚੌਥਾ ਹੈ ਕਿ ਤੁਸੀਂ ਕਰਮ ਦੇ ਨਿਯਮ ਦੀ ਪੂਰਤੀ ਕਰਦੇ ਹੋ। ਜਦੋਂ ਤਕ ਤੁਸੀਂ ਇਹ ਸਾਰਾ ਤਰੀਕਾ ਨਹੀਂ ਸਿਖਦੇ ਤੁਸੀਂ ਆਪਣੀਆਂ ਇਛਾਵਾਂ ਦਾ ਨਿਅੰਤਰਣ ਨਹੀਂ ਕਰ ਸਕਦੇ, ਉਨ੍ਹਾਂ ਦੀ ਪੂਰਤੀ ਸਮਾਜਿਕ ਨਿਯਮਾਂ ਅਨੁਸਾਰ ਨਹੀਂ ਕਰ ਸਕਦੇ। ਜਿਵੇਂ ਕਿ ਅਸੀਂ ਪਹਿਲਾਂ ਦੇਖ ਚੁੱਕੇ ਹਾਂ, ਸਾਰਾ ਤਨਾਓ ਖਿਚਾਓ ਜਿਹੜਾ ਤੁਸੀਂ ਮਹਿਸੂਸ ਕਰਦੇ ਹੋ, ਜਿਹੜਾ ਨਖੇਦੀ ਦੇ ਭਾਵੇਂ ਤੋਂ ਪੈਦਾ ਹੁੰਦਾ ਹੈ, ਉਹ ਪੁਰਾਤਨ ਮੂਲ ਸੋਮਿਆਂ ਤੋਂ ਹੀ ਆਉਂਦੇ ਹਨ। ਲੋੜ ਹੈ ਕਿ ਤੁਸੀਂ ਇਨ੍ਹਾਂ ਪੁਰਾਤਨ ਸੋਮਿਆਂ ਨੂੰ ਸਮਝੋ, ਇਨ੍ਹਾਂ ਦਾ ਤੁਹਾਡੇ ਉਤੇ ਕੀ ਪ੍ਰਭਾਵ

ਪੈਂਦਾ ਹੈ, ਇਹ ਜਾਨਣ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਕਰਨ ਲਈ ਤੁਹਾਨੂੰ ਆਪਣੇ ਮਨ ਨੂੰ ਸਮਝਣਾ ਪਵੇਗਾ, ਆਪਣੇ ਆਪ ਨੂੰ ਸਮਝਾਣਾ ਪਵੇਗਾ, ਇਸ ਤਰ੍ਹਾਂ ਕਰਨ ਤੋਂ ਬਾਅਦ ਹੀ ਤੁਸੀਂ ਦੁਖ ਸੰਤਾਪ ਤੋਂ ਛੁਟਕਾਰਾ ਪਾ ਸਕਦੇ ਹੋ, ਉਨ੍ਹਾਂ ਦੁਖਾਂ ਤੋਂ ਜਿਹੜੇ ਤੁਸੀਂ ਆਪ ਹੀ ਆਪਣੀਆਂ ਇਛਾਵਾਂ ਨਾਲ ਬਣਾ ਲਏ ਹਨ। ਇਛਾਵਾਂ ਨੂੰ ਜਾਂਚਣ ਤੋਂ ਬਾਅਦ ਹੁਣ ਅਸੀਂ ਸੰਸਕਾਰਾਂ ਤੇ ਆਉਂਦੇ ਹਾਂ।

ਸੰਸਕਾਰਾਂ ਦੀ ਗੱਲਬਾਤ ਬਹੁਤ ਹੀ ਲੰਮੀ ਤੇ ਵਿਸਤ੍ਰਿਤ ਹੈ, ਬਹੁਤ ਹੀ ਮਹੱਤਵਪੂਰਣ ਹੈ ਤੇ ਬਹੁਤ ਹੀ ਵਿਸ਼ਾਲ ਹੈ। ਤੁਸੀਂ ਜਿਹੜੇ ਯੋਗਾ ਦੇ ਵਿਦਿਆਰਥੀ ਹੋ ਤੁਸੀਂ ਆਮ ਹੀ ਸੰਸਕਾਰਾਂ ਦੀ ਗੱਲ ਕਰਦੇ ਹੋ ਪਰ ਤੁਸੀਂ ਇਸ ਸ਼ਬਦ ਨੂੰ ਚੰਗੀ ਤਰ੍ਹਾਂ ਸਮਝਦੇ ਨਹੀਂ, ਜਾਣਦੇ ਨਹੀਂ, ਤੁਸੀਂ ਕੇਵਲ ਇਸ ਸ਼ਬਦ ਦੀ ਵਰਤੋਂ ਕਰਦੇ ਹੋ ਇਸ ਸ਼ਬਦ ਦੀ ਆੜ ਲੈ ਕੇ ਬਹੁਤ ਕੁਝ ਕਹਿ ਦਿੰਦੇ ਹੋ ਤੇ ਆਪਣੀਆਂ ਸਮੱਸਿਆਵਾਂ ਨੂੰ ਸੰਸਕਾਰਾਂ ਦਾ ਨਾਮ ਦੇ ਦਿੰਦੇ ਹੋ। ਜੇ ਮੈਂ ਕਿਸੇ ਨੂੰ ਪੁਛਾਂ ਕਿ ਆਪਣੀ ਪਤਨੀ ਨੂੰ ਕਿਉਂ ਛੱਡਿਆ? ਉਹ ਜਵਾਬ ਦਿੰਦਾ ਹੈ, ਇਹ ਤਾਂ ਮੇਰੇ ਸੰਸਕਾਰ ਹਨ। ਜੇ ਕੋਈ ਹੋਰ ਸਮੱਸਿਆ ਹੁੰਦੀ ਹੈ ਜਾਂ ਕੋਈ ਦੁਰਘਟਨਾ ਹੋ ਜਾਂਦੀ ਹੈ, ਉਹ ਝੱਟ ਹੀ ਕਹਿ ਦਿੰਦੇ ਹਨ ਕਿ ਇਹ ਤਾਂ ਸੰਸਕਾਰ ਹਨ। ਪਰ ਇੰਨਾ ਕਹਿਣ ਨਾਲ ਤਾਂ ਕੁਝ ਬਣਦਾ ਨਹੀਂ, ਐਨਾ ਕਹਿ ਕੇ ਤਾਂ ਸਰਦਾ ਨਹੀਂ ਕਿਉਂਕਿ ਤੁਹਾਨੂੰ ਪਤਾ ਹੀ ਨਹੀਂ ਤੁਸੀਂ ਕੀ ਕਹਿ ਰਹੇ ਹੋ ਤੇ ਇਹ ਕਹਿਣ ਤੋਂ ਤੁਹਾਡਾ ਕੀ ਭਾਵ ਹੈ, ਇਹ ਕਹਿ ਕੇ ਤੁਸੀਂ ਆਪਣੇ ਆਪ ਨੂੰ ਸਮਝਣ ਦੀ ਜ਼ਿੰਮੇਵਾਰੀ ਤੋਂ ਕਿਨਾਰਾ ਕਰ ਰਹੇ ਹੋ।

ਵਾਸਤਵ ਵਿਚ ਤੁਹਾਨੂੰ ਸੰਸਕਾਰਾਂ ਤੇ ਆਦਤਾਂ ਵਿਚ ਅੰਤਰ ਹੀ ਨਹੀਂ ਪਤਾ। ਸੰਸਕਾਰ ਤੁਹਾਨੂੰ ਪ੍ਰੇਰਨਾ ਦਿੰਦੇ ਹਨ ਤੇ ਤੁਸੀਂ ਉਸ ਚੀਜ਼ ਨੂੰ ਬਾਰ ਬਾਰ ਕਰਦੇ ਹੋ। ਤੁਹਾਡੇ ਸੰਸਕਾਰ ਤੁਹਾਡੇ ਕੀਤੇ ਦੇ ਚਿੰਨ ਹਨ, ਚੰਗੇ ਮੰਦੇ ਜਿਹੜੇ ਤੁਹਾਡੇ ਚੇਤਨ ਤੇ ਅਚੇਤ ਮਨ ਵਿਚ ਜਮ੍ਹਾਂ ਹੋ ਚੁੱਕੇ ਹਨ, ਤੁਸੀਂ ਉਨ੍ਹਾਂ ਲਈ ਕੁਝ ਕਰ ਨਹੀਂ ਸਕਦੇ, ਤੁਸੀਂ ਉਨ੍ਹਾਂ ਤੇ ਕਾਬੂ ਨਹੀਂ ਪਾ ਸਕਦੇ।

ਤੁਹਾਡਾ ਸਰੀਰ ਤੁਹਾਡੇ ਮਨ ਨਾਲ ਜੁੜਿਆ ਹੋਇਆ ਹੈ, ਸਰੀਰ ਦਾ ਸਬੰਧ ਮਨ ਨਾਲ ਹੈ, ਤੁਹਾਡੀ ਸੋਚ ਵੀ ਸਰੀਰ ਨਾਲ ਜੁੜੀ ਹੋਈ ਹੈ ਇਨ੍ਹਾਂ ਨੂੰ ਜੋੜਨ ਵਾਲੀ ਚੀਜ਼ ਹੈ ਸ੍ਵਾਸ। ਅੰਦਰ ਜਾਂਦੇ ਤੇ ਬਾਹਰ ਆਉਂਦੇ ਸ੍ਵਾਸ। ਮਨ ਦੇ ਵੀ ਦੋ ਪੱਧਰ ਹਨ ਪਹਿਲਾ ਹੈ ਚੇਤਨ ਮਨ ਜਿਹੜਾ ਤੁਸੀਂ ਰੋਜ਼ ਵਰਤਦੇ ਹੋ ਘਰ ਬਾਹਰ। ਦੂਸਰਾ ਹੈ ਅਚੇਤ ਮਨ, ਇਹ ਵੀ ਨਾਲ ਨਾਲ ਹੀ ਉਤੇਜਿਤ ਹੁੰਦਾ ਰਹਿੰਦਾ ਹੈ ਇਸ ਨੂੰ ਸਿਖਿਆ ਵੀ ਨਾਲ ਨਾਲ ਹੀ ਮਿਲਦੀ ਰਹਿੰਦੀ ਹੈ। ਤੁਹਾਨੂੰ ਚੰਗੀ ਸਿਖਿਆ ਲੈਣੀ ਚਾਹੀਦੀ ਹੈ, ਆਪਣੇ ਅਚੇਤ ਮਨ ਨੂੰ ਚੰਗੀ ਸਿਖਿਆ ਦੇਣੀ ਚਾਹੀਦੀ ਹੈ, ਚੇਤਨ ਮਨ ਦੀ ਵਰਤੋਂ ਤੁਸੀਂ ਜਾਗਦੇ ਹੋਏ ਹਰ ਸਮੇਂ ਹੀ ਕਰਦੇ ਹੋ, ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੇ ਅਚੇਤ ਮਨ ਨੂੰ ਵੀ ਸਿਖਿਆ ਦਿੰਦੇ ਹੋ, ਉਸ ਨੂੰ ਵੀ ਲਾਭ ਪ੍ਰਾਪਤ ਹੁੰਦਾ ਹੈ। ਮਨ ਦੇ ਜਿਸ ਹਿੱਸੇ ਨੂੰ ਤੁਸੀਂ ਸੁਚੇਤ ਹੋ ਕੇ ਸਿਖਿਆ ਨਹੀਂ ਦਿੰਦੇ ਉਸ ਮਨ ਨੂੰ ਸੁੱਤਾ ਹੋਇਆ ਮਨ ਕਿਹਾ ਜਾਂਦਾ ਹੈ ਜਾਂ ਸੁਪਨਿਆਂ ਦਾ ਮਨ ਕਿਹਾ ਜਾਂਦਾ ਹੈ। ਇਹ ਤੁਹਾਡੇ ਕਾਬੂ ਵਿਚ ਨਹੀਂ ਹੁੰਦਾ, ਇਹ ਮਨ ਦਾ ਬਹੁਤ ਵੱਡਾ ਹਿੱਸਾ ਹੈ ਜਿਹੜਾ ਤੁਹਾਡੇ ਕਾਬੂ ਵਿਚ ਨਹੀਂ ਹੈ। ਇਹ ਮਨ ਸਭਿਆਚਾਰ ਦੀ ਸਿਖਿਆ ਤੋਂ ਪਰ੍ਹੇ ਹੈ। ਦੂਸਰੀ ਸਿਖਿਆ ਇਸ ਨੂੰ ਨਹੀਂ ਪਹੁੰਚਦੀ ਭਾਵ ਇਹ ਹਰ ਕਿਸਮ ਦੀ ਸਿਖਿਆ ਤੋਂ ਪਰ੍ਹੇ ਹੈ।

ਇਹ ਮਨ ਦਾ ਸਭ ਤੋਂ ਵੱਡਾ ਤੇ ਮਹੱਤਵਪੂਰਨ ਹਿੱਸਾ ਹੈ ਇਸ ਨੂੰ ਅਚੇਤ ਮਨ ਕਹਿੰਦੇ ਹਨ। ਪ੍ਰਮੁੱਖ ਹਸਤੀਆਂ ਇਹ ਜਾਣਦੀਆਂ ਹਨ ਕਿ ਸੁਚੇਤ ਮਨ ਨੂੰ ਕਿਵੇਂ ਵਿਸਤ੍ਰਿਤ ਕੀਤਾ ਜਾ ਸਕਦਾ ਹੈ, ਉਹ ਆਪਣੇ ਸੁਚੇਤ ਮਨ ਨੂੰ ਐਨਾ ਵਿਸਤ੍ਰਿਤ ਕਰ ਲੈਂਦੇ ਹਨ ਕਿ ਅਚੇਤ ਮਨ ਉਨ੍ਹਾਂ ਦਾ ਰਹਿੰਦਾ ਹੀ ਨਹੀਂ। ਉਨ੍ਹਾਂ ਦਾ ਸਾਰਾ ਮਨ ਸੁਚੇਤ ਅਵਸਥਾ ਵਿਚ ਬਦਲ ਜਾਂਦਾ ਹੈ। ਸਾਧੂ ਸੰਤਾਂ ਲਈ ਉਹ ਸਭ ਕੁਝ ਸੁਚੇਤ ਹੀ ਹੁੰਦਾ ਹੈ, ਉਹ ਸਭ ਕੁਝ ਵੀ ਜਿਹੜਾ ਤੁਹਾਡੇ ਲਈ ਅਚੇਤ ਹੁੰਦਾ ਹੈ। ਤੁਹਾਡੇ ਲਈ ਭੂਤਕਾਲ ਹੁੰਦਾ ਹੈ, ਭਵਿੱਖ ਹੁੰਦਾ ਹੈ, ਤੁਸੀਂ ਵਰਤਮਾਨ ਲਈ ਸੁਚੇਤ ਹੀ ਨਹੀਂ ਤੁਸੀਂ ਵਰਤਮਾਨ ਵਿਚ ਨਹੀਂ ਰਹਿੰਦੇ। ਤੁਹਾਡੇ ਪਿਛੇ ਕੀਤੇ ਕਾਰਜਾਂ ਦੇ ਚਿੰਨ ਤੁਹਾਡੇ ਅੱਗੇ ਆਉਂਦੇ ਹਨ ਉਹ ਹੀ ਤੁਹਾਨੂੰ ਵਰਤਮਾਨ ਵਿਚ ਕਾਰਜ ਕਰਨ ਲਈ ਪ੍ਰੇਰਨਾ ਦਿੰਦੇ ਹਨ। ਜਦੋਂ ਇਹ ਨਹੀਂ ਹੋ ਰਿਹਾ ਹੁੰਦਾ ਉਦੋਂ ਤੁਸੀਂ ਭਵਿੱਖ ਬਾਰੇ ਸੋਚ ਰਹੇ ਹੁੰਦੇ ਹੋ। ਇਹ ਬਹੁਤ ਹੀ ਘੱਟ ਹੁੰਦਾ ਹੈ ਕਿ ਤੁਸੀਂ ਵਰਤਮਾਨ ਵਿਚ ਹੁਣ ਵਿਚ ਇਸ ਸਮੇਂ ਵਿਚ ਰਹਿੰਦੇ ਹੋ। ਮੈਡੀਟੇਸ਼ਨ ਵਿਚ ਸਮੇਂ ਦੀ ਕੋਈ ਸੀਮਾ ਨਹੀਂ ਹੁੰਦੀ। ਮੈਡੀਟੇਸ਼ਨ ਸਮੇਂ ਦੀ ਸੀਮਾ ਤੋੜ ਦਿੰਦੀ ਹੈ, ਤੁਸੀਂ ਵਰਤਮਾਨ ਵਿਚ ਹੋ ਜਾਂਦੇ ਹੋ, ਏਸੇ ਲਈ ਕਿਹਾ ਜਾਂਦਾ ਹੈ ਕਿ ਮੈਡੀਟੇਸ਼ਨ ਕਰੋ, ਮੈਡੀਟੇਸ਼ਨ ਕਰੋ, ਹੋਰ ਕਰੋ।

ਤੁਸੀਂ ਜੋ ਕੁਝ ਵੀ ਕਰਦੇ ਹੋ, ਦੇਖਦੇ ਹੋ, ਸੁਣਦੇ ਹੋ ਉਸ ਸਭ ਕੁਝ ਦਾ ਅਕਸ ਸਾਡੇ ਅਚੇਤ ਮਨ ਤੇ ਪੈਂਦਾ ਹੈ। ਅਚੇਤ ਮਨ ਦੀਆਂ ਬਹੁਤ ਸਾਰੀਆਂ ਪਰਤਾਂ ਹਨ, ਬਹੁਤ ਸਾਰੇ ਪੱਧਰ ਹਨ। ਤੁਸੀਂ ਦੇਖੋਗੇ ਕਿਸੇ ਦਿਨ ਤੁਸੀਂ ਬਹੁਤ ਖੁਸ਼ ਹੁੰਦੇ ਹੋ ਤੇ ਤੁਸੀਂ ਸੋਚਦੇ ਵੀ ਹੋ ਅੱਜ ਮੈਂ ਬਹੁਤ ਖੁਸ਼ ਹਾਂ, ਅੱਜ ਤਾਂ ਮੈਨੂੰ ਕੋਈ ਚਿੰਤਾ ਨਹੀਂ, ਕੋਈ ਘਬਰਾਹਟ ਹੀ ਨਹੀਂ। ਫੇਰ ਅਚਾਨਕ ਇਕ ਬੁਲਬਲਾ ਤੁਹਾਡੇ ਮਨ ਵਿਚ ਉਠਦਾ ਹੈ, ਇਕ ਸੰਸਕਾਰ ਦਾ ਬੁਲਬੁਲਾ ਤੇ ਤੁਸੀਂ ਬੜੇ ਹੀ ਸੰਤਾਪ ਵਿਚ ਚਲੇ ਜਾਂਦੇ ਹੋ।

ਸੰਸਕਾਰਾਂ ਦੇ ਵੀ ਬਹੁਤ ਪੱਧਰ ਹਨ, ਬਹੁਤ ਪਰਤਾਂ ਹਨ। ਤੁਹਾਡੇ ਕਰਮਾਂ ਦੇ ਕਾਰਜਾਂ ਦੇ ਤੁਹਾਡੀਆਂ ਇਛਾਵਾਂ

ਦੇ ਅਕਸ ਉਨ੍ਹਾਂ ਦੇ ਚਿੰਨ ਉਹ ਤੁਹਾਡੇ ਅਚੇਤ ਮਨ ਵਿਚ ਜਾ ਕੇ ਟਿਕ ਜਾਂਦੇ ਹਨ, ਸੌਂ ਜਾਂਦੇ ਹਨ। ਫੇਰ ਜਦੋਂ ਵੀ ਇਨ੍ਹਾਂ ਨੂੰ ਮੌਕਾ ਮਿਲਦਾ ਹੈ, ਇਹ ਸੁਚੇਤ ਹੋ ਜਾਂਦੇ ਹਨ ਤੇ ਸੁਚੇਤ ਹੋ ਕੇ ਇਹ ਤੁਹਾਡੇ ਮਨ ਤੇ ਭਾਵਨਾਵਾਂ ਨੂੰ ਕੰਟਰੋਲ ਕਰਦੇ ਹਨ।

ਮਨ ਆਪਣੇ ਆਪ ਵਿਚ ਤਾਂ ਕੁਝ ਵੀ ਨਹੀਂ ਕਰ ਸਕਦਾ। ਮਨ ਦੀ ਕੋਈ ਸ਼ਕਤੀ ਨਹੀਂ ਕਿ ਉਹ ਕਿਸੇ ਕਿਸਮ ਦੀ ਸੂਚਨਾ ਆਪਣੇ ਆਪ ਲਵੇ। ਜਦੋਂ ਤਕ ਸਾਡੀਆਂ ਇੰਦ੍ਰੀਆਂ ਕਿਸੇ ਚੀਜ਼ ਤੇ ਨਾ ਆਪਣੇ ਆਪ ਨੂੰ ਇਕਾਗਰ ਕਰਨ ਜੇ ਅੱਖਾਂ ਕਿਸੇ ਚੀਜ਼ ਉਤੇ ਇਕਾਗਰ ਨਾ ਹੋਣ ਤਾਂ ਮਨ ਉਸ ਨੂੰ ਅਨੁਭਵ ਨਹੀਂ ਕਰ ਸਕਦਾ। ਮਨ ਨੂੰ ਸਾਡੀਆਂ ਪੰਜਾਂ ਇੰਦ੍ਰੀਆਂ ਦੀ ਲੋੜ ਹੈ, ਕੰਨਾਂ ਦੀ, ਅੱਖਾਂ ਦੀ, ਜੀਭ ਦੀ, ਹੱਥਾਂ ਪੈਰਾਂ ਦੀ ਨੱਕ ਦੀ। ਪੰਜ ਗਿਆਨ ਇੰਦ੍ਰੀਆਂ ਹਨ ਇਸ ਤਰ੍ਹਾਂ ਨਾਲ ਸਾਰੀਆਂ ਦਸ ਇੰਦ੍ਰੀਆਂ ਹਨ।

ਮਨ ਇਨ੍ਹਾਂ ਦਸ ਇੰਦ੍ਰੀਆਂ ਰਾਹੀਂ ਹੀ ਕੰਮ ਕਰਦਾ ਹੈ। ਜਦੋਂ ਵੀ ਕੁਝ ਹੁੰਦਾ ਹੈ ਪਹਿਲਾਂ ਮਨ ਦੇ ਚਿੰਨ ਉਸ ਨੂੰ ਜਾਂਚਦੇ ਹਨ ਫੇਰ ਉਹ ਚਿੰਨ ਜਾਂ ਸੰਸਕਾਰ ਕਿਰਿਆਸ਼ੀਲ ਹੁੰਦੇ ਹਨ, ਚੇਤਨ ਮਨ ਨੂੰ ਅਚੇਤ ਮਨ ਕਾਬੂ ਕਰਦਾ ਹੈ ਇਹ ਹੀ ਇਕ ਕਾਰਨ ਹੈ ਕਿ ਮਨੁੱਖ ਬਹੁਤ ਛੇਤੀ ਕੋਈ ਤਰੱਕੀ ਨਹੀਂ ਕਰ ਸਕਦਾ। ਤੁਸੀਂ ਕੇਵਲ ਬਹੁਤ ਥੋੜ੍ਹੇ ਹਿੱਸੇ ਨੂੰ ਹੀ ਸੁਆਰ ਸਕਦੇ ਹੋ, ਸਿਖਿਆ ਦੇ ਸਕਦੇ ਹੋ, ਬਹੁਤ ਵੱਡਾ ਹਿੱਸਾ ਤਿੰਨ ਚੌਥਾਈ ਭਾਗ ਤਾਂ ਸਾਨੂੰ ਪਤਾ ਹੀ ਨਹੀਂ। ਤੁਹਾਡੀ ਸਾਰੀ ਕਿਰਿਆ ਜੋ ਵੀ ਤੁਸੀਂ ਕਰਦੇ ਹੋ ਉਸ ਦਾ ਪ੍ਰਭਾਵ ਤੁਹਾਡੇ ਅਚੇਤ ਮਨ ਤੇ ਪੈਂਦਾ ਹੈ। ਇਹ ਚਿੰਨ ਫੇਰ ਤੁਹਾਡੇ ਸੰਸਕਾਰ ਬਣ ਜਾਂਦੇ ਤੇ ਸੰਸਕਾਰ ਬਣ ਕੇ ਤੁਹਾਡੇ ਜੀਵਨ ਨੂੰ ਕੰਟਰੋਲ ਕਰਦੇ ਹਨ, ਜੀਵਨ ਨੂੰ ਸੋਧਣ ਲਈ ਸੰਸਕਾਰਾਂ ਨੂੰ ਸ਼ੁਧ ਕਰਨ ਦੀ ਲੋੜ ਹੈ।

ਸੰਸਕਾਰਾਂ ਨੂੰ ਤੁਸੀਂ ਮੈਡੀਟੇਸ਼ਨ ਰਾਹੀਂ ਸ਼ੁਧ ਕਰ ਸਕਦੇ ਹੋ। ਤੁਸੀਂ ਆਪਣੇ ਮਨ ਨੂੰ ਇਹ ਹੁਕਮ ਦੇ ਸਕਦੇ ਹੋ ਕਿ ਸਾਰੇ ਚਿੰਨ ਤੁਹਾਡੇ ਸਾਮ੍ਹਣੇ ਆ ਜਾਣ ਤਾਂ ਜੋ ਤੁਸੀਂ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੀ ਛਾਂਟੀ ਕਰ ਸਕੋ ਤੇ ਉਨ੍ਹਾਂ ਨੂੰ ਖਤਮ ਕਰ ਸਕੋ। ਸਵਾਮੀ ਜੋਗੀਆ ਰੰਗ ਦੇ ਚੋਲੇ ਪਾਉਂਦੇ ਹਨ, ਜੋਗੀਆ ਰੰਗ ਅੱਗ ਦਾ ਹੁੰਦਾ ਹੈ, ਇਹ ਰੰਗ ਗਿਆਨ ਦਾ ਰੰਗ ਵੀ ਮੰਨਿਆ ਜਾਂਦਾ ਹੈ। ਇਹ ਰੰਗ ਤੁਸੀਂ ਉਦੋਂ ਪਾਉਂਦੇ ਹੋ ਜਦੋਂ ਤੁਸੀਂ ਦ੍ਰਿੜ੍ਹਤਾ ਨਾਲ ਕਹਿ ਸਕਦੇ ਹੋ ਕਿ ਮੈਂ ਆਪਣੀਆਂ ਸਾਰੀਆਂ ਇਛਾਵਾਂ ਗਿਆਨ ਦੀ ਅੱਗ ਵਿਚ ਫੂਕ ਦਿਤੀਆਂ ਹਨ, ਓਦੋਂ ਹੀ ਤੁਸੀਂ ਇਹ ਰੰਗ ਪਾਉਂਦੇ ਹੋ। ਮੈਡੀਟੇਸ਼ਨ ਕਰਕੇ ਤੁਸੀਂ ਪੁਰਾਣੇ ਚਿੰਨ, ਬਹੁਤ ਪੁਰਾਣੀਆਂ ਯਾਦਾਂ ਚੇਤਨ ਮਨ ਵਿਚ ਲਿਆ ਸਕਦੇ ਹੋ। ਆਪਣੇ ਮਨ ਨੂੰ ਤੁਸੀਂ ਇਹ ਹੁਕਮ ਦੇ ਸਕਦੇ ਹੋ ਕਿ ਤੁਸੀਂ ਇਨ੍ਹਾਂ ਦਾ ਮੁਕਾਬਲਾ ਕਰੋਗੇ, ਕਰਨ ਨੂੰ ਤਿਆਰ ਹੋ ਜਾਓ। ਤੁਸੀਂ ਇਸ ਤਰ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ਼ ਪੈਦਾ ਕਰ ਸਕਦੇ ਹੋ, ਇਸ ਤਰ੍ਹਾਂ ਦੀ ਇੱਛਾ ਸ਼ਕਤੀ ਆਪਣੇ ਅੰਦਰ ਪੈਦਾ ਕਰ ਸਕਦੇ ਹੋ ਤੇ ਇਸ ਤਰ੍ਹਾਂ ਨਾਲ ਤੁਸੀਂ ਇਨ੍ਹਾਂ ਸੰਸਕਾਰਾਂ ਨੂੰ ਫੂਕ ਸਕਦੇ ਹੋ, ਮਾਨਸਿਕ ਪੱਖੋ ਫੂਕ ਸਕਦੇ ਹੋ ਤਾਂ ਜੋ ਉਹ ਤੁਹਾਨੂੰ ਮੁੜ ਕੇ ਦੁਖੀ ਨਹੀਂ ਕਰਨ। ਇਹ ਕੇਵਲ ਮਾਨਸਿਕ ਚਿੰਨ ਹੀ ਹੁੰਦੇ ਹਨ, ਮਨ ਤੇ ਪਏ ਹੋਏ ਅਕਸ ਸਮਾਂ ਪੈ ਕੇ ਹੋਰ ਗੂੜ੍ਹੇ ਹੋ ਜਾਂਦੇ ਹਨ, ਇਹ ਕੋਈ ਠੋਸ ਚੀਜ਼ ਨਹੀਂ ਹੁੰਦੀ। ਤੁਹਾਡੇ ਸਾਰੇ ਪੁਰਾਣੇ ਪਿਛੋਕੜ ਦੇ ਸੰਸਕਾਰ ਫੂਕੇ ਜਾ ਸਕਦੇ ਹਨ, ਤੁਸੀਂ ਉਨ੍ਹਾਂ ਤੋਂ ਛੁਟਕਾਰਾ ਪਾ ਸਕਦੇ ਹੋ। ਸਾਡਾ ਮੰਤਵ ਹੈ ਕਿ ਚੇਤਨ ਮਨ ਨੂੰ ਐਨਾ ਵਿਸਤ੍ਰਿਤ ਕੀਤਾ ਜਾਵੇ ਕਿ ਅਚੇਤ ਮਨ ਕੋਈ ਰਹੇ ਹੀ ਨਾ।

ਦੋ ਤਰ੍ਹਾਂ ਨਾਲ ਤੁਸੀਂ ਸੰਸਕਾਰਾਂ ਨੂੰ ਸ਼ੁਧ ਕਰ ਸਕਦੇ ਹੋ, ਜਿਹੜੇ ਚਿੰਨ ਜਿਹੜੇ ਅਕਸ ਤੁਸੀਂ ਆਪਣੇ ਜੀਵਨ ਵਿਚ ਜਮ੍ਹਾਂ ਕੀਤੇ ਹਨ, ਉਨ੍ਹਾਂ ਤੋਂ ਛੁਟਕਾਰਾ ਪਾ ਸਕਦੇ ਹੋ। ਖੁਸ਼ ਰਹਿਣ ਦੇ ਵੀ ਦੋ ਹੀ ਤਰੀਕੇ ਹਨ ਜਾਂ ਤਾਂ ਆਪਣੀਆਂ ਇਛਾਵਾਂ ਦੀ ਪੂਰਤੀ ਕਰੋ, ਇਹ ਸਮਝੋ ਕਿ ਕਿਹੜੀ ਇੱਛਾ ਦੀ ਪੂਰਤੀ ਜ਼ਰੂਰੀ ਹੈ, ਨਾਲ ਆਪਣੀਆਂ ਡਿਊਟੀਆਂ ਵੀ ਕਰੋ। ਦੂਸਰਾ ਤਰੀਕਾ ਹੈ ਕਿ ਇਛਾਵਾਂ ਦਾ ਪੂਰੀ ਤਰ੍ਹਾਂ ਨਾਲ ਤਿਆਗ ਕਰੋ ਤੇ ਉਨ੍ਹਾਂ ਨੂੰ ਘਟਾਂਦੇ ਘਟਾਂਦੇ ਖਤਮ ਕਰ ਦਿਓ। ਫੇਰ ਤਾਂ ਪੂਰਤੀ ਲਈ ਕੁਝ ਰਹਿ ਹੀ ਨਹੀਂ ਜਾਵੇਗਾ। ਇਹ ਦੋ ਹੀ ਤਰੀਕੇ ਹਨ ਜਾਂ ਇਛਾਵਾਂ ਦੀ ਪੂਰਤੀ ਕਰੋ ਜਾਂ ਉਨ੍ਹਾਂ ਦਾ ਤਿਆਗ ਕਰੋ। ਜਦੋਂ ਕਰਮ ਕਰਕੇ ਤੁਸੀਂ ਇਛਾਵਾਂ ਦੀ ਪੂਰਤੀ ਕਰਦੇ ਹੋ ਤਾਂ ਇਕ ਗੱਲ ਯਾਦ ਰੱਖੋ ਕਿ ਤੁਸੀਂ ਆਪਣੀ ਡਿਊਟੀ ਪਿਆਰ ਨਾਲ ਕਰੋ।

ਤੁਸੀਂ ਆਪਣੇ ਸੰਸਕਾਰ ਖਤਮ ਵੀ ਕਰ ਸਕਦੇ ਹੋ। ਸੰਸਕਾਰ ਖਤਮ ਕਰਨ ਲਈ ਤੁਹਾਨੂੰ ਬੜੀ ਗਹਿਰੀ ਤੇ ਡੂੰਘੀ ਮੈਡੀਟੇਸ਼ਨ ਕਰਨੀ ਪੈਂਦੀ ਹੈ। ਆਪਣੀ ਦ੍ਰਿੜ੍ਹਤਾ ਨੂੰ ਬਣਾਓ ਪੂਰਨ ਤੌਰ ਤੇ ਦ੍ਰਿੜ੍ਹ ਬਣੋ, ਆਪਣੇ ਮਨ ਨੂੰ ਹੁਕਮ ਦਿਓ, ਆਪਣੇ ਸੰਸਕਾਰਾਂ ਨੂੰ ਹੁਕਮ ਦਿਓ, ਏਸ ਸਮੇਂ ਮੈਂ ਕੇਵਲ ਮੈਡੀਟੇਸ਼ਨ ਨਹੀਂ ਕਰਾਂਗਾ, ਮੈਂ ਮੈਡੀਟੇਸ਼ਨ ਵਿਚ ਹਾਂ। ਮੈਂ ਮੈਡੀਟੇਸ਼ਨ ਕਰਕੇ ਮਾਇਆ ਜਾਲ ਵਿਚੋਂ ਨਿਕਲਣਾ ਚਾਹੁੰਦਾ ਹਾਂ, ਉਹ ਮਾਇਆ ਜਾਲ, ਉਹ ਦਲਦਲ, ਉਹ ਚਿੱਕੜ ਜਿਹੜਾ ਮੇਰੇ ਮਨ ਵਿਚ ਹੈ ਜਿਹੜਾ ਮਨ ਨੇ ਹੀ ਪੈਦਾ ਕੀਤੇ ਹਨ। ਤੁਸੀਂ ਸਾਰੇ ਚਿੰਨ੍ਹਾਂ ਨੂੰ ਸਾਰੇ ਅਕਸ ਜਿਹੜੇ ਤੁਹਾਡੇ ਮਨ ਵਿਚ ਹਨ ਉਨ੍ਹਾਂ ਨੂੰ ਆਪਣੇ ਸਾਮ੍ਹਣੇ ਲੈ ਆਓ ਪਰ ਤੁਸੀਂ ਉਨ੍ਹਾਂ ਦਾ ਹਿੱਸਾ ਨਹੀਂ ਬਣੋ, ਇਸ ਤਰ੍ਹਾਂ ਕਰਨ ਨੂੰ ਅੰਤਰ ਦੀ ਜਾਚ ਕਹਿੰਦੇ ਹਨ ਇਸ ਤਰ੍ਹਾਂ ਕਰਦਿਆਂ ਹੌਲੀ ਹੌਲੀ ਤੁਸੀਂ ਇਕ ਗਵਾਹ ਦਾ ਰੂਪ ਧਾਰਨ ਕਰ ਲੈਂਦੇ ਹੋ। ਇਹ ਇਕ ਤਰੀਕਾ ਹੈ।

ਦੂਸਰਾ ਤਰੀਕਾ ਹੈ ਸੰਸਕਾਰਾਂ ਨੂੰ ਗਿਆਨ ਦੀ ਅੱਗ ਵਿਚ ਫੂਕ ਦੇਣਾ ਤੇ ਸਾਰੇ ਸੰਸਕਾਰ ਗਿਆਨ ਦੀ ਅੱਗ ਨੂੰ

ਸਮਰਪਣ ਕਰ ਦੇਣੇ ਤੇ ਫੂਕ ਦੇਣੇ। ਇਹ ਦੋ ਤਰੀਕੇ ਹਨ ਸੰਸਕਾਰਾਂ ਨੂੰ ਖਤਮ ਕਰਨ ਦੇ।

ਅੱਜ ਦਾ ਮਨੁੱਖ ਸੋਚਦਾ ਹੈ ਕਿ ਉਨ੍ਹਾਂ ਨੂੰ ਬਹੁਤ ਸਾਰੇ ਵਿਗਿਆਨ ਦਾ ਗਿਆਨ ਹੈ ਤੇ ਉਹ ਬਹੁਤ ਹੀ ਸਿਆਣੇ ਹਨ ਪਰ ਵਾਸਤਵ ਵਿਚ ਉਹ ਬਹੁਤ ਹੀ ਇਕੱਲੇ ਮਹਿਸੂਸ ਕਰਦੇ ਹਨ ਤੇ ਅੰਦਰੋਂ ਡਰੇ ਰਹਿੰਦੇ ਹਨ। ਉਨ੍ਹਾਂ ਦੀਆਂ ਜੇਬਾਂ ਦਵਾਈਆਂ ਦੀਆਂ ਗੋਲੀਆਂ ਨਾਲ ਭਰੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦੇ ਘਰ ਡਿਸਪੈਂਸਰੀਆਂ ਬਣੀਆਂ ਹੋਈਆਂ ਹਨ, ਆਪਣੇ ਘਰਾਂ ਦੇ ਬੂਹਿਆਂ ਤੇ ਉਹ ਮੋਟੇ ਮੋਟੇ ਜੰਦਰੇ ਲਗਾਉਂਦੇ ਹਨ, ਉਹ ਡਰ ਦੇ ਭਰੇ ਪਏ ਹਨ, ਉਨ੍ਹਾਂ ਦੇ ਅੰਦਰ ਬਿਲਕੁਲ ਖਾਲੀ ਪਏ ਹਨ, ਅੰਦਰ ਹੈ ਹੀ ਕੁਝ ਨਹੀਂ, ਉਨ੍ਹਾਂ ਦੇ ਜੀਵਨ ਦਾ ਕੋਈ ਆਸਰਾ ਹੀ ਨਹੀਂ ਹੈ, ਉਹ ਖੁਲ੍ਹੀ ਤਰ੍ਹਾਂ ਤੁਰ ਫਿਰ ਨਹੀਂ ਸਕਦੇ, ਆਪਣੇ ਆਪ ਨੂੰ ਸੁਤੰਤਰ ਮਹਿਸੂਸ ਹੀ ਨਹੀਂ ਕਰਦੇ।

ਇਸ ਤਰ੍ਹਾਂ ਤੁਸੀਂ ਜੀਵਨ ਦਾ ਅਨੰਦ ਕਿਵੇਂ ਮਾਣ ਸਕਦੇ ਹੋ। ਜੇ ਹਰ ਸਮੇਂ ਤੁਸੀਂ ਡਰੇ ਹੀ ਰਹਿਣਾ ਹੈ, ਸਹਿਮੇ ਹੀ ਰਹਿਣਾ ਹੈ, ਜੀਵਨ ਕਿਵੇਂ ਸ਼ਾਂਤ ਤੇ ਅਨੰਦਮਈ ਹੋ ਸਕਦਾ ਹੈ। ਤੁਸੀਂ ਤਾਂ ਹਰ ਸਮੇਂ ਇਸ ਡਰ ਵਿਚ ਹੋ ਕਿ ਕਿਤੇ ਤੁਸੀਂ ਉਹ ਸਭ ਗਵਾ ਨਾ ਬੈਠੋ ਜੋ ਤੁਹਾਡੇ ਕੋਲ ਹੈ, ਜੋ ਤੁਹਾਡੀ ਇੱਛਾ ਹੈ ਉਸ ਨੂੰ ਪੂਰੀ ਕਰਨ ਦੀ ਸੋਚਦੇ ਹੀ ਨਹੀਂ। ਇਹ ਦੋ ਡਰ ਤੁਹਾਡੇ ਜੀਵਨ ਨੂੰ ਜੀਵਨ ਅਨੰਦ ਨੂੰ ਸਰਾਪ ਦੀ ਤਰ੍ਹਾਂ ਖਾਂਦੇ ਰਹਿੰਦੇ ਹਨ।

ਆਪਣੇ ਅੰਦਰ ਦੀ ਤਾਕਤ ਬਨਾਉਣ ਲਈ ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਆਪ ਨੂੰ ਇਹ ਸਮਝਾਉਣਾ ਪੈਂਦਾ ਹੈ ਤੇ ਮੰਨਣਾ ਪੈਂਦਾ ਹੈ ਕਿ ਤੁਸੀਂ ਜੀਵਨ ਯਾਤਰਾ ਤੇ ਹੋ, ਯਾਤਰਾ ਲਈ ਥੋੜ੍ਹਾ ਭਾਰ ਚੁੱਕੋ, ਤੁਸੀਂ ਆਪਣੇ ਨਾਲ ਸਾਰਾ ਕੁਝ ਨਹੀਂ ਚੁੱਕ ਕੇ ਲੈ ਜਾਂਦੇ ਜੋ ਕੁਝ ਵੀ ਘਰ ਪਿਆ ਹੁੰਦਾ ਹੈ, ਯਾਤਰਾ ਲਈ ਤੁਸੀਂ ਥੋੜ੍ਹੀਆਂ ਚੀਜ਼ਾਂ ਹੀ ਲੈ ਕੇ ਜਾਂਦੇ ਹੋ, ਜਿੰਨੇ ਪੈਸੇ ਚਾਹੀਦੇ ਹੋਣ ਬੱਸ ਓਨੇ ਹੀ ਲੈ ਕੇ ਜਾਂਦੇ ਹੋ। ਨਿਯਮ ਇਹ ਹੈ ਕਿ ਤੁਹਾਡੇ ਕੋਲ ਕਾਫੀ ਪੈਸੇ ਹਨ ਕਾਫੀ ਪੈਸਿਆਂ ਤੋਂ ਭਾਵ ਹੈ ਕਿ ਤੁਹਾਨੂੰ ਕਾਫੀ ਗਿਆਨ ਹੈ। ਯਾਤਰਾ ਲਈ ਘੱਟ ਸਾਮਾਨ ਲੈ ਜਾਣ ਤੋਂ ਭਾਵ ਹੈ ਕਿ ਰੋਜ਼ ਦੀਆਂ ਚਿੰਤਾਵਾਂ ਖਿਚਾਵ ਤਨਾਵ ਨਾ ਹੋਵੇ।

ਖੁਸ਼ ਰਹਿਣ ਦਾ ਸਭ ਤੋਂ ਚੰਗਾ ਤਰੀਕਾ ਹੈ ਕਿ ਤੁਸੀਂ ਇਹ ਯਾਦ ਰੱਖੋ ਕਿ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਤੁਹਾਡੇ ਲਈ ਹਨ, ਤੁਹਾਡੇ ਵਰਤਣ ਲਈ ਹਨ, ਤੁਹਾਡੇ ਕੋਲ ਸਭ ਕੁਝ ਤਾਂ ਹੀ ਹੈ ਤਾਂ ਕਿ ਤੁਸੀਂ ਵਰਤ ਸਕੋ। ਇਹ ਤੁਹਾਡੀ ਗਲਤੀ ਹੈ ਕਿ ਤੁਸੀਂ ਇਨ੍ਹਾਂ ਨੂੰ ਆਪਣਾ ਸਮਝਦੇ ਹੋ, ਇਹ ਸਮਝਦੇ ਹੋ ਕਿ ਇਹ ਤੁਹਾਡੀਆਂ ਹਨ, ਤੁਹਾਡੀ ਗਲਤੀ ਇਹ ਹੀ ਹੈ ਕਿ ਤੁਸੀਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਵਰਤਦੇ ਵੀ ਨਹੀਂ। ਕੁਦਰਤ ਤੇ ਵਾਸਤਵਿਕਤਾ ਭਾਵ ਯਥਾਰਥ ਤੁਹਾਨੂੰ ਕਦੀ ਵੀ ਮਾਫ ਨਹੀਂ ਕਰੇਗਾ ਜੇ ਤੁਸੀਂ ਸੰਸਾਰ ਦੀਆਂ ਚੀਜ਼ਾਂ ਨੂੰ ਆਪਣਾ ਬਣਾਓਗੇ, ਉਨ੍ਹਾਂ ਤੇ ਕਬਜ਼ਾ ਕਰੋਗੇ ਪਰ ਉਨ੍ਹਾਂ ਦੀ ਸਹੀ ਵਰਤੋਂ ਨਹੀਂ ਕਰੋਗੇ, ਆਪਣੇ ਵਿਕਾਸ ਲਈ ਵਰਤੋ ਨਹੀਂ ਕਰੋਗੇ। ਸੰਸਾਰ ਦੀਆਂ ਸਾਰੀਆਂ ਚੀਜ਼ਾਂ ਦੀ ਵਰਤੋਂ ਕਰਨੀ ਸਿੱਖੋ, ਸਭ ਕੁਝ ਤੁਹਾਡੇ ਲਈ ਹੈ ਪਰ ਤੁਹਾਡਾ ਨਹੀਂ ਹੈ, ਚੀਜ਼ਾਂ ਤੇ ਕਬਜ਼ਾ ਕਰਨਾ ਨਾ ਸਿੱਖੋ, ਕਬਜ਼ਾ ਕਰਨਾ ਖਤਰਨਾਕ ਹੈ ਤੇ ਕਬਜ਼ੇ ਨਾਲ ਮੋਹ, ਸੁਆਰਥ ਜੁੜਦਾ ਹੈ, ਸੁਆਰਥ ਪੈਦਾ ਹੁੰਦਾ ਹੈ।

ਬਾਹਰ ਦੀ ਕੋਈ ਵੀ ਵਸਤੂ ਤੁਹਾਨੂੰ ਅੰਤਰ ਦੇ ਤੱਤ ਤਕ ਨਹੀਂ ਪਹੁੰਚਣ ਦੇਵੇਗੀ। ਅੰਤਰ ਦੇ ਸੱਚ ਤਕ ਨਹੀਂ ਪਹੁੰਚਣ ਦੇਵੇਗੀ। ਅਮੀਰ ਬੰਦਾ ਗਰੀਬ ਵਲ ਦੇਖ ਕੇ ਸੋਚਦਾ ਹੈ, ਇਸ ਗਰੀਬ ਕੋਲ ਕੁਝ ਵੀ ਨਹੀਂ, ਫੇਰ ਵੀ ਇਹ ਬਹੁਤ ਖੁਸ਼ ਹੈ। ਗਰੀਬ ਅਮੀਰ ਵਲ ਦੇਖ ਕੇ ਸੋਚਦਾ ਹੈ ਕਿ ਏਸ ਕੋਲ ਤਾਂ ਸਭ ਕੁਝ ਹੈ ਉਸ ਨੂੰ ਦੇਖ ਗਰੀਬ ਨੂੰ ਹਿਰਖ ਹੁੰਦਾ ਹੈ। ਵਾਸਤਵ ਵਿਚ ਦੋਨੋਂ ਹੀ ਦੁਖੀ ਹਨ। ਤੁਹਾਨੂੰ ਇਹ ਪਤਾ ਹੀ ਹੈ ਕਿ ਬਾਹਰ ਦਾ ਸੰਸਾਰ ਖੁਸ਼ੀਆਂ ਨਹੀਂ ਦੇ ਸਕਦਾ, ਬਾਹਰੀ ਸੰਸਾਰੀ ਉਦੇਸ਼ ਖੁਸ਼ੀ ਨਹੀਂ ਦੇ ਸਕਦੇ। ਇਹ ਉਦੇਸ਼ ਤੁਹਾਨੂੰ ਥੋੜ੍ਹੀ ਦੇਰ ਲਈ ਆਰਾਮ ਦੇ ਸਕਦੇ ਹਨ। ਜਦੋਂ ਤੁਸੀਂ ਆਰਾਮ ਵਿਚ ਹੁੰਦੇ ਹੋ ਤੁਸੀਂ ਜੀਵਨ ਮਨੋਰਥ ਭੁੱਲ ਜਾਂਦੇ ਹੋ। ਜੀਵਨ ਮਨੋਰਥ ਕਦੀ ਨਾ ਭੁੱਲੋ। ਜੀਵਨ ਮਨੋਰਥ ਕੇਵਲ ਇਕ ਹੀ ਹੈ ਉਹ ਹੈ ਦੁਖਾਂ ਸੰਤਾਪਾਂ ਤੋਂ ਛੁਟਕਾਰਾ ਪਾਉਣਾ।

ਖੁਸ਼ੀ ਪ੍ਰਾਪਤ ਕਰਨ ਲਈ ਤੁਹਾਨੂੰ ਬਾਹਰ ਜਾਣ ਦੀ ਲੋੜ ਨਹੀਂ, ਘਰ ਛੱਡਣ ਦੀ ਲੋੜ ਨਹੀਂ, ਆਪਣੇ ਫਰਜ਼ ਡਿਊਟੀਆਂ ਛੱਡਣ ਦੀ ਲੋੜ ਨਹੀਂ। ਇਹ ਸੰਦੇਸ਼ ਹੈ ਹਿਮਾਲਿਆ ਦੇ ਸੰਤਾਂ ਦਾ, ਇਹ ਸੰਦੇਸ਼ ਹੈ ਗੁਰੂ ਨਾਨਕ ਦਾ। ਘਰ ਰਹੋ ਗ੍ਰਹਿਸਤ ਵਿਚ ਰਹਿ ਕੇ ਆਪਣੇ ਕਾਰਜ ਕਰੋ, ਆਪਣੇ ਫਰਜ਼ ਨਿਭਾਓ, ਡਿਊਟੀਆਂ ਕਰੋ। ਆਪਣੀਆਂ ਡਿਊਟੀਆਂ ਪਿਆਰ ਨਾਲ ਕਰੋ, ਆਪਣਾ ਮੋਹ ਛੱਡੋ, ਸੁਆਰਥ ਛੱਡੋ। ਪਿਆਰ ਸ਼ਬਦ ਦੀ ਵਰਤੋਂ ਕਰੋ, ਪਿਆਰ ਸ਼ਬਦ ਨਾਲ ਦੇਣਾ ਜੁੜਿਆ ਹੋਇਆ ਹੈ। ਮੋਹ ਸਖਸ਼ੀਅਤ ਨੂੰ ਤੰਗ ਬਣਾਉਂਦਾ ਹੈ, ਸੰਕੋਚਦਾ ਹੈ, ਪਿਆਰ ਵਿਸ਼ਾਲਤਾ ਲਿਆਉਂਦਾ ਹੈ, ਵਿਕਗਤ ਕਰਦਾ ਹੈ, ਸੰਸਕਾਰਾਂ ਨੂੰ ਸ਼ੁਧ ਕਰੋ, ਤਾਂ ਜੋ ਤੁਹਾਡੇ ਸੰਸਕਾਰ ਤੁਹਾਨੂੰ ਦੁਖੀ ਨਾ ਕਰਨ, ਤੰਗ ਨਾ ਕਰਨ, ਤੁਹਾਡੀ ਕਥਨੀ ਕਰਨੀ ਨੂੰ ਪ੍ਰਭਾਵ ਨਾ ਕਰਨ, ਆਪਣੇ ਮਨ ਵਿਚ ਕੇਵਲ ਉਹ ਇਛਾਵਾਂ ਲੈ ਕੇ ਆਓ, ਜਿਹੜੀਆਂ ਤੁਸੀਂ ਪੂਰੀਆਂ ਕਰ ਸਕਦੇ ਹੋ, ਜਿਹੜੀਆਂ ਤੁਹਾਡੇ ਲਈ ਸਮੱਸਿਆ ਨਾ ਬਣ ਜਾਣ।

(ਪੰਨਾ 24 ਦੀ ਬਾਕੀ)

ਪੰਜਾਬ ਦੀ ਖੇਤੀਬਾੜੀ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਸੰਤ ਮਹਾਰਾਜ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਉਨ੍ਹਾਂ ਦੇ ਪਰਉਪਕਾਰਾਂ ਦੀ ਸਰਾਹਨਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਲਈ 1 ਲੱਖ ਰੁਪਏ ਗਰਾਂਟ ਦੇਣ ਦੀ ਘੋਸ਼ਣਾ ਕੀਤੀ। ਉਨ੍ਹਾਂ ਕਿਹਾ ਕਿ ਰਤਵਾੜਾ ਸਾਹਿਬ ਦੀ ਧਰਤੀ ਭਾਗਾਂ ਵਾਲੀ ਹੈ ਜਿਥੇ ਮਹਾਂਪੁਰਸ਼ ਵਿਚਰ ਕੇ ਮਨੁੱਖਤਾ ਦੀ ਸੇਵਾ ਕਰਦੇ ਰਹੇ। ਸ. ਸੰਤੋਖ ਸਿੰਘ ਰੰਧਾਵਾ ਸਾਬਕਾ ਪ੍ਰਦੇਸ਼ ਕਾਂਗ੍ਰੇਸ ਪ੍ਰਧਾਨ ਅਤੇ ਸਾਬਕਾ ਮੰਤਰੀ ਨੇ ਵੀ ਮਹਾਂਪੁਰਖਾਂ ਨੂੰ ਅਪਣੀ ਸ਼ਰਧਾ ਦੇ ਫੁਲ ਭੇਂਟ ਕੀਤੇ। ਹੋ ਰਹੇ ਸਮਾਗਮਾਂ ਵਿਚ ਵਿਦੇਸ਼ ਤੋਂ ਵਿਸ਼ੇਸ਼ ਕਰਕੇ ਕੈਨੇਡਾ ਤੇ ਅਮਰੀਕਾ ਤੋਂ ਬੇਅੰਤ ਪ੍ਰੇਮੀ ਸ਼ਾਮਲ ਹੋ ਚੁੱਕੇ ਹਨ ਤੇ ਉਨ੍ਹਾਂ ਨੇ ਮਹਾਂਪੁਰਸ਼ਾਂ ਪ੍ਰਤੀ ਆਪਣਾ ਪਿਆਰ ਤੇ ਸ਼ਰਧਾ ਪ੍ਰਗਟ ਕੀਤੀ।

ਅੱਜ ਸਵੇਰੇ ਦੇ ਦੀਵਾਨ ਦੀ ਅਰੰਭਤਾ ਭਾਈ ਤਰਲੋਚਨ ਸਿੰਘ ਨੇ ਸ਼ਬਦ ਗਾਇਨ ਕਰਕੇ ਆਰੰਭ ਕੀਤੀ ਉਪਰੰਤ ਢਾਡੀ ਜੱਥਾ ਇੰਦਰਜੀਤ ਸਿੰਘ 'ਅਣਖੀ', ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ, ਭਾਈ ਅਜੀਤ ਸਿੰਘ ਮੁਕਤਸਰ, ਬਾਬਾ ਬਲਵਿੰਦਰ ਸਿੰਘ ਜੋਤੀ ਸਰੂਪ, ਬੀਬੀ ਬਲਜੀਤ ਕੌਰ ਯੂ.ਪੀ., ਸੰਤ ਸੁਰਜੀਤ ਸਿੰਘ ਪਟਿਆਲੇ ਵਾਲੇ, ਬਾਬਾ ਹਰਜਿੰਦਰ ਸਿੰਘ ਦਬਲਾਨ ਵਾਲੇ, ਬਾਬਾ ਹਰਨੇਕ ਸਿੰਘ ਧਨੋਹੀ ਵਾਲੇ, ਅਤੇ ਬੀਬੀ ਸਵਾਮੀ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਅਤੇ ਬਾਬਾ ਘਾਲਾ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਦੇ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ। ਇਸ ਤੋਂ ਇਲਾਵਾ ਸੰਤ ਬਾਬਾ ਨਛੱਤਰ ਸਿੰਘ ਜੀ ਝਾਮਪੁਰ ਵਾਲੇ, ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲੇ, ਸਵਾਮੀ ਨਿਤਯਾਨੰਦ ਰਮਤਾ ਰਾਮ ਭੂਰੀ ਵਾਲੇ ਅਤੇ ਡਾ. ਸਵਾਮੀ ਵੇਦ ਭਾਰਤੀ ਜੀ ਦੇ ਵਰੋਸਾਏ ਪ੍ਰੇਮੀਆਂ ਨੇ ਵੀ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਪ੍ਰਵਚਨ ਸਰਵਣ ਕਰਵਾਏ। ਸੰਤ ਵਰਿਆਮ ਸਿੰਘ ਜੀ ਦੀ ਯਾਦ ਵਿਚ ਸਥਾਪਿਤ ਕੀਤੇ ਸਕੂਲ ਰਤਵਾੜਾ ਸਾਹਿਬ ਅਤੇ ਰਾਜਪੁਰਾ ਦੇ ਬੱਚਿਆਂ ਨੇ ਸ਼ਬਦ ਗਾਇਨ ਤੇ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਵਲੋਂ ਲਾਈ ਗਈ ਪ੍ਰਦਰਸ਼ਨੀ ਵਿਚ ਬਹੁਤ ਰੌਣਕ ਵੇਖੀ ਗਈ ਅਤੇ ਇਹ ਸੰਗਤਾਂ ਲਈ ਖਿਚ ਦਾ ਕੇਂਦਰ ਬਣੀ ਰਹੀ। ਅੰਤ ਵਿਚ ਮਿਸ਼ਨ ਦੀ ਚੇਅਰਪਰਸਨ ਬੀਬੀ ਰਣਜੀਤ ਕੌਰ ਜੀ ਨੇ ਵੀ ਸਟੇਜ ਤੋਂ ਸੰਗਤਾਂ ਨੂੰ ਅਸ਼ੀਰਵਾਦ ਅਤੇ ਅਸਥਾਨ ਦੇ ਚੜਦੀ ਕਲਾ ਵਿਚ ਰਹਿਣ ਲਈ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ। ਸਵੇਰ ਦੇ ਸਮੇਂ ਮਿਤੀ 30 ਅਕਤੂਬਰ ਨੂੰ ਪ੍ਰਾਰੰਭ ਕੀਤੇ 50 ਅਖੰਡਪਾਠਾਂ ਦੀ ਸਫਲਤਾ ਸਹਿਤ ਸਪੰਨਤਾ ਹੋਈ ਅਤੇ 51 ਹੋਰ ਅਖੰਡਪਾਠ ਪ੍ਰਾਰੰਭ ਕੀਤੇ ਗਏ ਜਿਨ੍ਹਾਂ ਦੀ ਸਮਾਪਤੀ ਮਿਤੀ

3 ਨਵੰਬਰ ਸਵੇਰੇ 10 ਵਜੇ ਹੋਵੇਗੀ।

ਦੀਵਾਨ ਵਿਚ ਸੰਗਤਾਂ ਨੂੰ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਸੀ। ਮੈਡੀਕਲ ਕੈਂਪ, ਜੋੜਾ ਘਰ, ਪਾਰਕਿੰਗ ਲਾਟ, ਗੁਰੂ ਕੇ ਅਤੁੱਟ ਲੰਗਰ ਦਾ ਸੁਚੱਜਾ ਪ੍ਰਬੰਧ ਵਿਸ਼ੇਸ਼ ਵਰਣਨਯੋਗ ਹਨ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤਾਂ ਪਰਮ ਪੂਜਨੀਕ ਬੀਜੀ, ਬੀਬੀ ਰਣਜੀਤ ਕੌਰ (ਸੁਪਤਨੀ ਸੰਤ ਬਾਬਾ ਵਰਿਆਮ ਸਿੰਘ ਜੀ) ਦੇ ਦਰਸ਼ਨ ਕਰਕੇ ਤ੍ਰਿਪਤ ਹੋ ਕੇ ਘਰਾਂ ਨੂੰ ਪਰਤੀਆਂ। ਸਟੇਜ ਦੀ ਸੇਵਾ ਸ. ਕੇਵਲ ਸਿੰਘ ਅਤੇ ਸ. ਭਾਗ ਸਿੰਘ ਖੈਰਪੁਰੀ ਨੇ ਨਿਭਾਈ। ਅੱਜ ਦੇ ਸਮਾਗਮ ਵਿੱਚ ਹਜ਼ਾਰਾਂ ਸੰਗਤਾਂ ਨੇ ਬੜੇ ਉਤਸਾਹ ਨਾਲ ਹੁੰਮ-ਹੁੰਮਾ ਕੇ ਹਾਜ਼ਰੀ ਭਰੀ।

ਸਮਾਗਮ ਦਾ ਚੌਥਾ ਦਿਨ

ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਦੂਜੀ ਬਰਸੀ ਦੇ ਉਪਲਕਸ਼ ਵਿਚ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਹੋ ਰਹੇ 13ਵੇਂ ਗੁਰਮਤਿ ਸਮਾਗਮ ਦੇ ਚੌਥੇ ਤੇ ਆਖਰੀ ਦਿਨ ਬਾਬਾ ਹਰਪਾਲ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਗੁਰਮਤਿ ਦਾ ਮਾਰਗ ਪਿਆਰ ਤੇ ਵੈਰਾਗ ਦਾ ਮਾਰਗ ਹੈ। ਮਹਾਂਪੁਰਸ਼ ਪਿਆਰ ਦਾ ਸਾਗਰ ਸਨ ਤੇ ਉਨ੍ਹਾਂ ਨੇ ਦੇਸ਼ ਪ੍ਰਦੇਸ਼ ਵਿਚ ਸਦਾ ਪਿਆਰ ਤੇ ਸਦਭਾਵਨਾ ਦਾ ਸੰਦੇਸ਼ ਦਿਤਾ। ਬਾਬਾ ਜੀ ਨੇ ਦਸਿਆ ਕਿ ਅੱਜ ਗੁਰੂ ਮਹਾਰਾਜ ਦੇ ਇਸ ਸੰਦੇਸ਼ ਨੂੰ ਅਪਨਾਉਣ ਦੀ ਵਿਸ਼ੇਸ਼ ਲੋੜ ਹੈ - 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥' ਜਿਹੜੇ ਪ੍ਰੇਮੀ ਰਤਵਾੜਾ ਸਾਹਿਬ ਤੋਂ ਦੂਰ ਹੋ ਰਹੇ ਹਨ, ਉਨ੍ਹਾਂ ਨੂੰ ਮੁੜ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਥੋੜੇ ਸਮੇਂ ਵਿਚ ਹੀ ਮਹਾਂਪੁਰਸ਼ਾਂ ਨੇ 7 ਸਕੂਲ, ਆਈ.ਟੀ. ਕਾਲਜ, ਹਸਪਤਾਲ ਅਤੇ ਗੋਕ ਕਈ ਸੰਸਥਾਵਾਂ ਸਥਾਪਤ ਕੀਤੀਆਂ ਜਿਨ੍ਹਾਂ ਨੂੰ ਸੰਭਾਲਣ ਤੇ ਅੱਗੇ ਤੋਰਨ ਦੀ ਲੋੜ ਹੈ। ਸਾਰੇ ਪ੍ਰੇਮੀਆਂ ਦੀ ਸੇਵਾ ਰਾਹੀਂ ਇਹ ਸੰਭਵ ਹੈ। ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੇ ਸਪੁੱਤਰ ਸ. ਮਨਜੀਤ ਸਿੰਘ, ਅਮਰੀਕਾ ਵਾਸੀ, ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਮਹਾਂਪੁਰਸ਼ਾਂ ਨੇ ਸਾਨੂੰ ਇਹੋ ਦਸਿਆ ਹੈ ਕਿ ਸੰਸਾਰ ਵਿਚ ਪਿਆਰ ਵਿਚ ਕਿਵੇਂ ਰਹਿਣਾ ਹੈ। ਪਿਆਰ ਕੀ ਵਸਤੂ ਹੈ, ਅਤੇ ਇਸ ਨੂੰ ਕਿਵੇਂ ਮਾਣਿਆ ਜਾ ਸਕਦਾ ਹੈ? ਇਸ ਦੀ ਵਿਆਖਿਆ ਕਰਦਿਆਂ ਦਸਿਆ ਕਿ ਪਿਆਰ ਇਕ ਮਨ ਦੀ ਦਿਸ਼ਾ ਹੈ, ਇਕ ਅਹਿਸਾਸ ਹੈ ਜੋ ਤਰਕ ਦੀ ਸੀਮਾ ਤੋਂ ਬਾਹਰ ਦੀ ਵਸਤੂ ਹੈ। ਮਨ ਵਿਚ ਜਦੋਂ ਖਿਮਾ ਆ ਵਸਦੀ ਹੈ ਤਾਂ ਪਿਆਰ ਦੀ ਭਾਵਨਾ ਪਨਪਦੀ ਹੈ। ਆਪ ਜੀ ਨੇ ਦਸਿਆ ਕਿ ਰਤਵਾੜਾ ਸਾਹਿਬ ਵਿਚ ਚਲ ਰਹੇ ਸਕੂਲ ਅਤੇ ਆਈ.ਟੀ. ਕਾਲਜ ਦਾ ਪੱਧਰ ਇਨਟਰਨੈਸ਼ਨਲ ਕਰ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਨੂੰ ਅਮਰੀਕਾ ਦੇ ਸਕੂਲਾਂ ਤੇ ਯੂਨੀਵਰਸਿਟੀਆਂ ਨਾਲ ਸੰਬੰਧਿਤ ਕੀਤਾ

ਜਾਵੇਗਾ ਤੇ ਆਨ ਪਰਦਾਨ ਵਿਚ ਇਥੋਂ ਦੇ ਬੱਚੇ ਬਾਹਰ ਪੜ੍ਹਨ ਲਈ ਆਰਾਮ ਨਾਲ ਜਾ ਸਕਣਗੇ। ਪੰਜਾਬ ਦੇ ਕੈਬਨਿਟ ਮੰਤਰੀ ਸ. ਜਗਮੋਹਨ ਸਿੰਘ ਕੰਗ ਨੇ ਪੰਜਾਬ ਸਰਕਾਰ ਵਲੋਂ ਤੇ ਆਪਣੇ ਵਲੋਂ ਮਹਾਂਪੁਰਸ਼ਾਂ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕੀਤੀ।

ਇਸ ਸਮਾਗਮ ਵਿਚ ਹਰ ਸਾਲ ਵਾਂਗ ਅਮਰੀਕਾ ਅਤੇ ਕੈਨੇਡਾ ਤੋਂ ਅਨੇਕ ਪ੍ਰੇਮੀ ਆਏ ਹੋਏ ਸਨ। ਉਨ੍ਹਾਂ ਦੀ ਪ੍ਰਤੀਨਿਧਤਾ ਕਰਦੇ ਸ. ਸਤਿਨਾਮ ਸਿੰਘ ਕੈਲੇਫੋਰਨੀਆਂ ਨੇ ਦੱਸਿਆ ਕਿ ਪਿਆਰ ਫੁੱਲ ਦੀ ਸੁਗੰਧੀ ਨਿਆਈ ਹੈ ਅਤੇ ਸਾਰੇ ਸੰਸਾਰ ਵਿਚ ਇਸ ਤਰ੍ਹਾਂ ਫੈਲਿਆ ਹੋਇਆ ਹੈ ਜਿਵੇਂ ਦੁੱਧ ਵਿਚ ਘਿਉ, ਬਨਸਪਤੀ ਵਿਚ ਅੱਗ ਜਿਸਨੂੰ ਵਿਧੀ ਨਾਲ ਪ੍ਰਗਟ ਕੀਤਾ ਜਾਂਦਾ ਹੈ। ਮਹਾਂਪੁਰਸ਼ਾਂ ਨੇ ਉਹ ਵਿਧੀਆਂ ਦੱਸੀਆਂ ਜਿਸ ਨਾਲ ਸਾਰੀ ਮਨੁੱਖਤਾ ਪਿਆਰ ਕਲਾਵੇ ਵਿਚ ਆ ਜਾਂਦੀ ਹੈ। ਐਨ. ਆਰ. ਆਈ. ਪ੍ਰੇਮੀਆਂ ਵਲੋਂ 'ਆਤਮ ਮਾਰਗ' ਦੀ ਮੈਂਬਰਸ਼ਿਪ ਅੱਧੇ ਮੁੱਲ ਤੇ ਦੇਣ ਦੀ ਪੇਸ਼ਕਸ਼ ਕੀਤੀ ਗਈ।

ਨਿਰਮਲੇ ਸੰਤ ਬੀਬੀ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਅੱਜ ਚੌਥੇ ਦਿਨ ਵੀ ਸੰਗਤਾਂ ਨੂੰ ਆਪਣੇ ਪ੍ਰਵਚਨ ਸੁਣਾਏ ਅਤੇ ਦੱਸਿਆ ਕਿ ਗੁਰਮਤਿ ਗਿਆਨ ਤੇ ਭਗਤੀ ਦਾ ਸੁਮੇਲ ਹੈ। ਜਦੋਂ 'ਗਿਆਨ ਮਹਾਂਰਸ ਨੇਤ੍ਰੀ ਅੰਜਨ' ਮਿਲਦਾ ਹੈ ਤਾਂ ਦੁਬਿਧਾ ਦੂਰ ਹੁੰਦੀ ਹੈ ਤੇ ਭਗਤੀ ਵਿਚ ਮਨ ਖਿੜਦਾ ਹੈ, ਮਹਾਂਪੁਰਸ਼ ਰੰਗ-ਰਤੜੀ ਰੂਹ ਸਨ ਜਿਨ੍ਹਾਂ ਨੇ ਲੱਖਾਂ ਪ੍ਰਾਣੀਆਂ ਨੂੰ ਜੀਵਨ-ਚਿਣਗ ਬਖਸ਼ੀ।

ਅੱਜ ਦੇ ਦੀਵਾਨ ਵਿਚ ਦੂਰ ਨੇੜੇ ਤੋਂ ਆਏ ਅਨੇਕਾਂ ਮਹਾਂਪੁਰਸ਼ਾਂ ਨੇ ਸੰਗਤਾਂ ਦੇ ਦਰਸ਼ਨ ਕੀਤੇ ਤੇ ਪ੍ਰਵਚਨਾਂ ਰਾਹੀਂ ਸੰਗਤਾਂ ਦੀ ਸੇਵਾ ਕੀਤੀ। ਇਨ੍ਹਾਂ ਵਿਚ ਵਿਸ਼ੇਸ਼ ਸਨ ਸੰਤ ਬਾਬਾ ਨਛੱਤਰ ਸਿੰਘ ਕੰਬਲੀ ਵਾਲੇ ਪਟਿਆਲਾ, ਸੰਤ ਬਾਬਾ ਦੇਸਾ ਸਿੰਘ ਰਾੜਾ ਸਾਹਿਬ, ਸੰਤ ਸ਼ਮਸ਼ੇਰ ਸਿੰਘ ਭੜੌਂਜੀਆਂ, ਸੰਤ ਬਲਜੀਤ ਸਿੰਘ ਦਾਦੂ ਵਾਲੇ, ਸੰਤ ਅਵਤਾਰ ਸਿੰਘ ਧੂਲਕੋਟ, ਭਾਈ ਸਾਹਿਬ ਗੁਰਦੀਪ ਸਿੰਘ ਯੂ.ਪੀ., ਭਾਈ ਸੇਵਾ ਸਿੰਘ ਫਗਵਾੜਾ, ਨਿਹੰਗ ਸਿੰਘ ਜੀ, ਭਾਈ ਕੁਲਦੀਪ ਸਿੰਘ, ਭਾਈ ਜਸਬੀਰ ਸਿੰਘ, ਭਾਈ ਗੁਰਨਾਮ ਸਿੰਘ ਜੀ, ਭਾਈ ਰਘਬੀਰ ਸਿੰਘ ਜੀ, ਭਾਈ ਗੁਰਜੀਤ ਸਿੰਘ ਜੀ, ਭਾਈ ਹਰਜਿੰਦਰ ਸਿੰਘ, ਸ. ਬਲਦੇਵ ਸਿੰਘ ਕੰਗ, ਸਭਨਾਂ ਮਹਾਂਪੁਰਸ਼ਾਂ ਨੇ ਮਹਾਂਪੁਰਸ਼ਾਂ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕੀਤੀ। ਨੌਜਵਾਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਨੌਜਵਾਨਾਂ ਨੂੰ ਪਤਿਤਪੁਣੇ ਤੋਂ ਅਤੇ ਨਸ਼ਿਆਂ ਤੋਂ ਬਚਾਉਣ ਦੀ ਵੱਡੀ ਲੋੜ ਹੈ। ਮਹਾਂਪੁਰਸ਼ਾਂ ਦੇ ਸੰਚਾਲਤ ਕੀਤੇ ਸਕੂਲ, ਭਾਈ ਸਾਹਿਬ ਦਯਾ ਸਿੰਘ ਮਾਡਲ ਸਕੂਲ, ਬਨੂੜ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਬੱਚਿਆਂ ਨੇ ਸ਼ਬਦ-ਕੀਰਤਨ ਕੀਤੇ ਅਤੇ ਸਪੀਚਾਂ ਕੀਤੀਆਂ। ਜੌਲੀ ਗਾਂਟ (ਡੇਹਰਾਦੂਨ) ਤੋਂ ਸੇਵਾ ਲਈ ਆਈ ਮੈਡੀਕਲ ਟੀਮ ਨੂੰ

ਸਨਮਾਨਤ ਕੀਤਾ ਗਿਆ। ਸਟੇਜ ਦੀ ਸੇਵਾ ਗਿਆਨੀ ਕਾਬਲ ਸਿੰਘ ਵੈਦ ਨੇ ਸੁਚੱਜਤਾ ਨਾਲ ਨਿਭਾਈ। ਸੰਗਤਾਂ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਸੁਚੱਜੇ ਪ੍ਰਬੰਧ ਕੀਤੇ ਗਏ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੀ ਪ੍ਰਦਰਸ਼ਨੀ ਅੱਜ ਵਿਸ਼ੇਸ਼ ਖਿੱਚ ਦਾ ਕਾਰਨ ਬਣੀ, ਸੰਗਤਾਂ ਨੇ ਬੜੇ ਪਿਆਰ ਤੇ ਧਿਆਨ ਨਾਲ 500 ਤੋਂ ਵੱਧ ਸਜਾਏ ਗਏ ਮਾਡਲਾਂ ਨੂੰ ਨਿਹਾਰਿਆ। ਇਨ੍ਹਾਂ ਮਾਡਲਾਂ ਵਿਚ ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਿਆਂ ਦੀਆਂ ਜੀਵਨ ਝਾਕੀਆਂ ਬੜੇ ਸੁਚੱਜੇ ਢੰਗ ਨਾਲ ਸਜਾਈਆਂ ਗਈਆਂ ਸਨ। ਬਹੁਤ ਸਾਰੇ ਮਾਡਲਾਂ ਵਿਚ ਸੰਤ ਵਰਿਆਮ ਸਿੰਘ ਜੀ ਦੀ ਜੀਵਨੀ ਅਤੇ ਪਰਉਪਕਾਰੀ ਕਾਰਜਾਂ ਨੂੰ ਦਰਸਾਇਆ ਗਿਆ ਸੀ। ਇਨ੍ਹਾਂ ਮਾਡਲਾਂ ਵਿਚ ਗੁਜਰਾਤ ਵਿਚ ਆਏ ਭੁਚਾਲ ਅਤੇ ਪੰਜਾਬ ਵਿਚ ਆਏ ਹੜ੍ਹਾਂ ਦੀ ਤਰਾਸਦੀ ਸਮੇਂ ਮਹਾਂਪੁਰਸ਼ਾਂ ਵਲੋਂ ਵੱਡੀ ਪੱਧਰ ਤੇ ਕੀਤੀ ਸੇਵਾ ਨੂੰ ਜੀਵੰਤ-ਰੂਪ ਵਿਚ ਪੇਸ਼ ਕੀਤਾ ਗਿਆ ਸੀ। ਬਾਕੀ ਮਾਡਲਾਂ ਵਿਚ ਸਮਾਜਿਕ ਵਿਗਿਆਨ, ਸਾਇੰਸ, ਗਣਿਤ, ਕੰਪਿਊਟਰ, ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਪ੍ਰੀ-ਪ੍ਰਾਇਮਰੀ, ਆਰਟ ਅਤੇ ਕਰਾਫਟ ਦੇ ਮਾਡਲ ਆਕਰਸ਼ਣ ਦਾ ਮਾਡਲ ਕਾਰਣ ਬਣੇ ਰਹੇ। ਹਰ ਮਾਡਲ ਨੂੰ ਹੋਣਹਾਰ ਬੱਚੇ ਬੜੀ ਸੁਚੱਜਤਾ ਤੇ ਵਿਦਵਤਾ ਭਰੇ ਸ਼ਬਦਾਂ ਰਾਹੀਂ ਸਮਝਾ ਰਹੇ ਸਨ। 'ਆਤਮ ਮਾਰਗ' ਅਤੇ ਮਹਾਂਪੁਰਸ਼ਾਂ ਦੀਆਂ ਪੁਸਤਕਾਂ ਦੇ ਸਟਾਲ ਤੇ ਸਾਰਾ ਦਿਨ ਪ੍ਰੇਮੀਆਂ ਦੀ ਭੀੜ ਰਹੀ ਤੇ ਹਜ਼ਾਰਾਂ ਪ੍ਰੇਮੀ ਪੱਤਰ ਤੇ ਪੁਸਤਕਾਂ ਲੈ ਕੇ ਗਏ। ਅੱਜ ਦੇ ਅੰਮ੍ਰਿਤ ਸੰਚਾਰ ਵਿਚ 500 ਤੋਂ ਵੱਧ ਪ੍ਰੇਮੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣੇ। ਗੁਰੂ ਕੇ ਲੰਗਰ ਅਤੁੱਟ ਵਰਤੇ। ਪ੍ਰੋਗਰਾਮ ਦੀ ਸਮਾਪਤੀ ਤੇ ਸੰਗਤਾਂ ਬੀਜੀ, ਮਾਤਾ ਰਣਜੀਤ ਕੌਰ ਜੀ (ਸੁਪਤਨੀ ਸੰਤ ਵਰਿਆਮ ਸਿੰਘ ਜੀ) ਦੇ ਦਰਸ਼ਨ ਕਰਕੇ ਉਨ੍ਹਾਂ ਤੋਂ ਅਸੀਸਾਂ ਲੈ ਕੇ ਵਾਹਿਗੁਰੂ ਜਾਪ ਕਰਦੀਆਂ ਘਰਾਂ ਨੂੰ ਪਰਤੀਆਂ।

ਮਿਤੀ 2 ਨਵੰਬਰ 2003 ਐਤਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਏ ਜਿਸ ਵਿਚ ਅਨੇਕਾਂ ਸੰਤ ਮਹਾਤਮਾ ਅਤੇ ਕੀਰਤਨੀ ਜਥਿਆਂ ਨੇ ਮਨੋਹਰ ਕੀਰਤਨ ਕੀਤੇ। ਮਿਤੀ 3 ਨਵੰਬਰ 2003 ਸੋਮਵਾਰ ਸਵੇਰੇ ਮਿਤੀ 1 ਨਵੰਬਰ 2003 ਨੂੰ ਰੱਖੇ ਗਏ 51 ਅਖੰਡਪਾਠਾਂ ਦੇ ਭੋਗ ਪਾਏ ਗਏ। ਸਜੇ ਹੋਏ ਦੀਵਾਨ ਹਾਲ ਵਿਚ ਸੋਹਣੇ ਸਵੱਛ ਵਸਤਰਾਂ ਵਿਚ ਪਾਠੀ ਸਿੰਘਾਂ ਨੇ ਮਧੁਰ ਧੁਨੀਆਂ ਵਿਚ ਨੌਵੇਂ ਮਹਲੇ ਤੇ ਸ਼ਲੋਕ ਤੇ ਰਾਗ ਮਾਲਾ ਦੇ ਪਾਠ ਉਚਾਰਨ ਕੀਤੇ, ਸਮੂਹ ਸੰਗਤਾਂ ਨੇ ਅਰਦਾਸ ਵਿਚ ਸ਼ਾਮਲ ਹੋ ਕੇ ਮਹਾਂਪੁਰਸ਼ਾਂ ਪ੍ਰਤੀ ਆਪਣੀਆਂ ਪਿਆਰ ਭਾਵਨਾਵਾਂ ਪ੍ਰਗਟ ਕੀਤੀਆਂ। ਇਸ ਤਰ੍ਹਾਂ ਪਿਆਰ ਅਤੇ ਸ਼ਰਧਾ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਨਾਲ ਗੁਰਮਤਿ ਸਮਾਗਮ ਸੰਪੰਨ ਹੋਏ।

ਚਉਥੈ ਪਹਰਿ ਸਬਾਹ ਕੈ

ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਹੁਕਮਨਾਮਾ

ਸੋਰਠਿ ਮਹਲਾ ੫॥

ਗੁਰਿ ਪੂਰੈ ਕਿਰਪਾ ਧਾਰੀ॥
ਪ੍ਰਭਿ ਪੂਰੀ ਲੋਚ ਹਮਾਰੀ॥
ਕਰਿ ਇਸਨਾਨੁ ਗ੍ਰਿਹਿ ਆਏ॥
ਅਨਦ ਮੰਗਲ ਸੁਖ ਪਾਏ॥੧॥
ਸੰਤਹੁ ਰਾਮ ਨਾਮਿ ਨਿਸਤਰੀਐ॥
ਊਠਤ ਬੈਠਤ ਹਰਿ ਹਰਿ ਧਿਆਈਐ
ਅਨਦਿਨੁ ਸੁਕ੍ਰਿਤੁ ਕਰੀਐ॥੧॥ਰਹਾਉ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ॥੪॥੩॥੫੩॥

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਅੰਮ੍ਰਿਤ ਵੇਲਾ ਜਿਸ ਨੂੰ ਬ੍ਰਹਮ ਮਹੂਰਤ ਵੀ ਕਿਹਾ ਜਾਂਦਾ ਹੈ। ਐਸਾ ਵਿਸ਼ਵਾਸ ਹੈ, ਨਿਹਚੇ ਪੂਰਬਕ ਮੱਤ ਹੈ ਕਿ ਜੋ ਅੰਮ੍ਰਿਤ ਵੇਲੇ ਬੀਜਿਆ ਜਾਵੇ ਉਹ ਬਹੁਤ ਫਲਿਆ ਤੇ ਫੁੱਲਿਆ ਕਰਦਾ ਹੈ ਕਿਉਂਕਿ ਸਮੇਂ ਦੀ ਬਾਤ ਹੁੰਦੀ ਹੈ। ਸੋ ਆਪ ਸਾਰੇ ਆਲਸ ਨੂੰ ਤਿਆਗ ਕੇ ਅਕਾਲ ਪੁਰਖ ਦੀ ਮਿਹਰ ਦੇ ਸਦਕੇ ਕੀਰਤਨ ਦੇ ਵਿਚ ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਬੈਠੇ ਹੋਏ ਸੀ ਜਿਸ ਦਾ ਮਹਾਨ ਫਲ ਹੋਇਆ ਕਰਦਾ ਹੈ। ਮਹਾਰਾਜ ਤਾਂ ਇਥੋਂ ਤੱਕ ਫੁਰਮਾਉਂਦੇ ਨੇ ਕਿ –

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥
ਪੰਨਾ – 546

ਇਕ ਦੋ ਜੱਗਾਂ ਦਾ ਨਹੀਂ ਕਈ ਕਰੋੜ ਜੱਗਾਂ ਦਾ ਫਲ। ਜੇ ਜ਼ਿੰਦਗੀ ਦੇ ਅੰਦਰ ਇਕ ਬੰਦਾ ਪੈਦਾ ਹੋਣ ਤੋਂ ਲੈ ਕੇ ਚੜ੍ਹਾਈ ਕਰਨ (ਮਰਨ) ਤੱਕ ਹਰ ਰੋਜ਼ ਜੱਗ ਕਰੇ, ਕੋਈ ਦਿਨ ਵੀ ਖਾਲੀ ਨਾ ਜਾਣ ਦੇਵੇ ਤਾਂ 36,500 ਜੱਗ 100 ਸਾਲ ਦੀ ਉਮਰ ਵਿਚ ਹੋਇਆ ਕਰਦੇ ਨੇ ਤਾਂ ਵੀ ਕੁਝ ਨਾ ਬਣਿਆ ਕਿਉਂਕਿ ਮਹਾਰਾਜ ਕਹਿੰਦੇ ਕਿ ਇਹ ਤਾਂ ਹਰੀ ਦਾ ਜਸ ਸ੍ਰਵਣ ਕਰਨਾ, ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਉਸ ਨੂੰ ਹਿਰਦੇ ਵਿਚ ਵਸਾਉਣਾ ਫੇਰ ਉਸ ਦੇ ਮੁਤਾਬਕ ਆਪਣਾ ਜੀਵਨ ਢਾਲਣਾ ਇਹ ਕਰੋੜਾਂ ਜੱਗਾਂ ਦੇ ਪੁੰਨਾਂ ਦੇ ਫਲ ਕਰਕੇ ਹੋਇਆ ਕਰਦਾ ਹੈ।

ਸੋ ਆਪ ਸਾਰੇ ਹਰੀ ਦਾ ਜਸ ਕਰ ਰਹੇ ਸੀ। ਸੋ ਗੁਰੂ ਮਹਾਰਾਜ ਜੀ ਨੇ ਜੋ ਫੁਰਮਾਨ ਕੀਤਾ ਹੈ ਕਿ –

ਗੁਰਿ ਪੂਰੈ ਕਿਰਪਾ ਧਾਰੀ॥
ਪ੍ਰਭਿ ਪੂਰੀ ਲੋਚ ਹਮਾਰੀ॥ ਪੰਨਾ – 621

ਜਦੋਂ ਕੋਈ ਪਹਿਲਾਂ ਆਪਣੇ ਆਪ ਨੂੰ ਹੱਕਦਾਰ ਬਣਾਉਂਦਾ ਹੈ, ਉਸ ਦਾ ਪਾਤਰ ਬਣਦਾ ਹੈ ਤਾਂ ਗੁਰੂ ਦਇਆ ਦੇ ਘਰ ਵਿਚ ਆ ਕੇ ਕਿਰਪਾ ਕਰਦਾ ਹੈ। ਕਿਰਪਾ ਕਰਨ ਦੇ ਨਾਲ ਜੋ ਲੋਚਾ ਹੈ, ਜੋ ਗੁਰੂ ਤੋਂ ਕਿਰਪਾ ਕਰਾਉਣੀਆਂ ਚਾਹੁੰਦਾ ਹੈ ਉਸ ਦੀਆਂ ਲੋਚਾਂ ਵੀ ਉੱਚੀਆਂ ਹੁੰਦੀਆਂ ਹਨ। ਉਸ ਦੀ ਵਾਸ਼ਨਾ ਦੁਨੀਆਦਾਰੀ ਦੀ ਨਹੀਂ ਹੁੰਦੀ, ਉਸ ਦੀ ਵਾਸ਼ਨਾ ਮਿਲਾਪ ਦੀ ਹੋਇਆ ਕਰਦੀ ਹੈ, ਉੱਚਾ ਜਾਣ ਦੀ ਹੋਇਆ ਕਰਦੀ ਹੈ। ਕਿਉਂਕਿ ਦੁਨੀਆਂ ਦੀਆਂ ਜੋ ਵਾਸ਼ਨਾਵਾਂ ਨੇ ਇਹ ਆਦਮੀ ਨੂੰ ਬਾਰ ਬਾਰ ਜੰਮਣ-ਮਰਣ ਦੇ ਚੱਕਰ ਵਿਚ ਰੱਖਦੀਆਂ ਹਨ, ਵੱਡੀ ਤੋਂ ਵੱਡੀ ਪ੍ਰਾਪਤੀ ਹੋ ਜਾਏ, ਸਾਰੀ ਸ੍ਰਿਸ਼ਟੀ ਦਾ ਰਾਜ ਮਿਲ ਜਾਏ, ਸਾਰੀ ਦੁਨੀਆਂ ਜਾਨਣ ਲੱਗ ਜਾਏ ਉਸਨੂੰ। ਜਿਥੇ ਵੀ ਜਾਵੇ ਹਜ਼ਾਰਾਂ ਹੀ ਬੰਦੇ ਉਸ ਦੇ ਆਦਰ ਸਤਿਕਾਰ ਵਾਸਤੇ ਖੜ੍ਹੇ ਹੋਣ, ਉਮਰ ਵੀ ਉਸ ਦੀ ਬਹੁਤ ਵੱਡੀ ਹੋਵੇ। ਮਹਾਰਾਜ ਕਹਿੰਦੇ ਇਹ ਸਾਰੀਆਂ ਚੀਜ਼ਾਂ ਜੇ ਪ੍ਰਾਪਤ ਵੀ ਹੋ ਜਾਣ ਤਾਂ ਜੇ ਪ੍ਰਮੇਸ਼ਰ ਦੀ ਨਿਗ੍ਹਾ ਨਾ ਉਸ ਦੇ ਉਤੇ ਹੋਵੇ ਉਹ ਕਹਿੰਦੇ ਕੁਝ ਵੀ ਨਹੀਂ ਹੋਇਆ ਕਰਦਾ –

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਪੰਨਾ – 2

ਸੋ ਨਿਗ੍ਹਾ ਕਰਾਉਣੀ, 'ਨਦਰਿ' ਦੇ ਵਿਚ ਆਉਣਾ, ਇਸ ਦੇ ਵਾਸਤੇ ਅੰਮ੍ਰਿਤ ਵੇਲੇ ਜਾਗ ਕੇ ਜੋ ਤਰਲਾ ਲੈਂਦੇ ਨੇ, ਜਿਨ੍ਹਾਂ ਦੇ ਸੀਨੇ ਦੇ ਵਿਚ ਖਿੱਚ ਪਈ ਹੋਈ ਹੈ –

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।
ਡਾ. ਭਾਈ ਵੀਰ ਸਿੰਘ ਜੀ

ਜਿਨ੍ਹਾਂ ਦਾ ਨੇਹੁ ਲੱਗ ਗਿਆ, ਪਿਆਰ ਲੱਗ

ਗਿਆ, ਖਿੱਚ ਪੈਂਦੀ ਹੈ। ਖਿੱਚ ਦੇ ਨਾਲ ਉਨ੍ਹਾਂ ਦੇ ਅੰਦਰ ਜੀਵਨ ਰੌਂ ਰੁਮਕਦੀ ਹੈ। ਜੇ ਅਸੀਂ ਕਹੀਏ ਕਿ ਅਸੀਂ ਵੀ ਜੀਉਂਦੇ ਹਾਂ, ਉਹ ਕੋਈ ਰੌਂ ਹੋਰ ਹੈ। ਅਸੀਂ ਜੋ ਜੀਵਨ ਜੀਉਂਦੇ ਹਾਂ ਇਹ ਰਸਾਇਣਿਕ ਜੀਵਨ ਹੈ। ਰੋਟੀ ਖਾਂਦੇ ਹਾਂ, ਪਾਣੀ ਪੀਂਦੇ ਹਾਂ, ਹੋਰ ਚੀਜ਼ਾਂ ਵਿਟਾਮਿਨ ਆਦਿ ਪੂਰੇ ਰੱਖਦੇ ਹਾਂ ਨਿਉਟ੍ਰੇਂਟ ਸਰੀਰ ਦੇ ਠੀਕ ਰਹਿੰਦੇ ਨੇ ਤਾਂ ਸਾਡਾ ਜੀਵਨ ਚਲਦਾ ਹੈ। ਇਨ੍ਹਾਂ ਵਿਚ ਥੋੜ੍ਹਾ ਜਿਹਾ ਵੀ ਵਿਘਨ ਪੈ ਜਾਵੇ ਤਾਂ ਉਸ ਵੇਲੇ ਜੀਵਨ ਦਾ ਸਵਾਦ ਮਾਰਿਆ ਜਾਂਦਾ ਹੈ। ਇਹ ਜੋ ਜੀਵਨ ਹੈ ਇਹ ਰਸਾਇਣਿਕ ਜੀਵਨ ਹੈ, ਇਸ ਦੀ ਜਿਹੜੀ ਸੁਰਤ ਹੈ ਇਸ ਦੇ ਦਿਮਾਗ ਦੇ ਅੰਦਰ ਜਿਹੜੀ ਚੇਤੰਨਤਾ ਹੈ ਉਹ ਜਲ ਪਾਣੀ ਦੇ ਹਿਸਾਬ ਨਾਲ ਹੈ, ਸੰਗਤ ਦੇ ਮਿਲਣ ਨਾਲ ਜਿਹੋ ਜਿਹੇ ਥਾਂ ਰਹਿੰਦਾ ਹੈ, ਜਿਸ ਤਰ੍ਹਾਂ ਦਾ ਵਾਤਾਵਰਨ ਹੁੰਦਾ ਹੈ, ਉਹੋ ਜਿਹੇ ਉਸ ਦੇ ਖਿਆਲ ਬਣਦੇ ਤੁਰੇ ਜਾਂਦੇ ਨੇ ਤੇ ਉਸ ਦੇ ਮੁਤਾਬਕ ਹੀ ਇਸ ਦੀ ਸੁਰਤ ਹੋਇਆ ਕਰਦੀ ਹੈ। ਜਿਹੋ ਜਿਹੀ ਸੁਰਤ ਹੁੰਦੀ ਹੈ ਉਹੋ ਜਿਹਾ ਹੀ ਰਾਹ ਮਿਲਦਾ ਹੈ।

ਜੇਹੀ ਸੁਰਤਿ ਤੇਹਾ ਤਿਨ ਰਾਹੁ॥ ***ਪੰਨਾ - 25***

ਉਹ ਜੀਵਨ ਹੋਰ ਹੈ ਜਿਸ ਦਾ ਜ਼ਿਕਰ ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਆਉਂਦਾ ਹੈ। ਉਸ ਜੀਵਨ ਦਾ ਅਨੰਦ ਹੋਰ ਹੈ, ਉਸ ਦੀ ਸੋਚ ਹੋਰ ਹੈ, ਉਸ ਦੇ ਅੰਦਰ ਚੜ੍ਹਦੀ ਕਲਾ ਹੈ, ਸਰਬੱਤ ਦਾ ਭਲਾ ਹੈ ਉਸ ਜੀਵਨ ਦੇ ਅੰਦਰ। ਮੂੰਹ ਨਾਲ ਆਖ ਕੇ ਨਹੀਂ ਸਰਬੱਤ ਦਾ ਭਲਾ ਹੁੰਦਾ। ਅਸੀਂ ਰੋਜ਼ ਕਹਿੰਦੇ ਹਾਂ -

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਉਹ ਕੇਵਲ ਅੱਖਰ ਨੇ, ਇਨ੍ਹਾਂ ਵਿਚ ਉਹ ਭਾਵ ਨਹੀਂ ਪੈਦਾ ਹੁੰਦਾ ਜਿਸ ਦੇ ਨਾਲ ਸਰਬਤ ਦੇ ਭਲੇ ਦਾ ਪਤਾ ਲੱਗ ਜਾਵੇ। ਉਸ ਜੀਵਨ ਦੇ ਅੰਦਰ ਪਤਾ ਹੈ ਜਿਸ ਨੂੰ ਮਹਾਰਾਜ ਕਹਿੰਦੇ ਨੇ ਕਿ ਜੀਵਨ ਪ੍ਰਾਪਤ ਹੋਇਆ। ਸੋ ਉਹ ਜੀਵਨ ਨਦਰ ਹੇਠ ਹੋਇਆ ਕਰਦਾ ਹੈ। ਉਸ ਵੇਲੇ ਉਸ ਜੀਵਨ ਦੇ ਅੰਦਰ ਜੋ ਲੋਚਾ ਹੁੰਦੀ ਹੈ ਉਹ ਸੰਸਾਰ ਦੀ ਨਹੀਂ ਹੁੰਦੀ, ਉਸ ਦੇ ਅੰਦਰ ਲੋਚਾ ਮਿਲਾਪ ਦੀ ਹੋਇਆ ਕਰਦੀ ਹੈ। ਅਰਬਾਂ-ਖਰਬਾਂ ਸਾਲਾਂ ਤੋਂ ਸਾਡਾ ਜੀਵ ਆਤਮਾ ਭਟਕਦਾ ਫਿਰਦਾ ਹੈ। ਇਕ ਸਰੀਰ ਛੱਡ ਦਿੰਦਾ ਹੈ ਦੂਸਰਾ ਧਾਰਨ ਕਰ ਲੈਂਦਾ ਹੈ, ਦੂਸਰਾ ਛਡ ਦਿੰਦਾ ਹੈ ਤੀਸਰਾ ਧਾਰਨ ਕਰ ਲੈਂਦਾ ਹੈ। ਜਦੋਂ ਤੱਕ ਜੜ੍ਹ ਦੇਹ ਹੈ ਓਨੀ ਦੇਰ ਤੱਕ ਦੁਖ ਆਦਮੀ ਦੇ ਨਾਲ ਚਿੰਬੜਿਆ ਹੋਇਆ ਹੈ। ਦੁੱਖਾਂ ਤੋਂ ਬਰੀ ਨਹੀਂ ਹੋ ਸਕਦਾ। ਮਹਾਤਮਾ ਬੁੱਧ ਨੇ ਬੜਾ ਯਤਨ ਕੀਤਾ ਇਸ ਗੱਲ ਦਾ। ਜਦੋਂ ਉਨ੍ਹਾਂ ਨੇ ਨਿਰਣੇ ਦੇ ਨਾਲ ਇਹ ਦੇਖਿਆ ਕਿ ਜਗਤ ਜੋ ਹੈ ਇਹ ਦੁੱਖਾਂ ਦਾ ਘਰ ਹੈ। ਇਕ ਸੁਖ ਦੀ ਪ੍ਰਾਪਤੀ ਹੋਣ ਤੋਂ ਬਾਅਦ ਦੁੱਖਾਂ ਦਾ ਖਾਤਮਾ ਨਹੀਂ ਹੁੰਦਾ ਦੁਖ ਹੋਰ ਅੱਗੇ ਚਲ ਪੈਂਦੇ ਨੇ। ਕੀ ਕੋਈ ਐਸੀ ਅਵਸਥਾ ਵੀ ਹੈ ਜਿਸ ਥਾਂ ਤੇ ਪਹੁੰਚ ਕੇ ਦੁਖ ਦਾ ਨਾਮ ਨਿਸ਼ਾਨ ਹੀ ਖਤਮ ਹੋ ਜਾਵੇ, ਪਰੀਭਾਸ਼ਾ ਹੀ ਖਤਮ ਹੋ ਜਾਵੇ? ਉਸ ਦੇ ਵਾਸਤੇ ਉਨ੍ਹਾਂ ਨੇ ਬੜੇ ਜਫਰ ਜਾਲੇ, ਬੜੀ ਮਿਹਨਤ ਕੀਤੀ। ਅਖੀਰ ਕੁਝ ਅਸੂਲ ਉਨ੍ਹਾਂ ਦੇ ਸਾਹਮਣੇ ਆਏ ਕਿ ਜੇ ਇਸ ਤਰ੍ਹਾਂ ਜੀਵਨ ਜੀਵਿਆ ਜਾਵੇ ਤਾਂ ਦੁੱਖਾਂ ਦਾ ਖਾਤਮਾ ਹੋ ਸਕਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਵੀ ਏਹੀ ਬਚਨ ਕਹੇ ਨੇ ਕਿ ਜੋ ਪ੍ਰਕਿਰਤੀ ਦੀਆਂ ਪ੍ਰਾਪਤੀਆਂ ਨੇ, ਭਬੂਤੀਆਂ ਨੇ, ਸੰਸਾਰ ਦੀਆਂ ਪ੍ਰਾਪਤੀਆਂ ਨੇ ਉਨ੍ਹਾਂ ਨਾਲ ਦੁਖ ਦਾ ਖਾਤਮਾ ਨਹੀਂ ਹੋਇਆ ਕਰਦਾ। ਵੱਡਿਆਂ-ਵੱਡਿਆਂ ਦੀਆਂ ਮਿਸਾਲਾਂ ਮਹਾਰਾਜ ਨੇ ਉਸ ਦੇ ਵਿਚ ਦਿੱਤੀਆਂ ਨੇ ਕਿ ਜਦੋਂ ਤੱਕ ਸਰੀਰ ਹੈ, ਜਦੋਂ ਤੱਕ ਆਤਮਿਕ ਗਿਆਨ ਅੰਦਰ ਨਹੀਂ ਆਉਂਦਾ ਓਨੀ ਦੇਰ ਤੱਕ ਦੁਖ ਖਤਮ ਨਹੀਂ ਹੁੰਦਾ। ਸਭ ਤੋਂ ਜੋ ਵੱਡੀ ਪ੍ਰਾਪਤੀ ਹੈ ਉਸ ਨੂੰ ਅਸੀਂ ਇੰਦਰ ਕਹਿੰਦੇ ਹਾਂ। ਇੰਦਰ ਦੇ ਕੋਲ ਏਸ ਦੁਨੀਆਂ ਦੇ ਚੱਕਰਵਰਤੀ ਬਾਦਸ਼ਾਹਾਂ ਨਾਲੋਂ ਖਰਬ ਕਰੋੜ-ਕਰੋੜ ਖਰਬ ਜ਼ਿਆਦਾ ਸੁਖ ਹੈ ਲੇਕਿਨ ਉਸ ਦਾ ਮਨ ਭੁਜਦਾ ਰਹਿੰਦਾ ਹੈ, ਸ਼ਾਂਤੀ ਨਹੀਂ ਆਉਂਦੀ ਉਸ ਦੇ ਮਨ ਦੇ ਅੰਦਰ। ਸੋ ਸ਼ਾਂਤੀ ਦੇ ਵਾਸਤੇ ਮਹਾਂਪੁਰਸ਼ਾਂ ਤੋਂ ਪੁਛਦਾ ਹੈ। ਮਹਾਂਪੁਰਸ਼ਾਂ ਨੇ ਕਿਹਾ ਕਿ ਸ਼ਾਂਤੀ ਨਾਮ ਤੋਂ ਬਗੈਰ ਨਹੀਂ ਆਇਆ ਕਰਦੀ।

ਸੋ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਕਿ ਪ੍ਰਾਪਤੀਆਂ ਭਾਵੇਂ ਕਿੰਨੀਆਂ ਹੀ ਹੋਣ -

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥
ਪੰਨਾ - 707

ਘਰ ਹੀਰੇ ਤੇ ਜਵਾਹਰਾਤਾਂ ਨਾਲ ਝਿਲਮਿਲ-ਝਿਲਮਿਲ ਕਰਦਾ ਹੋਵੇ, ਸਜਿਆ ਹੋਵੇ। ਦਰਵਾਜਿਆਂ ਉਤੇ ਸੋਨੇ ਦੇ ਪੱਤਰੇ ਹੋਣ ਤੇ ਦੂਰ ਤੱਕ ਚੰਦਨ ਦੀਆਂ ਖੁਸ਼ਬੂਆਂ ਆਉਂਦੀਆਂ ਹੋਣ। ਮਹਾਰਾਜ ਕਹਿੰਦੇ -

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥
ਪੰਨਾ - 707

ਜੋ ਵੀ ਮਨ ਵਿਚ ਫੁਰਨਾ ਆ ਜਾਵੇ ਉਸ ਨੂੰ ਮਿਲ ਜਾਵੇ, ਕਿਸੇ ਚੀਜ਼ ਦੀ ਘਾਟ ਨਾ ਹੋਵੇ।

ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥
ਪੰਨਾ - 707

ਜੇ ਵਾਹਿਗੁਰੂ ਚਿਤ ਨਹੀਂ ਆਉਂਦਾ ਤਾਂ ਕਹਿੰਦੇ ਉਸ ਦੀ ਅਵਸਥਾ ਕੁਝ ਵੀ ਨਹੀਂ ਹੈ, ਇਕ ਕੀੜਾ ਹੈ ਗੰਦਗੀ ਦਾ।

ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥
ਪੰਨਾ - 707

ਨਾਮ ਤੋਂ ਬਗੈਰ ਸ਼ਾਂਤੀ ਪ੍ਰਾਪਤੀ ਨਹੀਂ ਹੁੰਦੀ। ਸੋ ਇਸ

ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਜਿਥੇ ਸੰਸਾਰ ਦੇ ਵੱਡਿਆਂ ਨੂੰ ਗਿਣਿਆ ਹੈ, ਇੰਦਰ ਨੂੰ ਗਿਣਿਆ ਹੈ, ਪਰਸਰਾਮ ਨੂੰ ਗਿਣਿਆ ਹੈ, ਵੱਡੇ ਵੱਡੇ ਰਾਜਿਆਂ ਨੂੰ, ਰਾਣਿਆਂ ਨੂੰ। ਉਸ ਦੇ ਵਿਚ ਆਪ ਨੇ ਅਖੀਰ ਦੇ ਵਿਚ ਫੁਰਮਾਇਆ ਹੈ ਕਿ-

ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥ ਪੰਨਾ - 954

ਕਿਸੇ ਨੂੰ ਕੋਈ ਦੁਖ ਹੈ, ਕਿਸੇ ਨੂੰ ਕੋਈ ਦੁਖ ਹੈ ਬਾਹਰਲੀ ਅਵਸਥਾ, ਕੱਪੜੇ ਲੀੜਿਆਂ ਦੇ ਨਾਲ, ਰਹਿਣੀ ਬਹਿਣੀ ਦੇ ਨਾਲ ਅਸੀਂ ਅਨੁਮਾਨ ਨਹੀਂ ਲਗਾ ਸਕਦੇ ਕਿ ਇਸ ਦੇ ਅੰਦਰ ਸੁਖ ਦੀ ਲਹਿਰ ਚਲਦੀ ਹੈ, ਕੋਈ ਐਸਾ ਜੀਵਨ ਇਸ ਨੂੰ ਪ੍ਰਾਪਤ ਹੋ ਗਿਆ ਜਿਸ ਦੇ ਵਿਚ ਸੁਖ ਹੀ ਸੁਖ ਹੈ -

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ....॥
ਪੰਨਾ - 1302

ਮਹਾਰਾਜ ਕਹਿੰਦੇ ਉਹ ਅਵਸਥਾ ਐਸੀ ਹੁੰਦੀ ਹੈ ਜਿਥੇ ਦੁਖ ਦਾ ਨਾਮ ਹੀ ਖਤਮ ਹੋ ਜਾਂਦਾ ਹੈ, ਸੁਖ ਹੀ ਹੋਇਆ ਕਰਦਾ ਹੈ। ਸੋ ਉਹ ਕੋਈ ਚੀਜ਼ ਹੋਇਆ ਨਹੀਂ ਕਰਦੀ ਕਿਉਂਕਿ ਕੋਈ ਚੀਜ਼ ਵੀ ਅਸਲੀ ਚੀਜ਼ ਨਹੀਂ, ਮਹਾਰਾਜ ਕਹਿੰਦੇ ਅਸਲ ਚੀਜ਼ ਹੈ, ਪ੍ਰਮੇਸ਼ਰ ਦਾ ਨਾਮ -

ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਜਾਇ॥ ਪੰਨਾ - 954

ਬਾਕੀ ਕਰਮ ਲੇਖੇ ਵਿਚ ਨਹੀਂ ਲਗਦੇ। ਸੋ ਇਸ ਕਰਕੇ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਉਠਦੇ ਬੈਠਦੇ ਪ੍ਰਮੇਸ਼ਰ ਦਾ ਧਿਆਨ ਰੱਖੋ, ਵਾਹਿਗੁਰੂ ਦੇ ਨਾਲ ਜੁੜੇ ਰਹੋ। ਉਹ ਵਾਹਿਗੁਰੂ ਜੋ ਹੈ ਸਤਿ-ਚਿਤ-ਅਨੰਦ-ਪ੍ਰਿਅ ਹੈ। ਉਸ ਦੇ ਅੰਦਰ ਚਾਰ ਵਡੀਆਂ ਰੌਆਂ ਨੇ। ਇਕ ਤਾਂ ਉਹ ਸਤਿ ਹੈ ਜਿਹੜਾ ਉਸ ਦੇ ਨਾਲ ਮਿਲੇਗਾ ਉਹ 'ਸਤਿ' ਹੋ ਜਾਏਗਾ। ਉਹ ਕਾਲ ਦੇ ਚੱਕਰ ਵਿਚ ਨਹੀਂ ਆਏਗਾ ਦੁਬਾਰਾ। ਦੂਸਰਾ ਉਹ ਪਰਮ ਚੇਤਨ ਹੈ, ਪੂਰਨ ਗਿਆਨਵਾਨ ਹੈ, ਉਹ ਅਵਸਥਾ ਪ੍ਰਾਪਤ ਹੋ ਜਾਏਗੀ। ਤੀਸਰਾ ਉਸ ਦੇ ਵਿਚ ਵਿਸਮਾਦ ਹੈ, ਪੂਰਨ ਅਨੰਦ ਹੈ। ਇਕ ਖੁਸ਼ੀ ਹੁੰਦੀ ਹੈ, ਇਕ ਅਨੰਦ ਹੁੰਦਾ ਹੈ। ਇਕ ਤੁਹਾਡੇ ਕੋਲ ਬਰਤਨ ਹੈ, ਜਦੋਂ ਉਹ ਨੱਕੋ ਨੱਕ ਜਦੋਂ ਭਰਿਆ ਹੋਵੇ ਤੇ ਇਕ ਤੁਪਕਾ ਉਸ ਦੇ ਵਿਚ ਹੋਰ ਨਾ ਪੈ ਸਕਦਾ ਹੋਵੇ, ਉਹ ਅਨੰਦ ਕਹਾਉਂਦਾ ਹੈ। ਸੋ ਪੂਰਨ ਅਨੰਦ ਹੈ ਜਿਸ ਤੋਂ ਅੱਗੇ ਅਨੰਦ ਨਹੀਂ ਹੋਇਆ ਕਰਦਾ। ਚੌਥਾ ਉਹ ਪ੍ਰਿਅ ਹੁੰਦਾ ਹੈ, ਪਿਆਰ - ਪਿਆਰ ਦੇ ਨਾਲ ਸਾਡੇ ਸੰਸਾਰ ਦੇ ਵਿਚ ਰਮਿਆ ਹੋਇਆ ਹੈ -

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥
(ਜਾਪੁ ਸਾਹਿਬ)

ਜਿਸ ਦੇ ਹਿਰਦੇ ਵਿਚ ਪਿਆਰ ਪੈਦਾ ਹੋ ਜਾਵੇ ਉਸ ਦੇ ਹਿਰਦੇ ਦੇ ਅੰਦਰ, ਉਸ ਦੇ ਸਰੀਰ ਦੇ ਅੰਦਰ ਜਿੰਨੇ ਸੈਲ ਨੇ ਉਹ ਸਾਰੇ ਹੀ ਮੁੜ ਤੋਂ ਸੁਰਜੀਤ ਹੋ ਜਾਂਦੇ ਨੇ। ਸ਼ਕਤੀਸ਼ਾਲੀ ਹੋਣ ਦੇ ਨਾਲ ਉਨ੍ਹਾਂ ਅੰਦਰ ਇਕ ਖਿੱਚ ਪੈਦਾ ਹੋ ਜਾਂਦੀ ਹੈ ਉਸ ਖਿੱਚ ਦਾ ਜੋ ਜੋੜਨਹਾਰਾ ਹੈ ਉਹ ਐਨੀ ਤੇਜ਼ੀ ਨਾਲ ਚਲਦਾ ਹੈ ਕਿ ਸਾਰੇ ਮਾਇਆ ਦੇ ਮੰਡਲਾਂ ਨੂੰ ਪਾਰ ਕਰਕੇ ਉਸ ਪ੍ਰਮੇਸ਼ਰ ਦੇ ਨਾਲ ਜਾ ਕੇ ਜੁੜ ਜਾਂਦਾ ਹੈ। ਜਦੋਂ ਉਹ ਸੁਰਤਿ ਜੁੜੀ ਜਿਵੇਂ ਆਹ ਟੈਲੀਵਿਜ਼ਨ ਹੈ ਇਸ ਦਾ ਸੰਬੰਧ ਜਦੋਂ ਉਪਗ੍ਰਹਿ ਦੇ ਨਾਲ ਜੁੜ ਜਾਂਦਾ ਹੈ ਤੇ ਉਥੋਂ ਖਬਰਾਂ ਆਉਂਦੀਆਂ ਨੇ ਸਾਰੀਆਂ। ਇਸੇ ਤਰ੍ਹਾਂ ਦੇ ਨਾਲ ਅਦ੍ਰਿਸ਼ ਦੇ ਨਾਲ ਸਾਡੇ ਪਿਆਰ ਦੀ 'ਰੌਂ' ਜੁੜਦੀ ਹੈ। ਉਸ ਦੇ ਜੁੜਨ ਦੇ ਨਾਲ, ਉਸ ਦੇ ਵਿਚ ਓਹੀ ਚੀਜ਼ ਆਉਣੀ ਸ਼ੁਰੂ ਹੋ ਜਾਂਦੀ ਹੈ, ਸੰਬੰਧ ਜੁੜ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਉਠਦੇ ਬੈਠਦੇ ਤੁਸੀਂ ਪ੍ਰਮੇਸ਼ਰ ਦਾ ਨਾਮ ਜਪੋ ਤਾਂ ਕਿ ਤੁਹਾਡੇ ਅੰਦਰ ਖੇੜਾ ਆ ਜਾਵੇ ਤੇ ਦੁਖ ਦਾ ਨਾਸ਼ ਹੋ ਜਾਵੇ, ਕਲਪਣਾ ਨਾ ਰਹੇ, ਕੋਈ ਚਿੰਤਾ ਨਾ ਰਹੇ। ਇਹ ਓਨਾ ਚਿਰ ਹੀ ਨੇ ਜਦੋਂ ਤੱਕ ਆਦਮੀ ਦੇ ਅੰਦਰ ਹਨ੍ਹੇਰਾ ਹੈ ਜਦੋਂ ਪ੍ਰਕਾਸ਼ ਹੋ ਜਾਵੇ ਫੇਰ ਇਹ ਚੀਜ਼ਾਂ ਰਿਹਾ ਨਹੀਂ ਕਰਦੀਆਂ, ਸਭ ਸੁਤੇ ਸਿਧ ਆਪਣੇ ਆਪ ਖਤਮ ਹੋ ਜਾਂਦੀਆਂ ਨੇ। ਸੋ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ ਕਿ -

ਸੰਤ ਕਾ ਮਾਰਗੁ ਧਰਮ ਕੀ ਪਉੜੀ ....॥
ਪੰਨਾ - 622

ਸੰਤਾਂ ਦਾ ਜੋ ਮਾਰਗ ਹੁੰਦਾ ਹੈ, ਉਹ ਹਨ੍ਹੇਰੇ ਦਾ ਮਾਰਗ ਨਹੀਂ ਹੁੰਦਾ, ਚਾਨ੍ਹਣੇ ਦਾ ਮਾਰਗ ਹੁੰਦਾ ਹੈ, ਉਸ ਦੇ ਵਿਚ ਧੋਖਾ ਨਹੀਂ ਹੁੰਦਾ, ਅਗਿਆਨਤਾ ਨਹੀਂ ਹੁੰਦੀ, ਬਾਕੀ ਸਾਰਾ ਸੰਸਾਰ ਹਨ੍ਹੇਰੇ ਵਿਚ ਪਿਆ ਹੈ। ਜਿਹੜਾ ਵੀ ਆਦਮੀ ਹਨ੍ਹੇਰੇ ਵਿਚ ਹੈ -

ਅੰਧਕਾਰ ਸੁਖਿ ਕਬਹਿ ਨ ਸੋਈ ਹੈ॥
ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ - 325

ਰਾਜਾ ਵੀ ਰੋਂਦਾ ਹੈ ਤੇ ਗਰੀਬ ਆਦਮੀ ਵੀ ਰੋਂਦਾ ਹੈ। ਦੋਹਾਂ ਨੂੰ ਹਨ੍ਹੇਰਾ ਇਕੋ ਜਿਹਾ ਤੰਗ ਕਰਦਾ ਹੈ। ਸੋ ਸਾਰਾ ਸੰਸਾਰ ਹਨ੍ਹੇਰੇ ਵਿਚ ਹੈ, ਪ੍ਰਕਾਸ਼ ਅੰਦਰ ਹੈ ਨਹੀਂ। ਉਸ ਨੂੰ ਬਾਹਰਲੇ ਪ੍ਰਕਾਸ਼ ਉਜਾਗਰ ਨਹੀਂ ਕਰ ਸਕਦੇ, ਉਸ ਨੂੰ ਰੋਸ਼ਨੀ ਨਹੀਂ ਦੇ ਸਕਦੇ -

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥
ਪੰਨਾ - 463

ਸੋ ਗੁਰੂ ਦੇ ਕੋਲ ਕੋਈ ਐਸੀ ਚੀਜ਼ ਹੈ ਜਿਹੜੀ ਪ੍ਰਾਪਤ ਹੋਣ ਤੋਂ ਬਾਅਦ ਆਦਮੀ ਦੇ ਮਨ ਦਾ ਹਨ੍ਹੇਰਾ ਮਿਟ ਜਾਂਦਾ ਹੈ। ਜਦੋਂ ਹਨ੍ਹੇਰਾ ਮਿਟ ਗਿਆ, ਪ੍ਰਕਾਸ਼ ਹੋ ਗਿਆ ਫੇਰ ਰਸਤਾ ਲੱਭ ਗਿਆ।

ਸੋ ਸੰਤ ਦਾ ਜੋ ਮਾਰਗ ਹੈ, ਸੰਤ ਦਾ ਜੋ ਰਸਤਾ ਹੈ ਉਹ ਹਨ੍ਹੇਰੇ ਦਾ ਰਸਤਾ ਨਹੀਂ, ਉਹ ਤਾਂ ਚਾਨਣ ਦਾ ਰਸਤਾ

ਹੈ। ਚਾਨਣ ਵਿਚ ਕੁਝ ਹੋਰ ਨਜ਼ਰ ਆਉਂਦਾ ਹੈ, ਹਨ੍ਹੇਰੇ ਵਿਚ ਕੁਝ ਹੋਰ ਨਜ਼ਰ ਆਉਂਦਾ ਹੈ। ਮਹਾਂਪੁਰਸ਼ ਮਿਸਾਲਾਂ ਦਿਆ ਕਰਦੇ ਸੀ ਕਿ ਇਕ ਵਾਰੀ ਕੁਝ ਬੰਦੇ ਸਫਰ ਕਰਨ ਗਏ ਤੇ ਨਹਿਰ ਬਣ ਰਹੀ ਸੀ। ਜਿਥੇ ਪੁਲ ਬਣਾਇਆ ਸੀ ਉਥੇ ਰਾਤ ਨੂੰ ਠੇਕੇਦਾਰ ਨੇ ਲੱਕੜੀ ਗੱਡ ਦਿੱਤੀ ਜਿਸ ਦਾ ਕਿਸੇ ਨੂੰ ਪਤਾ ਨਹੀਂ ਸੀ। ਜਦੋਂ ਉਹ ਉਥੇ ਪਹੁੰਚੇ, ਪਹਿਲੇ ਜ਼ਮਾਨਿਆਂ ਵਿਚ ਸਵੇਰੇ ਮੂੰਹ ਹਨ੍ਹੇਰੇ ਘਰੋਂ ਸਫਰ ਲਈ ਤੁਰਿਆ ਕਰਦੇ ਸੀ। ਉਨ੍ਹਾਂ ਨੇ ਦੂਰੋਂ ਦੇਖਿਆ ਕਿ ਉਸ ਪੁਲ ਤੇ ਬੰਦਾ ਖੜ੍ਹਾ ਹੈ, ਭੁਲੇਖਾ ਪੈ ਗਿਆ। ਉਹ ਡਰ ਗਏ ਤੇ ਡਰ ਕੇ ਉਨ੍ਹਾਂ ਦੇ ਮਨ ਤੇ ਬਹੁਤ ਅਸਰ ਹੋਇਆ ਕਿ ਹੁਣ ਇਹ ਲੁਟ ਲਏਗਾ ਤੇ ਅਸੀਂ ਹੁਣ ਅੱਗੇ ਨਹੀਂ ਜਾ ਸਕਦੇ ਤੇ ਉਨ੍ਹਾਂ ਦੇ ਵਿਚੋਂ ਸਿਆਣੇ ਬੰਦੇ ਕਹਿਣ ਲੱਗੇ ਕਿ ਆਪਾਂ ਦਿਨ ਚੜ੍ਹ ਲੈਣ ਦੇਈਏ ਤੇ ਉਥੇ ਪਰ੍ਹੇ ਹੋ ਕੇ ਬੈਠ ਜਾਂਦੇ ਹਾਂ, ਚਲੋ ਕੋਈ ਨਹੀਂ, ਜੇ ਸਫਰ ਦੌਰਾਨ ਧੁੱਪ ਚੜ੍ਹ ਜਾਏਗੀ ਤਾਂ ਕੋਈ ਨਾ ਪਰ ਲੁੱਟ ਤੋਂ ਤਾਂ ਬਚ ਜਾਵਾਂਗੇ। ਉਹ ਇਕ ਪਾਸੇ ਹੋ ਕੇ ਰਾਹ ਛੱਡ ਕੇ ਬੈਠ ਗਏ ਕਿ ਸਾਨੂੰ ਦੇਖ ਨਾ ਲਵੇ। ਲੇਕਿਨ ਉਨ੍ਹਾਂ ਵਿਚੋਂ ਇਕ ਬੰਦਾ ਦਲੇਰ ਸੀ ਉਸ ਨੇ ਪੱਲੇ ਵਿਚ ਇੱਟਾਂ ਪਾ ਲਈਆਂ, ਰੋੜੇ ਪਾ ਲਏ ਤੇ ਰੋੜੇ ਮਾਰਨ ਲੱਗ ਗਿਆ ਕਿ ਦੇਖੋ ਜੇ ਇਹ ਨਠੇਗਾ ਤਾਂ ਮੈਂ ਵੀ ਨੱਠ ਜਾਵਾਂਗਾ ਤੇ ਦੇਖਾਂ ਤਾਂ ਸਹੀ ਕਿੰਨੇ ਕੁ ਬੰਦੇ ਨੇ ਇਸ ਦੇ ਨਾਲ।

ਸੋ ਰੋੜੇ ਮਾਰਦਾ ਰਿਹਾ ਤੇ ਨੇੜੇ ਆ ਗਿਆ। ਜਦੋਂ ਨੇੜੇ ਹੋਇਆ ਤਾਂ ਇਕ ਰੋੜਾ ਲਕੜੀ ਵਿਚ ਲਗਿਆ ਤੇ ਖੜਕਾ ਹੋਇਆ। ਉਸ ਨੇ ਕਿਹਾ ਕਿ ਇਹ ਬੰਦਾ ਤਾਂ ਨਹੀਂ ਹੈ ਇਹ ਤਾਂ ਕੋਈ ਹੋਰ ਚੀਜ਼ ਹੈ। ਉਹ ਹੋਰ ਨੇੜੇ ਆ ਗਿਆ ਐਨੇ ਨੂੰ ਦਿਨ ਚੜ੍ਹ ਗਿਆ। ਦਿਨ ਚੜ੍ਹੇ ਨੂੰ ਕੀ ਦੇਖਦੇ ਨੇ ਕਿ ਇਕ ਵਿੰਗੀ ਜਿਹੀ ਲੱਕੜ ਹੈ ਜਿਸ ਦੀ ਸ਼ਕਲ ਮਨੁੱਖ ਵਰਗੀ ਲਗਦੀ ਹੈ। ਸੋ ਇਹ ਭੁਲੇਖਾ ਪੈਣ ਦੇ ਨਾਲ ਕਿੰਨੀ ਤਕਲੀਫ ਹੋਈ, ਕਿੰਨੀ ਪ੍ਰੇਸ਼ਾਨੀ ਹੋਈ। ਇਸ ਦਾ ਕਾਰਨ ਕੀ ਸੀ ?ਕਿ ਬਾਹਰ ਹਨ੍ਹੇਰਾ ਸੀ। ਇਸੇ ਤਰ੍ਹਾਂ ਜਦੋਂ ਆਦਮੀ ਦੇ ਮਨ ਵਿਚ ਅੰਧਕਾਰ ਹੁੰਦਾ ਹੈ ਉਸ ਵੇਲੇ ਇਸ ਦਾ ਰਸਤਾ ਸਾਫ ਨਹੀਂ ਹੁੰਦਾ। ਜਿੰਨੀਆਂ ਲੜਾਈਆਂ ਝਗੜੇ ਫਸਾਦ ਨੇ ਇਹ ਸਾਰੇ ਹਨ੍ਹੇਰੇ ਕਰਕੇ ਨੇ, ਅੰਧਕਾਰ ਹੈ ਲੇਕਿਨ ਸੰਤਾਂ ਦਾ ਜਿਹੜਾ ਰਸਤਾ ਹੁੰਦਾ ਹੈ ਉਸ ਦੇ ਵਿਚ ਅੰਧਕਾਰ ਨਹੀਂ, ਉਸ ਦੇ ਵਿਚ ਪ੍ਰਕਾਸ਼ ਹੁੰਦਾ ਹੈ। ਉਹ ਪ੍ਰਕਾਸ਼ ਵਿਚ ਚਲਦੇ ਨੇ, ਉਨ੍ਹਾਂ ਨੂੰ ਕੋਈ ਵੀ ਚੀਜ਼ ਗੈਰ ਨਹੀਂ ਲਗਦੀ–

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ – 1299

ਵੈਰੀ ਨਹੀਂ ਰਿਹਾ, ਕੋਈ ਬਿਗਾਨਾ ਨਹੀਂ ਰਿਹਾ ਆਪਣਾ ਆਪ ਹੀ ਪ੍ਰਤੀਤ ਦੇਣ ਲੱਗ ਗਿਆ।

ਸੋ ਮਹਾਰਾਜ ਕਹਿੰਦੇ ਨੇ ਕਿ ਇਹ ਜੋ ਮਾਰਗ ਹੈ ਸੰਤਾਂ ਦਾ ਇਥੇ ਪਹੁੰਚਣ ਵਾਸਤੇ 'ਧਰਮ ਕੀ ਪਉੜੀ' ਦੀ ਲੋੜ ਹੈ। ਪਉੜੀ ਦੇ ਡੰਡੇ ਹੁੰਦੇ ਨੇ ਤੇ ਜਿੰਨੀ ਦੇਰ ਤੱਕ ਡੰਡਿਆਂ ਦੇ ਉੱਤੇ ਨਹੀਂ ਚੜਦਾ ਉਨੀ ਦੇਰ ਤੱਕ ਆਪਣੀ ਮੰਜ਼ਲ ਤੇ ਨਹੀਂ ਪਹੁੰਚਦਾ।

ਸੋ ਪੌੜੀ ਦੇ ਜੋ ਡੰਡੇ ਮਹਾਂਪੁਰਸ਼ਾਂ ਨੇ ਦੱਸੇ ਨੇ। ਸਭ ਤੋਂ ਪਹਿਲਾਂ ਦਇਆ ਹੈ। ਜੇ ਦਇਆ ਨਹੀਂ ਪੈਦਾ ਹੁੰਦੀ ਤਾਂ ਕਹਿੰਦੇ ਧਰਮ ਨਹੀਂ ਪੈਦਾ ਹੋਇਆ ਕਰਦਾ –

ਧੌਲੁ ਧਰਮੁ ਦਇਆ ਕਾ ਪੂਤੁ॥ ਪੰਨਾ – 3

ਜਿਸ ਦੇ ਹਿਰਦੇ ਦੇ ਅੰਦਰ ਦਇਆ ਆ ਗਈ ਤਾਂ ਉਸ ਦਾ ਸੰਬੰਧ ਵਾਹਿਗੁਰੂ ਦੇ ਨਾਲ ਜੁੜਨਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਵਾਹਿਗੁਰੂ ਆਪ ਦਇਆਲੂ ਹੈ, ਉਸ ਦਾ ਨਾਉਂ ਹੀ ਦਇਆਲੂ ਹੈ। ਸੋ ਦਇਆ ਪੈਦਾ ਹੋਣ ਦੇ ਨਾਲ ਫੇਰ ਇਸ ਦੇ ਅੰਦਰ ਦੂਜੇ ਗੁਣ ਆਉਂਦੇ ਹਨ। ਖਿਮਾ ਆਉਂਦੀ ਹੈ, ਧੀਰਜ ਆਉਂਦਾ ਹੈ। ਹੱਥ ਵਿਚ ਹੋਵੇ ਕਿ ਮੈਂ ਏਸ ਨੂੰ ਉਜਾੜ ਸਕਦਾ ਹਾਂ ਲੇਕਿਨ ਖਿਮਾਵਾਨ ਜਿਹੜਾ ਪੁਰਸ਼ ਹੁੰਦਾ ਹੈ ਉਹ ਜਾਣਦਾ ਹੈ ਕਿ ਇਸ ਦੀ ਬੁੱਧੀ ਬਹੁਤ ਛੋਟੀ ਹੈ, ਇਸ ਨੂੰ ਪਤਾ ਨਹੀਂ ਹੈ। ਜੇ ਮੈਂ ਐਡਾ ਕਦਮ ਚੱਕ ਲਿਆ ਤਾਂ ਇਸ ਦਾ ਪਰਿਵਾਰ ਵੀ ਦੁਖੀ ਹੋਏਗਾ, ਬੱਚੇ ਵੀ ਦੁੱਖੀ ਹੋਣਗੇ, ਮੂਰਖ ਬੰਦਾ ਹੈ, ਚਲੋ ਇਸ ਨੂੰ ਮੌਕਾ ਦਿਓ, ਅਜੇ ਹੋਰ ਦੇਖੋ, ਕੋਈ ਹੋਰ ਸੁਖਾਲਾ ਤਰੀਕਾ ਵਰਤ ਲਓ। ਸੋ ਇਸ ਦੇ ਉਤੇ ਖਿਮਾ ਰਖੋ।

ਸੋ ਇਹ ਖੂਬੀਆਂ ਨੇ ਪੌੜੀਆਂ ਨੇ। ਧੀਰਜ ਹੈ – ਧੀਰਜਵਾਨ ਪੁਰਸ਼ ਹੁੰਦਾ ਹੈ। ਕਾਹਲਾ ਪੁਰਸ਼ ਹਮੇਸ਼ਾ ਹੀ ਗਲਤੀਆਂ ਕਰਦਾ ਹੈ। ਜਿਹੜਾ ਧੀਰਜਵਾਨ ਹੁੰਦਾ ਹੈ ਸੰਸਾਰ ਦੇ ਅੰਦਰ ਹਮੇਸ਼ਾ ਹੀ ਤਰੱਕੀਆਂ ਤੇ ਜਾਂਦਾ ਹੈ। ਵੱਡੇ-ਵੱਡੇ ਮਹਾਂਪੁਰਸ਼ ਜਿਹੜੇ ਹੋਏ ਨੇ ਉਹ ਧੀਰਜੀ ਹੋਏ ਨੇ।

ਦਸਦੇ ਨੇ ਕਿ ਜਦੋਂ ਨਿਊਟਨ ਨੇ ਬੜੀ ਖੋਜ ਕੀਤੀ ਤੇ ਉਸ ਦੇ ਜਿੰਨੇ ਪੇਪਰ ਪਏ ਸੀ ਮੇਜ ਦੇ ਉੱਤੇ, ਮੋਮਬੱਤੀ ਦੇ ਚਾਨਣੇ ਵਿਚ ਲਿਖ ਰਿਹਾ ਸੀ। ਉਸ ਦੀ ਇਕ ਪਾਲਤੂ ਬਿੱਲੀ ਸੀ ਜਿਹੜੀ ਹਰ ਵਕਤ ਉਸ ਦੀ ਗੋਦੀ ਵਿਚ ਬੈਠਣ ਦਾ ਯਤਨ ਕਰਦੀ ਸੀ। ਉਹ ਵੀ ਉਸਨੂੰ ਬੜਾ ਪਿਆਰ ਕਰਦਾ ਸੀ। ਇਕ ਦਿਨ ਉਹ ਉਠ ਕੇ ਕਮਰੇ ਵਿਚੋਂ ਬਾਹਰ ਗਿਆ ਤੇ ਬਿੱਲੀ ਨੇ ਮੇਜ ਤੇ ਛਾਲ ਮਾਰੀ। ਛਾਲ ਮਾਰਦੀਸਾਰ ਮੋਮਬੱਤੀ ਗਿਰ ਗਈ ਤੇ ਸਾਰੇ ਸੜ੍ਹ ਕੇ ਸਵਾਹ ਹੋ ਗਈ। ਪੇਪਰਾਂ ਨੂੰ ਅੱਗ ਲੱਗ ਗਈ। ਜਿਸ ਵਕਤ ਵਾਪਸ ਆਇਆ ਤਾਂ ਬਹੁਤ ਵੱਡੀ ਮਿਹਨਤ, ਕਈ ਸਾਲਾਂ ਦੀ ਉਸ ਵੇਲੇ ਚਾਹੀਦਾ ਸੀ ਕਿ ਉਹ ਬਿੱਲੀ ਨੂੰ, ਮਾਰ ਦਿੰਦਾ ਲੇਕਿਨ ਇਹ ਗੱਲ ਨਹੀਂ ਕਰੀ ਉਸ ਨੇ ਬਿੱਲੀ ਨੂੰ ਪਿਆਰ ਨਾਲ ਚੁੱਕ ਲਿਆ, ਡਰੀ ਬੈਠੀ ਸੀ ਬਿੱਲੀ, ਪਲੋਸਿਆ, ਪਲੋਸ ਕੇ ਐਨੀ ਹੀ ਗੱਲ ਕਹੀ, ਕਹਿੰਦਾ,

ਤੈਨੂੰ ਨਹੀਂ ਸੀ ਪਤਾ ਕਿ ਤੇਰੇ ਮਾਲਕ ਨੇ ਇਨ੍ਹਾਂ ਪੇਪਰਾਂ ਤੇ ਕਿੰਨੀ ਮਿਹਨਤ ਕੀਤੀ ਹੈ, ਕੋਈ ਨਾ ਤੂੰ ਘਬਰਾ ਨਾ। ਇਸ ਨੂੰ ਧੀਰਜ ਕਹਿੰਦੇ ਨੇ। ਇਹ ਆਦਮੀ ਦੇ ਅੰਦਰ ਬੜਾ ਵੱਡਾ ਗੁਣ ਹੋਇਆ ਕਰਦਾ ਹੈ।

ਫੇਰ ਸੰਤੋਖ ਹੁੰਦਾ ਹੈ। ਸੰਤੋਖ ਦੇ ਉਲਟ ਤ੍ਰਿਸ਼ਨਾ ਹੁੰਦੀ ਹੈ। ਮਿਹਨਤ ਕਰੋ ਜੀਅ ਭਰ ਕੇ, ਨਜਾਇਜ਼ ਕੰਮ ਨਾ ਕਰੋ, ਸੱਚੀ ਸੁਚੀ ਮਿਹਨਤ ਕਰੋ। ਪੈਸਾ ਕਮਾਉਣਾ ਹੈ ਕਮਾਓ, ਲੇਕਿਨ ਮਨ ਦੇ ਅੰਦਰ ਸਬਰ, ਸ਼ਾਂਤੀ ਹੋਣੀ ਚਾਹੀਦੀ ਹੈ-

ਬਿਨਾ ਸੰਤੋਖ ਨਹੀ ਕੋਊ ਰਾਜੈ॥ ***ਪੰਨਾ - 279***

ਚਾਹੇ ਰਾਜਾ ਹੋਵੇ ਦੁਨੀਆਂ ਦਾ ਸੰਤੋਖ ਨਾ ਹੋਵੇ ਉਸ ਦੀ ਜਿਹੜੀ ਜ਼ਿੰਦਗੀ ਹੈ, ਚਾਲ ਜ਼ਿੰਦਗੀ ਦੀ, ਉਹ ਅੱਗੇ ਹੀ ਜਾਂਦੀ ਹੈ, ਉਸ ਨੂੰ ਆਨੰਦਿਤ ਨਹੀਂ ਕਰ ਸਕਦੀ -

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥
ਕੋਟਿ ਜੋਰੇ ਲਾਖ ਕ੍ਰੋਰੇ ....॥ ***ਪੰਨਾ - 213***

ਪਹਿਲਾਂ ਕਰੋੜ ਹੋ ਗਿਆ। ਕਹਿੰਦਾ, ਥੋੜ੍ਹਾ ਹੈ ਲੱਖ ਕਰੋੜ ਚਾਹੀਦਾ ਹੈ।

.... ***ਮਨੁ ਨ ਹੋਰੇ॥*** ***ਪੰਨਾ - 213***

ਉਥੇ ਵੀ ਨਹੀਂ ਖੜ੍ਹਦਾ -

.... ***ਪਰੈ ਪਰੈ ਹੀ ਕਉ ਲੁਝੀ ਹੇ॥***
ਪੰਨਾ - 213

ਸੋ ਇਹ ਤਾਂ ਕੋਈ ਜ਼ਿੰਦਗੀ ਨਾ ਹੋਈ ਜਿਥੇ ਸਬਰ, ਸ਼ਾਂਤੀ ਹੀ ਨਾ ਆਈ। ਸੋ ਇਸ ਤਰ੍ਹਾਂ ਦੇ ਨਾਲ ਫੇਰ 'ਸਤਿ' ਦਾ ਡੰਡਾ ਹੋਇਆ ਕਰਦਾ ਹੈ। ਜੀਵਨ ਦ੍ਰਿੜ੍ਹਤਾ ਹੁੰਦਾ ਹੈ ਇਹ ਨਹੀਂ ਕਿ ਕਿਸੇ ਸੰਗਤ ਵਿਚ ਜਾ ਕੇ ਹੋਰ ਰੂਪ ਧਾਰਨ ਕਰ ਲਿਆ, ਗੁਰਦੁਆਰੇ ਜਾ ਕੇ ਹੋਰ ਕਰ ਲਿਆ, ਰਿਸ਼ਤੇਦਾਰਾਂ ਵਿਚ ਹੋਰ ਕਰ ਲਿਆ, ਦਫਤਰ ਵਿਚ ਹੋਰ ਕਰ ਲਿਆ। ਸਚਾਈ ਵਾਲਾ ਬੰਦਾ ਹੁੰਦਾ ਹੈ ਉਹ, ਕਈ ਚਿਹਰੇ ਨਹੀਂ ਉਸਦੇ ਹੋਇਆ ਕਰਦੇ। ਉਸ ਨੂੰ 'ਸਤਿ' ਦਾ ਜੀਵਨ ਕਹਿੰਦੇ ਨੇ, ਉਹ 'ਸਤਿਵਾਦੀ' ਹੁੰਦਾ ਹੈ ਤੇ 'ਸਤਿ' ਨੂੰ ਪਛਾਣ ਕੇ ਚਲਦਾ ਹੈ।

ਸੋ ਇਸ ਤਰ੍ਹਾਂ ਦੇ ਗੁਣ ਨੇ ਬਹੁਤ ਸਾਰੇ ਜ਼ਿੰਦਗੀ ਦੇ, ਦਾਨ ਹੈ, ਸੇਵਾ ਹੈ, ਮਿਲਵਰਤਨ ਹੈ, ਸਹਿਨਸ਼ੀਲਤਾ ਹੈ, ਨਿਮਰਤਾ ਹੈ। ਇਹ ਸਾਰੇ ਡੰਡੇ ਉਸ ਪੌੜੀ ਦੇ ਨੇ ਜਿਸ ਨੂੰ ਕਹਿੰਦੇ ਨੇ -

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥
ਪੰਨਾ - 622

ਵੱਡਿਆਂ ਭਾਗਾਂ ਵਾਲਾ ਹੈ ਜਿਸ ਦੇ ਅੰਦਰ ਇਹ ਸੂਝ ਆ ਜਾਵੇ ਤੇ ਇਨ੍ਹਾਂ ਡੰਡਿਆਂ ਤੇ ਚੜ੍ਹ ਕੇ ਕੀ ਹੁੰਦਾ ਹੈ? ਕਹਿੰਦੇ ਇਨ੍ਹਾਂ ਤੇ ਚੜ੍ਹ ਕੇ 'ਇਕੀਸ' ਹੋ ਜਾਂਦਾ ਹੈ -

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥
ਪੰਨਾ - 7

ਇਕ ਈਸ਼ਵਰ ਦੇ ਨਾਲ ਐਨਾ ਮਿਲ ਜਾਂਦਾ ਹੈ ਕਿ ਦੋਹਾਂ ਨੂੰ ਪਛਾਣਿਆ ਨਹੀਂ ਜਾ ਸਕਦਾ ਕਿ ਉਹ ਕਿਹੜਾ ਹੈ ਤੇ ਉਹ ਕਿਹੜਾ ਹੈ। ਦੋ ਨਹੀਂ, ਕਹਿੰਦੇ, ਇਕ ਹੋ ਜਾਂਦਾ ਹੈ। ਸੋ ਜੋ ਉਸ ਦੀ ਮੰਜ਼ਲ ਹੈ ਕਿਉਂਕਿ ਅਸੀਂ ਇਕ ਤੋਂ ਵਿਛੜੇ ਹਾਂ। ਇਕ ਤੋਂ ਵਿਛੜ ਕੇ ਤੁਰੇ ਫਿਰਦੇ ਹਾਂ ਬਹੁਤ ਲੰਮਾ ਚੱਕਰ ਸਾਨੂੰ ਪੈ ਗਿਆ। ਚਿੰਤਕਾਂ, ਸਿਆਣਿਆ ਨੇ ਪਹਿਲਾਂ ਇਹ ਦੱਸਿਆ ਸੀ ਕਿ ਸਾਰਾ ਸੰਸਾਰ, ਇਹ ਸਾਰੀ ਸ੍ਰਿਸ਼ਟੀ ਪਰਮਾਣੂ ਤੋਂ ਹੈ, ਲੇਕਿਨ ਮਨ ਅੱਗੇ ਚਲਿਆ ਗਿਆ, ਕਹਿੰਦੇ ਨਹੀਂ This is all manifestation of electricity electron, proton, neutron ਇਨ੍ਹਾਂ ਤੋਂ ਇਸ ਸੰਸਾਰ ਦਾ ਵਜੂਦ ਬਣਿਆ ਹੈ। ਉਸ ਤੋਂ ਬਾਅਦ ਫੇਰ ਅੱਗੇ ਚਲ ਪਏ ਕਹਿੰਦੇ ਨਹੀਂ ਇਹ ਤਾਂ (energy) ਸ਼ਕਤੀ ਹੈ। ਸਾਰੀ (energy) ਸ਼ਕਤੀ ਜ਼ਹੂਰ ਵਿਚ ਆਈ ਹੋਈ ਹੈ। ਇਸ ਦੇ ਨਾਲ ਸੰਸਾਰ ਦੀ ਸਾਡੀ ਸਾਂਝ ਨਹੀਂ ਪੈਂਦੀ ਕਿਉਂਕਿ energy (ਸ਼ਕਤੀ) ਨਿਰਜਿੰਦ ਹੈ, ਸਾਡਾ ਆਪਸ ਵਿਚ ਮਿਲਣ ਦਾ, ਇਕ ਦੂਜੇ ਨਾਲ ਪਿਆਰ ਦਾ ਕੋਈ ਵੀ ਰਿਸ਼ਤਾ ਨਹੀਂ ਹੋ ਸਕਦਾ ਕਿਉਂਕਿ ਅਸੀਂ ਜੜ੍ਹ ਵਿਚੋਂ ਪੈਦਾ ਹੋਏ ਹਾਂ ਲੇਕਿਨ ਜਦੋਂ ਅਸੀਂ ਪੁਛਦੇ ਹਾਂ ਅਨੁਭਵੀ ਮਹਾਂਪੁਰਸ਼ਾਂ ਨੂੰ, ਗੁਰੂਆਂ ਨੂੰ ਉਹ ਕਹਿੰਦੇ, ਨਹੀਂ ਇਹ ਤਾਂ ਸਾਰਾ ਹੀ ਜਿੰਨੀ manifestation (ਸ੍ਰਿਸ਼ਟੀ) ਹੈ ਇਕ ਸ਼ਬਦ ਤੋਂ ਹੋਈ ਹੈ।

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ ***ਪੰਨਾ - 3***

ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।
ਭਾਈ ਗੁਰਦਾਸ ਜੀ ਦੀ ਵਾਰ 26/2

ਨਿਰੰਕਾਰ ਹੀ 'ਏਕੰਕਾਰ' ਬਣਿਆ -

ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।
ਭਾਈ ਗੁਰਦਾਸ ਜੀ ਦੀ ਵਾਰ 26/2

ਏਕੰਕਾਰ ਤੋਂ ਸ਼ਬਦ ਧੁਨ ਹੋਈ, ਸ਼ਬਦ energy (ਸ਼ਕਤੀ) ਉਸ ਸ਼ਬਦ energy (ਸ਼ਕਤੀ) ਨੂੰ ਹੀ 'ਓਅੰਕਾਰ' ਅਸੀਂ ਕਿਹਾ ਹੈ। ਉਹ ਸ਼ਬਦ ਸ਼ਕਤੀ ਜਿਹੜੀ ਹੈ ਉਹ ਪਰਮ ਚੇਤਨ ਹੈ, ਸਭ ਕੁਝ ਜਾਣਦੀ ਹੈ, ਦਇਆਲੂ, ਕਿਰਪਾਲੂ, ਜਿੰਨੇ ਸਾਡੇ ਵਿਚ ਗੁਣ ਨੇ ਉਹ ਸਾਰੇ ਦੇ ਸਾਰੇ ਸਾਨੂੰ ਉਸ energy (ਸ਼ਕਤੀ) 'ਚੋਂ ਪ੍ਰਾਪਤ ਹੋਏ ਨੇ, ਏਕੰਕਾਰ ਦੀ ਸ਼ਕਤੀ (energy) ਤੋਂ। ਉਸ ਤੋਂ ਸਾਰੇ ਸੰਸਾਰ ਦੀ (manifestation) ਹੋਂਦ ਹੋਣ ਕਰਕੇ ਸੰਸਾਰ ਇਕ ਇਕਾਈ ਹੈ ਇਹ ਅੱਡ-ਅੱਡ ਨਹੀਂ ਹੈ। ਜਿਉਂ ਜਿਉਂ ਆਦਮੀ ਆਪਣੇ ਅਸਲੇ ਵੱਲ ਨੂੰ ਜਾਂਦਾ ਹੈ ਤਿਉਂ ਤਿਉਂ ਉਸ ਦੇ ਮਨ ਦੇ ਅੰਦਰ ਪ੍ਰਕਾਸ਼ ਵਧਦਾ ਜਾਂਦਾ ਹੈ ਕਿਉਂਕਿ ਉਹ ਸਾਰੇ ਸੰਸਾਰ ਨੂੰ ਇਕੋ ਹੀ ਜਾਣਦਾ ਹੈ, ਦੋ ਨਹੀਂ ਉਸ ਦੀ ਨਿਗ੍ਹਾ ਵਿਚ ਆਉਂਦੇ। ਫੇਰ ਉਹ ਕਰਦਾ ਕੀ ਹੈ? ਚੁੱਪ ਕਰਕੇ ਨਹੀਂ ਬੈਠਦਾ, ਸੰਨਿਆਸੀ ਨਹੀਂ ਬਣਦਾ, ਉਸ ਦੇ

(ਬਾਕੀ ਪੰਨਾ 62 ਤੇ)

ਸੁਭਾਗ ਜੀ ਦਾ ਸੁਧਾਰ
ਹੱਥੀਂ
ਬਾਬਾ ਨੌਧ ਸਿੰਘ ਜੀ

ਡਾ. ਭਾਈ ਵੀਰ ਸਿੰਘ ਜੀ

14.

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥
ਪੰਨਾ – 938

ਹੁਣ ਬਾਬੇ ਦਾ ਅਨੰਦੀ ਘਰ ਹਸਪਤਾਲ ਬਣ ਰਿਹਾ ਹੈ। ਡਾਕਟਰ ਬੱਗਾ ਸਿੰਘ ਨੇ ਸਭ ਦੇ ਜ਼ਖਮ ਬੰਨ੍ਹੇ ਹਨ, ਮੰਜੀਆਂ ਤੇ ਚੁਤੱਹੀਆਂ ਵਿਛੀਆਂ ਹਨ, ਉਤੇ ਤ੍ਰੈਏ ਦੁਖਿਆਰ ਪਏ ਹਾਏ ਹਾਏ ਕਰ ਰਹੇ ਹਨ। ਮੋਟਰ ਨਾਲ ਫੱਟੜ ਹੋਏ ਹੋਏ ਜ਼ਖਮ ਬੰਨ੍ਹਵਾ ਕੇ ਆਪਣੇ ਪਿੰਡ ਚਲੇ ਗਏ ਹਨ। ਡਾਕਟਰ ਸਾਹਿਬ ਨੇ ਸਭ ਦੇ ਫੱਟਾਂ ਦੀ ਰਪੋਟ ਆਪਣੇ ਪਾਸ ਲਿਖ ਲਈ ਹੈ ਕਿ ਸਰਕਾਰੇ ਉਗਾਹੀ ਭਰਨੀ ਪਊ। ਹੁਣ ਬਾਬਾ ਸੋਚਦਾ ਹੈ ਕਿ ਸੱਚ ਮੁਚ ਕਲਜੁਗ ਆ ਗਿਆ ਹੈ, ਐਵੇਂ ਪੁਰਾਣੇ ਸਮੇਂ ਦੇ ਲੋਕੀਂ ਸਤਿਵਾਦੀ ਸਮੇਂ ਵਿਚ ਸਾਧੂ ਮਨੁਖਾਂ ਨੂੰ ਛੱਡਕੇ ਬਨਾਂ ਨੂੰ ਨੱਸਦੇ ਰਹੇ, ਬਨਾਂ ਨੂੰ ਨੱਸਣ ਦਾ ਸਮਾਂ ਹੁਣ ਹੈ ਕਿ ਜਦੋਂ ਜੀਵਾਂ ਵਿਚ 'ਨਿਆਂ' ਤੇ 'ਮਾਫੀ' ਨਹੀਂ ਰਹੀ, ਜਦੋਂ ਆਪਸ ਦੀਆਂ ਭੁੱਲਾਂ ਤੇ ਵਧੀਕੀਆਂ ਆਪੋ ਵਿਚ ਨਜਿੱਠਣ ਦੀ ਥਾਂ ਸਾਨੂੰ ਠਾਣਿਆਂ ਤੇ ਅਦਾਲਤਾਂ ਦੀ ਲੋੜ ਪੈਂਦੀ ਹੈ, ਜਿਥੇ ਜਾ ਕੇ ਆਪਣੀ ਪਾਣਪਤ ਕੌਡੀ ਦੀ ਨਹੀਂ ਰਹਿੰਦੀ। ਪੰਜ ਪੰਜ ਰੁਪੈ ਦੇ ਚਪੜਾਸੀ ਓਇ ਓਇ ਕਰਦੇ ਹਨ। ਵਕੀਲਾਂ ਦੇ ਮੁਨਸ਼ੀ ਦੁਰਕਾਰਦੇ ਤੇ ਅਮਲੇ ਦੇ ਮੁਸੱਦੀ ਨੱਕ ਚਾੜ੍ਹੇ ਬਿਨਾਂ ਕੂੰਦੇ ਨਹੀਂ। ਅਦਾਲਤਾਂ ਨੂੰ ਆਪ ਪਤਾ ਕੁਛ ਨਹੀਂ ਹੁੰਦਾ, ਉਗਾਹ ਵੱਢੀਆਂ ਖਾ ਕੇ ਕੂੜ ਮਾਰਦੇ ਹਨ ਤੇ ਵਕੀਲ ਖੁੰਦਰਾਂ ਕੱਢ ਕੱਢ ਕੇ ਅਦਾਲਤ ਨੂੰ ਸੱਚ ਲੱਭਣ ਦੀ ਮੱਦਦ ਨਹੀਂ ਦੇਂਦੇ। ਆਪੋ ਆਪਣੇ ਪੱਖ ਸਿੱਧ ਕਰਨ ਲਈ ਅਦਾਲਤ ਨੂੰ ਭੁਲੇਖੇ ਵਿਚ ਪਾਉਣ ਦੇ ਯਤਨ ਕਰਦੇ ਹਨ ਕਿਉਂਕਿ ਸਾਨੂੰ ਸੋਝੀ ਨਹੀਂ ਆਉਂਦੀ ਕਿ ਅੰਦਰ ਵੜਕੇ ਭਰਾਵਾਂ ਵਿਚ ਬੈਠਕੇ ਨਜਿੱਠ ਲਿਆ ਕਰੀਏ?

ਸੁਣੀਂਦਾ ਹੈ ਕਿ ਸ਼ਹਿਰਾਂ ਵਿਚ ਪੂਰਬ ਦੇ ਚਮਿਆਰ ਤੇ ਘਸਿਆਰੇ ਸਾਈਸ ਹੁੰਦੇ ਹਨ, ਉਹ ਕਦੇ ਭੀ ਕਚਹਿਰੀ ਵਿਚ ਨਹੀਂ ਚੜ੍ਹਦੇ। ਉਨ੍ਹਾਂ ਵਿਚ ਜੇ ਕੋਈ ਹੋਣੀ ਹੋ ਜਾਵੇ ਤਾਂ ਪੰਚੈਤ ਬੈਠਕੇ ਫੈਸਲਾ ਕਰ ਦੇਂਦੀ ਹੈ ਤੇ ਦੋਵੇਂ ਧਿਰਾਂ ਸਿਰ ਮੱਥੇ ਤੇ ਕਬੂਲ ਕਰ ਲੈਂਦੀਆਂ ਹਨ। ਸ਼ੋਕ ਹੈ ਸਾਡੇ ਜ਼ਿਮੀਦਾਰਾਂ, ਖੱਤ੍ਰੀਆਂ, ਮਹਾਜਨਾਂ ਤੇ ਕਿ ਸਾਡੇ ਵਿਚ ਚਮਿਆਰਾਂ ਜਿੰਨਾਂ ਭੀ ਆਪਣੇ ਭਾਈਚਾਰੇ ਤੇ ਭਰੋਸਾ ਨਹੀਂ ਹੈ। ਹੇ ਵਾਹਿਗੁਰੂ! ਸਮੇਂ ਵਿਚ ਕੀ ਹੋ ਗਿਆ ਹੈ? ਚਤੁਰਾਈਆਂ ਵਧ ਗਈਆਂ ਹਨ, ਤ੍ਰਿਸ਼ਨਾਂ ਖਿੰਡ ਪਈ ਹੈ, ਝੂਠ ਕੁਸੱਤ ਫੈਲ ਗਿਆ ਹੈ। ਹੁਣ ਸਾਨੂੰ ਭੀ ਉਗਾਹੀ ਭਰਨੀ ਪਊ। ਸਾਡੇ ਬੇਲੀ ਨੇ ਸੱਚ ਹੀ ਕਿਹਾ ਸੀ ਕਿ ਬਾਬਾ! ਮੈਂ ਤਾਂ ਧੂਤੂ ਗੱਡੀ ਕੋਲੋਂ ਨੱਸ ਆਇਆ ਹਾਂ ਜੋ ਕਿਤੇ ਮੈਂ ਹੀ ਨਾ ਧਰਿਆ ਜਾਵਾਂ। ਸੋ ਕੁਛ ਕੁਛ ਸੱਚ ਹੀ ਹੋ ਗਿਆ। ਹੋਰ ਨਹੀਂ ਤਾਂ ਹੁਣ ਸ਼ਹਿਰ ਨੂੰ ਚੱਲਾਂਗੇ, ਸ਼ਹਿਰ ਦੀਆਂ ਮੋਰੀਆਂ ਦੀਆਂ ਮੁਸ਼ਕਾਂ ਸੁੰਘਾਂਗੇ, ਸਾਰਾ ਦਿਨ ਧੁੱਪੇ ਕਚਹਿਰੀ ਦੇ ਬਾਹਰ ਰੁਲਾਂਗੇ, ਕਦੇ ਕਿਸੇ ਬੂਟੇ ਹੇਠ ਕਦੇ ਕਿਸੇ ਬੂਟੇ ਹੇਠ ਨਿਘਰੇ ਕਾਂ ਵਾਂਗੂੰ ਤਾਂਘਾਂਗੇ ਕਿ ਕਦੋਂ ਵਾਜ ਪੈਂਦੀ ਹੈ। ਫੇਰ ਕਈ ਦਿਨ ਇਸ ਤਰ੍ਹਾਂ ਦੁੱਖ ਪਾ ਪਾ ਕੇ ਵਾਜ ਪਏਗੀ 'ਓ ਕੋਈ ਹੈ, ਓਇ ਕੋਈ ਨੌਧ ਸਿੰਘ, ਓਇ ਨੌਧ ਸਿੰਘ' ਇਸ ਅਨਾਦਰ ਤੇ ਝਿੜਕ ਭਰੀ ਸੱਦ ਦੇ ਮੂਹਰੇ ਈਦਗਾਰ ਨੂੰ ਜਾ ਰਹੇ ਬੱਕਰੇ ਵਾਂਗੂੰ ਅਸੀਂ ਅੰਦਰ ਜਾਵਾਂਗੇ, ਕਹਾਂਗੇਃ ਹਜ਼ੂਰ! ਤੇ ਅੱਗੋਂ ਕੁਰਸੀ ਤੇ ਬੈਠਾ ਸਾਨੂੰ ਪਹਿਲਾਂ ਝੂਠ ਦਾ ਪੁਤਲਾ ਸਮਝ ਕੇ ਸ਼ੱਕ ਤੇ ਕਹਿਰ ਜਹੇ ਨਾਲ ਤੱਕ ਕੇ ਕਹੇਗਾ, ਓਇ ਬੁੱਢਿਆ! ਸੱਚ ਬੋਲੀਂ, ਓਇ, ਖਾਹ ਸਹੁੰ। ਆਦਿ ਜੁਗਾਦਿ ਕਦੇ ਸੁਗੰਧ ਨਾ ਖਾਧੀ, ਓਥੇ ਅਸੀਂ ਸੁਗੰਦਾਂ ਖਾਵਾਂਗੇ। ਫੇਰ ਵਕੀਲ ਖੁੰਦਰਾਂ ਪੁੱਟਣਗੇ, ਜਿਸ ਤਰ੍ਹਾਂ ਬਿੱਲੀ ਚੂਹੇ ਨੂੰ ਮਾਰਨ ਤੋਂ ਪਹਿਲਾਂ ਝੰਝੋਲਦੀ ਹੈ, ਓਕਰ ਸਾਨੂੰ ਵਕੀਲ ਝੱਝੋਲਣਗੇ, ਤੇ ਕਿਸੇ ਨਾ ਕਿਸੇ ਹੀਲੇ ਝੂਠਾ ਸਾਬਤ ਕਰਨ ਦਾ ਜਤਨ ਕਰਨਗੇ। ਮਸਾਂ ਕਿਤੇ ਖਹਿੜਾ ਛੁੱਟੂ ਤੇ ਘਰ ਆਵਾਂਗੇ। ਸੱਚ ਸੱਚ ਬੋਲੀ ਗਏ ਤਾਂ ਹਮਸਾਏ ਪਿੰਡ ਦੇ ਨਾਰਾਜ਼ ਹੋਣਗੇ। ਖਵਰੇ ਠਾਣੇਦਾਰ ਕਈ ਗੱਲਾਂ ਅਪਣੇ ਰੁਖ ਦੀਆਂ ਚਾਹੂ, ਉਸਦੀ ਨਾਂ ਮੰਨੀਂ ਤਾਂ ਉਹ ਖਫੇ ਹੋ ਜਾਊ। ਏਧਰ ਇਹ ਭੀ ਬਰਿਸਟਰ ਹੈ, ਇਸਨੇ ਸੇਵਾ ਕਰ ਕਰਾਕੇ ਇਹ ਸਮਝਣਾ ਹੈ ਕਿ ਬਾਬਾ ਮੇਰੀ ਬਰਿਸਟਰੀ ਤੇ ਮੋਹਤ ਹੋ ਗਿਆ ਹੈ। ਇਹ ਦਾਵਾ ਬੰਨ੍ਹਕੇ ਇਹ ਚਾਹੇਗਾ ਕਿ ਮੈਂ ਝੂਠ ਬੋਲਾਂ, ਨਾਂ ਬੋਲਿਆ ਤਾਂ ਕਹੂਃ ਸ਼ਹਿਰ ਆਵੇਂਗਾ ਹੀ ਨਾਂ! ਮੇਰੇ ਜਾਂ ਕਿਸੇ ਵਕੀਲ ਭਰਾ ਦੇ ਢਹੇ ਚੜ੍ਹੇਂ ਹੀ ਗਾ ਨਾਂ ਤਦੋਂ ਤੈਨੂੰ ਦੱਸੂੰ ਤੇ ਸਾਰਾ ਮੁੱਲ ਪੁਆ ਦਿਊਂ। ਸੋ ਮੈਂ ਕੀ ਲੀਤਾ? ਮੁਫਤ ਦੀ ਬਿਪਤਾ ਸਹੇੜ ਲੀਤੀ।

ਇਸ ਤਰ੍ਹਾਂ ਦੀਆਂ ਸੋਚਾਂ ਵਿਚ ਬਾਬਾ ਪੈ ਰਿਹਾ ਸੀ। ਜਿਹੜਾ ਕਦੇ ਵਹਿਣੀ ਨਹੀਂ ਸੀ ਪਿਆ, ਜਿਸਨੇ ਕਦੇ ਡੱਕੋ ਡੋਲਾ ਨਹੀਂ ਸੀ ਖਾਧਾ, ਉਹ ਅੱਜ ਕਿਨ੍ਹਾਂ ਵਹਿਣਾਂ ਵਿਚ ਹੈ? ਬਾਬੇ ਦੀਆਂ ਏਹ ਸੋਚਾਂ ਸੁਣਕੇ ਕਚਹਿਰੀ ਦਾ ਇਕ ਮੁਨਸ਼ੀ ਯਾ ਪਜਾਦਾ ਕਹੇਗਾ, ਵਾਹ! ਬਾਬਾ ਨੌਧ ਸਿੰਘ ਕੇਡਾ ਬਹਾਦਰ ਹੈ, ਜੋ ਇਨ੍ਹਾਂ ਵਹਿਣਾਂ ਵਿਚ ਹੈ? ਕਚਹਿਰੀ

ਮੌਜ ਦੀ ਥਾਂ ਹੈ, ਕੋਈ ਸੂਲੀ ਹੈ? ਸਾਰਾ ਦਿਨ ਹੱਸਦੇ ਹਾਂ, ਖੇਡਦੇ ਹਾਂ, ਤਲਬਾਂ ਪਾਉਂਦੇ ਹਾਂ, ਨਜ਼ਰਾਂ ਲੈਂਦੇ ਹਾਂ, ਮੌਜ ਨਾਲ ਖੱਟ ਕਮਾ ਕੇ ਘਰ ਆਉਂਦੇ ਹਾਂ। ਪਰ ਉਹਨਾਂ ਨੂੰ ਪਤਾ ਨਹੀਂ ਕਿ ਬਾਬੇ ਦੇ ਅੰਦਰ ਸੱਚ ਦੀ ਪ੍ਰਤੀਤੀ (ਅਹਿਸਾਸ) ਕਾਇਮ ਹੈ। ਉਹ ਕੂੜ ਕੁਸੱਤ ਤੋਂ ਡਰ ਰਿਹਾ ਹੈ, ਆਪਣੀ ਹੱਤਕ ਤੋਂ ਡਰ ਰਿਹਾ ਹੈ, ਹੋਰ ਬਾਬਾ ਕਾਇਰ ਨਹੀਂ ਹੈ। ਇੰਨੇ ਨੂੰ ਸੁਭਾਗ ਦਲਾਨ ਵਿਚ ਆ ਗਈ, ਜਿਥੇ ਬਾਬਾ ਬੈਠਾ ਸੀ। ਸੁਭਾਗ ਆਸਾ ਦੀ ਵਾਰ ਦਾ ਪਾਠ ਬੜੀ ਮਿੱਠੀ ਸੁਰ ਵਿਚ ਕਰ ਰਹੀ ਸੀ, ਅੰਦਰ ਵੜਦਿਆਂ ਹੀ ਇਕ ਸੁਹਣਾ ਪ੍ਰਭਾਉ ਛਾ ਗਿਆ ਤੇ ਮਿੱਠੀ ਪਿਆਰੀ ਸੁਰ ਨੇ ਬਾਬੇ ਦਾ ਧ੍ਯਾਨ ਉੱਚਾ ਕਰ ਦਿੱਤਾ। ਸੁਭਾਗ ਇਸ ਵੇਲੇ ਇਹ ਤੁੱਕਾਂ ਪੜ੍ਹ ਰਹੀ ਸੀ -

ਸਲੋਕ ਮਹਲਾ ੧॥
ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥
ਮ:੧॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥

ਪੰਨਾ - 498

ਗੁਰਬਾਣੀ, ਗੁਰੂ ਰੂਪ ਬਾਣੀ ਦਾ ਬਾਬੇ ਦੇ ਅੰਦਰ ਅਸਰ ਹੋ ਗਿਆ। ਬਾਬੇ ਦੀ ਸੋਚਾਂ ਦੀ ਤਾਣੀ ਨੂੰ ਗੁਰੂ ਬਾਬੇ ਨੇ ਸੁਲਝਾ ਦਿੱਤਾ। ਬਾਬੇ ਨੂੰ ਸਭ ਗੱਲਾਂ ਦਾ ਇਕੋ ਦਾਰੂ ਯਾਦ ਆ ਗਿਆ -

'ਸੱਚ'

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਪੰਨਾ - 498

ਜਦ ਸਤਿਗੁਰ ਦਾ ਬਖਸ਼ਿਆ ਸੱਚ ਪੱਲੇ ਹੈ ਤਾਂ ਕਾਹਦਾ ਡਰ ਹੈ? ਇਹ ਸੋਚ ਆਈ, ਬਾਬੇ ਦੇ ਧਿਆਨ ਨੇ ਮੋੜਾ ਖਾਧਾ। ਧ੍ਯਾਨ ਆਇਆ, ਸੁਰਤ ਉੱਚੀ ਹੋ ਗਈ, ਨਾਮ ਦਾ ਵੇਗ ਤਾਂ ਜਾਰੀ ਹੀ ਸੀ, ਕੇਵਲ ਬੇ-ਮਲੂਮਾ ਸੀ। ਗੱਲ ਕੀ ਪਲੋ ਪਲੀ ਵਿਚ ਉਹੋ ਬਾਬਾ, ਉਹੋ ਬਾਬੇ ਦੇ ਰੰਗ, ਓਹੋ ਚੜ੍ਹਦੀਆਂ ਕਲਾਂ।

ਬਾਬੇ ਨੂੰ ਦੁੱਖ ਉਠੇ ਕਿ ਐਡਾ ਰਸੀਆ ਹੋ ਕੇ ਮੈਂ ਭੀ ਕਾਂਪ ਖਾ ਗਿਆ, ਪਰ ਫੇਰ ਰਜ਼ਾ ਦਾ ਸਬਕ ਯਾਦ ਆਇਆ, ਫੇਰ ਚੇਤੇ ਆਇਆ ਕਿ ਸਾਰਾ ਸੁਖ 'ਮਿਹਰ' ਹੈ, 'ਮਿਹਰ' ਇਕ ਛਿਨ ਪਰੇ ਹਟੇ ਤਾਂ ਕੀ ਹਾਲ ਹੋ ਜਾਂਦਾ ਹੈ? ਤਾਂਤੇ -

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਪੰਨਾ - 827

ਐਉਂ 'ਤੇਰਾ' ਵਿਚ 'ਮੈ' ਰੰਗੀ ਗਈ ਤੇ ਬਾਬਾ ਫੇਰ ਸੁਖੀ ਹੋ ਗਿਆ।

ਇਕ ਦਿਨ ਬਰਿਸਟਰ ਤੇ ਬ੍ਰਿਸਟਰਾਣੀ ਜੋ ਹੁਣ ਕੁਛ ਸੁਖੀ ਸਨ ਆਪੋ ਵਿਚ ਗੱਲੀਂ ਲੱਗੇ ਹੋਏ ਸਨ।

ਬ੍ਰਿਸਟਰ - ਪਿਆਰੀ! ਇਹ ਕੇਹੀ ਆਫਤ ਸਾਡੇ ਸਿਰ ਆਈ?

ਵਹੁਟੀ - ਕੋਈ ਖੋਟੇ ਕਰਮ ਉੱਗ ਪਏ।

ਬ੍ਰਿਸਟਰ - ਕਰਮ ਕਾਹਦੇ? ਐਵੇਂ ਹੋ ਜਾਂਦਾ ਹੈ।

ਵਹੁਟੀ - ਐਵੇਂ ਹੀ ਐਨੀ ਮੁਸੀਬਤ ਆ ਗਈ?

ਬ੍ਰਿਸਟਰ - ਐਵੇਂ ਹੀ ਹੋ ਜਾਂਦਾ ਹੈ, ਹੋਰ ਕੀ ਹੈ?

ਵਹੁਟੀ - ਕਰਮਾਂ ਦਾ ਫਲ ਨਹੀਂ?

ਬ੍ਰਿਸਟਰ - ਕਰਮ ਕੈਸੇ?

ਵਹੁਟੀ - ਜੋ ਪੂਰਬਲੇ ਜਨਮਾਂ ਵਿਚ ਕੀਤੇ।

ਬ੍ਰਿਸਟਰ - ਸ਼ਿਹ, ਜਨਮ ਕੈਸੇ ਤੇ ਕਰਮ ਕੈਸੇ?

ਵਹੁਟੀ - ਪਰ ਜਿਸ ਵੇਲੇ ਵਾਹਰ ਆਈ ਹੋਈ ਸੀ ਤੇ ਜਾਨ ਜੋਖੋਂ ਵਿਚ ਸੀ ਉਸ ਵੇਲੇ ਤਾਂ ਤੁਸੀਂ ਇਸ ਦਲੇਰੀ ਵਿਚ ਨਹੀਂ ਸੇ, ਅਤਿ ਡਰੇ ਹੋਏ ਸੇ।

ਬ੍ਰਿਸਟਰ - ਹਾਂ ਸੀ ਤਾਂ ਏਸੇ ਤਰ੍ਹਾਂ।

ਵਹੁਟੀ - ਫੇਰ ਉਸ ਵੇਲੇ ਰੱਬ ਬਹੁੜਿਆ, ਨਹੀਂ ਤਾ ਕੋਈ ਹਾਲ ਸੀ?

ਬ੍ਰਿਸਟਰ - ਸ਼ਿਹ, ਰੱਬ ਕੈਸਾ ਤੇ ਬਹੁੜਨਾ ਕੀਹ?

ਵਹੁਟੀ - ਖਬਰੇ ਸਾਡੇ ਇਹੋ ਹੀ ਭੈੜੇ ਕਰਮ ਹਨ ਜੋ ਸਾਨੂੰ ਖੁਆਰ ਕਰਦੇ ਰਹੇ ਹਨ।

ਬ੍ਰਿਸਟਰ - ਮੈਂ ਤੈਨੂੰ ਵਲੈਤ ਬੀ ਲੈ ਗਿਆ, ਪੜ੍ਹਾਯਾ ਬੀ,

ਪਰ ਹਿੰਦੁਸਤਾਨ ਦੀਆਂ ਤ੍ਰੀਮਤਾਂ ਦੇ ਖਮੀਰ ਵਿਚ ਧਰਮ ਦਾ ਐਸਾ ਅਸਰ ਹੈ ਕਿ ਨਿਕਲਦਾ ਹੀ ਹਨੀਂ।

ਵਹੁਟੀ – ਧਰਮ ਤੋਂ ਤੁਹਾਨੂੰ ਬੜੀ ਘ੍ਰਿਣਾ ਹੈ?

ਬ੍ਰਿਸਟਰ – ਧਰਮ ਨੇ ਹਿੰਦੁਸਤਾਨ ਨੂੰ ਡਬੋਯਾ ਹੈ।

ਵਹੁਟੀ – ਧਰਮ ਨੇ ਕਿ ਅਧਰਮ ਨੇ?

ਬ੍ਰਿਸਟਰ – ਧਰਮ ਨੇ। ਦੇਖੋ ਇੰਗਲੈਂਡ, ਫ੍ਰਾਂਸ ਜਰਮਨੀ ਜਾਪਾਨ ਕਿੰਨੇ ਮੌਜਾਂ ਵਿਚ ਹਨ ਤੇ ਹਿੰਦੁਸਤਾਨ ਗ੍ਰੀਬ ਹੈ। ਧਰਮੀ ਦੁਖੀ ਹਨ ਤੇ ਧਰਮ ਤੋਂ ਬੇਪ੍ਰਵਾਹ ਸੁਖੀ।

ਵਹੁਟੀ – ਫੇਰ ਹਿੰਦੁਸਤਾਨ ਵਿਚ ਪਿਆਰ, ਮੈਤ੍ਰੀ, ਕੁਰਬਾਨੀ ਨਹੀਂ?

ਬ੍ਰਿਸਟਰ – ਨਹੀਂ, ਹਿੰਦੁਸਤਾਨ ਵਿਚ ਭਰਮ, ਵਹਿਮ, ਡਰ, ਪਖੰਡ ਪੂਜਾ ਬਹੁਤ ਹੈ।

ਵਹੁਟੀ – ਪਰ ਭਰਮ, ਵਹਿਮ, ਡਰ, ਪਾਖੰਡ ਤਾਂ ਸਾਰੇ ਅਧਰਮ ਹਨ। ਤੁਸੀਂ ਕਹਿੰਦੇ ਹੋ ਧਰਮ ਨੇ ਡੋਬਿਆ ਹੈ।

ਬ੍ਰਿਸਟਰ – ਹਾਂ, ਇਸੇ ਨੇ ਡੋਬਿਆ ਜੋ ਧਰਮ ਸਮਝਿਆ ਜਾਂਦਾ ਹੈ।

ਵਹੁਟੀ – ਫੇਰ ਧਰਮ ਨੇ ਤਾਂ ਨਾ ਡੋਬਿਆ ਅਧਰਮ ਨੇ ਡੋਬਿਆ, ਜੋ ਗਲਤੀ ਨਾਲ ਧਰਮ ਸਮਝਿਆ ਜਾਂਦਾ ਹੈ, ਸੋ ਅਧਰਮ ਹੀ ਡੋਬਣਹਾਰਾ ਹੋਇਆ ਨਾਂ।

ਬ੍ਰਿਸਟਰ – ਏਸੇ ਤਰ੍ਹਾਂ ਹੀ ਸਹੀ।

ਵਹੁਟੀ – ਪਰਤੱਖ ਵੇਖੋ ਖਾਂ, ਸਾਡੀ ਜਾਨ ਜਿਨ੍ਹਾਂ ਨੇ ਬਚਾਈ ਹੈ ਤੇ ਆਪਣੀ ਜਾਨ ਹੂਲ ਕੇ ਬਚਾਈ ਹੈ ਅਰ ਹੁਣ ਕਿੰਨਾ ਪਿਆਰ ਕਰ ਰਹੇ ਹਨ, ਕੌਣ ਹਨ? ਮੈਨੂੰ ਇਸ ਘਰ ਵਿਚ ਇਹੋ ਮੁਸ਼ਕ ਆਉਂਦੀ ਹੈ ਕਿ ਏਹ ਧਰਮੀ ਲੋਕ ਹਨ।

ਬ੍ਰਿਸਟਰ – ਇਹ ਜਾਂਗਲੀ ਲੋਕ ਹਨ, ਵਹਿਸ਼ੀ, ਇਨ੍ਹਾਂ ਨੂੰ ਸਿੱਖ ਆਖਦੇ ਹਨ।

ਵਹੁਟੀ – ਜੇਹੋ ਜੇਹੇ ਸ਼ਹਿਰਾਂ ਵਿਚ ਵੀ ਹੁੰਦੇ ਹਨ?

ਬ੍ਰਿਸਟਰ – ਹਾਂ ਓਹੋ ਜੇਹੇ, ਪਰ ਏਹ ਵਧੇਰੇ ਜਾਂਗਲੀ ਹਨ।

ਵਹੁਟੀ – ਲੰਮੇ ਲੰਮੇ ਸੁਹਣੇ ਕੇਸਾਂ ਵਾਲੇ ਜਿਹੜੇ ਤੜਕੇ ਉਠਕੇ ਬਾਣੀਆਂ ਪੜ੍ਹਦੇ ਹਨ?

ਬ੍ਰਿਸਟਰ – ਓਹੋ; ਨਾਂ ਆਪ ਸੌਂਦੇ ਹਨ ਨਾਂ ਹਮਸਾਇਆਂ ਨੂੰ ਸੌਣ ਦੇਂਦੇ ਹਨ, ਨੀਂਦਰ ਦੇ ਵੈਰੀ।

ਵਹੁਟੀ – ਕੀ ਏਹ ਬਿਲਕੁਲ ਵਹਿਸ਼ੀ ਹਨ?

ਬ੍ਰਿਸਟਰ – ਕੇਸ ਜੁ ਰਖਦੇ ਹਨ, ਵਹਿਸ਼ੀ ਹੀ ਹੋਏ ਨਾਂ।

ਵਹੁਟੀ – ਸਿਰਫ ਏਨੀਂ ਗੱਲ ਪਿਛੇ? ਕੇਸ ਤਾਂ ਰਾਮ ਕ੍ਰਿਸ਼ਨ ਦੇ ਭੀ ਸਨ। ਬੁੱਧ ਤੋਂ ਪਹਿਲੇ ਤੇ ਬੁੱਧ ਆਪ ਸਾਰੇ ਸਾਡੇ ਵੱਡੇ ਕੇਸਾਧਾਰੀ ਸਨ, ਤੇ ਸਾਡੇ ਸਿਰ ਭੀ ਕੇਸ ਹਨ।

ਬ੍ਰਿਸਟਰ – ਹਾਂ, ਹੈ ਠੀਕ, ਪਰ ਇਹ ਬੜੇ ਮੈਲੇ ਲੋਕ ਹਨ।

ਵਹੁਟੀ – ਇਸ਼ਨਾਨ ਤਾਂ ਰੋਜ਼ ਕਰਦੇ ਹਨ, ਰਹਿੰਦੇ ਭੀ ਸੁਥਰੇ ਹਨ। ਇਹ ਘਰ ਤਾਂ ਸਾਡੀ ਕੋਠੀ ਨਾਲੋਂ ਭੀ ਸੁਥਰਾ ਹੈ, ਹਾਂ, ਗਰੀਬੀ ਹੈ। ਸਾਮਾਨ ਨਹੀਂ ਹੈ। ਤੁਸੀਂ ਦੱਸੋ ਇਨ੍ਹਾਂ ਨੂੰ ਮੈਲਾ ਕਿਉਂ ਆਖਦੇ ਹੋ? ਏਥੇ ਭਾਂਡੇ, ਬਰਤਨ, ਦੁੱਧ, ਮੰਡਾ, ਵਿਛਾਈ ਸਭ ਕੁਛ ਸੁਥਰਾ ਹੈ।

ਬ੍ਰਿਸਟਰ – ਬਈ ਸੱਚੀ ਗੱਲ ਇਹ ਹੈ ਕਿ ਮੈਨੂੰ ਆਪ ਤਾਂ ਪਤਾ ਕੁਛ ਨਹੀਂ। ਬਾਰ ਰੂਮ (ਵਕੀਲਾਂ ਦੇ ਕਮਰੇ) ਵਿਚ ਸਾਰੇ ਹਿੰਦੂ ਵਕੀਲ ਸਿੱਖਾਂ ਨੂੰ ਬੁਰਾ ਆਖਦੇ ਰਹਿੰਦੇ ਹਨ। ਮੇਰੇ ਜੀ ਵਿਚ ਭੀ ਬੁਰੇ ਬੈਠ ਗਏ ਹਨ, ਉਹ ਸੱਬਬ ਸ਼ਾਇਦ ਇਹ ਹੈ ਕਿ ਅਕਸਰ ਵਕੀਲ ਆਰਯਾ ਹਨ ਤੇ ਆਰਯਾ ਸਿੱਖਾਂ ਦੀ ਕੁਛ ਬਣਦੀ ਘੱਟ ਹੈ।

ਵਹੁਟੀ – ਪਰ ਪਰਤੱਖ ਨੂੰ ਕੀ ਪ੍ਰਮਾਣ ਹੈ? ਅੱਜ ਜੋ ਸਾਡੇ ਨਾਲ ਵਰਤੀ ਹੈ ਉਹ ਤਾਂ ਇਹ ਦੱਸਦੀ ਹੈ ਕਿ ਇਹ ਲੋਕ ਆਮ ਸ਼੍ਰੇਣੀ ਤੋਂ ਉੱਚੇ ਹਨ। ਅਸੀਂ ਇਨ੍ਹਾਂ ਦੇ ਕੀ ਲੱਗਦੇ ਹਾਂ ਜੋ ਇਹਨਾਂ ਨੇ ਸਾਨੂੰ ਐਨਾਂ ਪਿਆਰ ਕੀਤਾ ਹੈ? ਜੇ ਇਹ ਲੋਕ ਵਹਿਸ਼ੀ ਹਨ ਤਾਂ ਸਾਡੀ ਸਭ੍ਯਤਾ ਤੋਂ ਉਚੇਰੇ ਵਹਿਸ਼ੀ ਹਨ।

ਬ੍ਰਿਸਟਰ – (ਹੱਸ ਕੇ) ਸ਼ਾਇਦ ਏਸ ਕਰਕੇ ਕਿ ਮੈਂ ਬ੍ਰਿਸਟਰ ਹਾਂ ਤੇ ਇਨ੍ਹਾਂ ਲੋਕਾਂ ਦੇ ਸ਼ਹਿਰਾਂ ਵਿਚ ਮੁਕੱਦਮੇ ਰਹਿੰਦੇ ਹਨ, ਇਹ ਬੁੱਢਾ ਖਿਆਲ ਕਰਦਾ ਹੋਊ ਕਿ ਕਦੇ ਸ਼ਹਿਰ ਜਾਊ ਤਾਂ ਕਿਸੇ ਮੁਕੱਦਮੇ ਵਿਚ ਇਹ ਬ੍ਰਿਸਟਰ ਕੰਮ ਆ ਜਾਊ, ਹੋਰ ਕੀ ਹੋ ਸਕਦਾ ਹੈ?

ਵਹੁਟੀ – ਤਾਂ ਤੁਹਾਡੇ ਖਿਆਲ ਵਿਚ ਕੋਈ ਆਦਮੀ ਜਦ ਕਿਸੇ ਨਾਲ ਨੇਕੀ ਕਰਦਾ ਹੈ ਤਾਂ ਕੋਈ ਆਪਣੀ ਗਰਜ਼ ਰੱਖ ਲੈਂਦਾ ਹੈ, ਐਵੇਂ ਭਲੇ ਕਰਨ ਦੇ ਸ਼ੌਂਕ ਵਿਚ ਕੋਈ ਭਲਿਆਈ ਨਹੀਂ ਕਰਦਾ?

ਬ੍ਰਿਸਟਰ – ਹੋਰ ਕੀਹ ਹੈ?

ਵਹੁਟੀ – ਮੇਰੀ ਜਾਚੇ ਅਸਾਂ ਯੂਰਪ ਵਿਚ ਜਾ ਕੇ ਇਹੋ ਸਬਕ ਸਿੱਖਿਆ ਹੈ ਕਿ ਗਰਜ਼ ਤੇ ਕਾਮਨਾ ਬਿਨਾਂ ਕੋਈ ਨੇਕੀ ਨਹੀਂ। ਉਥੇ ਮਾਦਾ ਪ੍ਰਸਤੀ ਪ੍ਰਧਾਨ ਹੈ ਤੇ ਲੋਕੀਂ ਨਿਜ ਸੁਖ ਦੇ ਵਾਸਤੇ ਸ੍ਰੀਰਕ ਤੇ ਪਦਾਰਥਕ ਲਾਭ ਵਾਸਤੇ ਸਾਰੀ ਆਯੂ ਜਤਨ ਕਰਦੇ ਹਨ। ਅਸੀਂ ਆਪ ਏਸੇ ਤਰ੍ਹਾਂ ਦੇ ਹਾਂ, ਅਸਾਂ ਕਦੇ ਬਿਨਾਂ ਮਤਲਬ ਕਿਸੇ ਨੂੰ ਪਾਣੀ ਦਾ ਗਲਾਸ ਬੀ ਨਹੀਂ ਪਿਲਾਇਆ। ਇਸ ਬੁੱਢੇ ਨੂੰ ਕੋਈ ਮਤਲਬ ਸਾਡੇ ਨਾਲ ਨੇਕੀ ਕਰਨ ਦਾ ਨਜ਼ਰ ਨਹੀਂ ਪੈਂਦਾ। ਇਸ ਨੇ ਦੂਸਰੇ

ਪਿੰਡ ਦੇ ਲੋਕਾਂ ਦੀ ਕੁਛ ਨਰਾਜ਼ਗੀ ਭੀ ਝੱਲੀ ਹੈ। ਠਾਣੇਦਾਰ ਨਾਲ ਭੀ ਵਿਤੋਂ ਵੱਧ ਵਾਹ ਲਾਈ ਹੈ, ਸਿਰਫ ਏਨੀਂ ਗੱਲ ਲਈ ਕਿ ਕਦੇ ਮੁਕੱਦਮਾਂ ਪਵੇਗਾ ਤੇ ਸ਼ਹਿਰ ਵਿਚ ਤੁਸੀਂ ਕੰਮ ਆਵੋਗੇ? ਹੈਂ, ਨਿਰੀ ਐਨੀਂ ਗਲ ਲਈ ਇਸ ਨੇ ਤੁਹਾਡੇ ਨਾਲ ਐਨੀ ਕੁਰਬਾਨੀ ਤੇ ਨੇਕੀ ਕੀਤੀ ਹੈ?ਮੇਰੀ ਸਮਝੇ ਇਹ ਗੱਲ ਨਹੀਂ ਆਉਂਦੀ। ਜੇ ਇਸ ਨੂੰ ਇਹ ਸਮਝ ਹੈ ਕਿ ਤੁਸੀਂ ਕਦੇ ਕੰਮ ਆਓਗੇ, ਤਾਂ ਇਸ ਨੂੰ ਇਹ ਸਮਝ ਭੀ ਜਰੂਰ ਹੋਣੀ ਚਾਹੀਦੀ ਹੈ ਕਿ ਵਕੀਲ ਕਦੇ ਭੀ ਕਿਸੇ ਦੇ ਮੁਫਤ ਕੰਮ ਨਹੀਂ ਆ ਸਕਦੇ। ਆਮ ਤੌਰ ਤੇ ਤੁਹਾਡਾ ਫਿਰਕਾ ਨੇਕਨਾਮ ਨਹੀਂ ਹੈ। ਖੁਦਗਰਜ਼ੀ ਲਈ ਤੇ ਕੋਰੇਪਨ ਲਈ ਤੁਹਾਡਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ। ਸੋ ਮੈਂ ਨਹੀਂ ਸਮਝ ਸਕਦੀ ਕਿ ਜੇ ਇਹ ਗਰਜ਼ ਨਾਲ ਨੇਕੀ ਕਰਨ ਦੀ ਚਲਾਕੀ ਰੱਖਦਾ ਹੈ ਤਾਂ ਤੁਹਾਡੀ ਜਾਤ ਬਿਰਾਦਰੀ ਦੀ ਆਮ ਖੂਬੀ ਨੂੰ ਨਹੀਂ ਪਛਾਣਦਾ?

ਬ੍ਰਿਸਟਰ – (ਰੰਗ ਬਦਲ ਕੇ) ਤੇਰੀ ਗੱਲ ਵਿਚ ਕੁਛ ਦਲੀਲ ਤਾਂ ਦਿੱਸਦੀ ਹੈ।

ਵਹੁਟੀ – ਫੇਰ ਕਿਉਂ ਇਸ ਨੇ ਨੇਕੀ ਕੀਤੀ? ਇੰਨੇ ਨੂੰ ਸੁਭਾਗ ਦੁੱਧ ਲੈ ਕੇ ਆ ਗਈ, ਉਸ ਨੇ ਬੜੇ ਪਿਆਰ ਨਾਲ ਦੋਹਾਂ ਨੂੰ ਦੁੱਧ ਪਿਲਾਇਆ ਤੇ ਚਲੀ ਗਈ। ਡਾਕਟਰ, ਦੱਸ ਗਿਆ ਸੀ ਕਿ ਰਾਤੀਂ ਇਨ੍ਹਾਂ ਨੂੰ ਨੀਂਦ ਨਹੀਂ ਆਵੇਗੀ ਤੇ ਸ਼ਾਇਦ ਤਾਪ ਹੋ ਜਾਵੇ, ਤੁਸਾਂ ਖਿਆਲ ਰੱਖਣਾ, ਪਾਣੀ ਪਿਲਾ ਦੇਣਾ। ਸੋਈ ਗੱਲ ਹੋਈ। ਰਾਤ ਇਨ੍ਹਾਂ ਨੂੰ ਨੀਂਦ ਨਾ ਆਈ, ਪਰ ਟੱਬਰ ਦੇ ਚਾਰੇ ਆਦਮੀ ਪਹਿਰ ਪਹਿਰ ਭਰ ਵਾਰੋ ਵਾਰੀ ਇਨ੍ਹਾਂ ਦੇ ਕੋਲ ਜਾਗਦੇ ਰਹੇ ਤੇ ਹਸਪਤਾਲਾਂ ਦੀਆਂ ਸਿੱਖੀਆਂ ਨਰਸਾਂ (ਦਾਈਆਂ) ਕੋਲੋਂ ਵਧੀਕ ਪਿਆਰ ਨਾਲ ਸੇਵਾ ਕਰਦੇ ਰਹੇ। ਸਵੇਰ ਸਾਰ ਦੋਹਾਂ ਦਾ ਤਾਪ ਉਤਰਿਆ ਤੇ ਦੋਹਾਂ ਨੂੰ ਨੀਂਦ ਪੈ ਗਈ।

ਜਦ ਜਾਗ ਖੁੱਲ੍ਹੀ ਤਾਂ ਵਹੁਟੀ ਨੇ ਫੇਰ ਪੁਛਿਆ ਕਿ ਸਾਡੀ ਸੇਵਾ ਇਹ ਕਿਉਂ ਟੱਬਰ ਦੇ ਜੀਆਂ ਵਾਂਗ ਪਿਆਰ ਨਾਲ ਕਰ ਰਹੇ ਹਨ?

ਬ੍ਰਿਸਟਰ ਨੇ ਕਿਹਾ, ਮੇਰੀ ਅਕਲ ਕੰਮ ਨਹੀਂ ਕਰਦੀ, ਮੈਂ ਅੱਜ ਤੱਕ ਜੋ ਤਜਰਬਾ ਕੀਤਾ ਹੈ ਕਿ – 'ਦੁਨੀਆ ਮਤਲਬ ਦੀ'

ਉਹ ਮੈਨੂੰ ਭੀ ਏਥੇ ਨਜ਼ਰ ਨਹੀਂ ਪੈਂਦਾ। ਅੱਜ ਮੇਰੀ ਸਲਾਹ ਹੈ ਕਿ ਡਾਕਟਰ ਆਵੇਗਾ ਤਾਂ ਪੁੱਛਾਂਗਾ। ਹੋਰ ਤਾਂ ਅਜੇ ਏਥੇ ਸਾਡਾ ਕੋਈ ਜਾਣੂੰ ਨਹੀਂ ਹੈ ਜੋ ਪੜ੍ਹਿਆ ਹੋਇਆ ਹੋਵੇ।

ਦੁਪਹਿਰੇ ਜਦ ਡਾਕਟਰ ਜੀ ਆਏ ਤੇ ਦੋਹਾਂ ਦੇ ਜ਼ਖਮ ਬੰਨ੍ਹ ਚੁਕੇ ਤਾਂ ਬ੍ਰਿਸਟਰ ਨੇ ਕਿਹਾ, 'ਡਾਕਟਰ ਜੀ! ਇਥੇ ਮੇਰੇ ਪਾਸ ਰੁਪਏ ਨਾਲ ਨਹੀਂ ਹਨ, ਆਪ ਨੇ ਕਿਰਪਾ ਕਰ ਕੇ ਆਪਣੇ ਫੇਰੇ ਲਿਖੀ ਜਾਣੇ ਤੇ ਬਿੱਲ ਬਣਾ ਘੱਲਣਾ, ਸ਼ਹਿਰੋਂ ਰਕਮ ਘੱਲ ਦਿਆਂਗਾ।'

ਡਾਕਟਰ – ਮੈਨੂੰ ਨਹੀਂ ਸੀ ਪਤਾ ਕਿ ਬਾਬੇ ਦੇ ਘਰ ਐਸੇ ਖਜ਼ਾਲਾਂ ਦੇ ਲੋਕੀਂ ਭੀ ਛਤਰ ਛਾਯਾ ਪ੍ਰਾਪਤ ਕਰ ਸਕਦੇ ਹਨ?

ਬ੍ਰਿਸਟਰ – ਕਿਉਂ ਜੀ, ਇਸ ਵਿਚ ਕੀਹ ਹੈ? ਆਪ ਦਾ ਕਮਾਮ (ਪੇਸ਼ਾ) ਹੈ, ਕੋਈ ਮਿਹਣਾ ਹੈ?

ਡਾਕਟਰ – ਮਿਹਣਾ ਕਾਹਦਾ? ਪਰ ਮੈਂ ਛੁੱਟੀ ਪਰ ਹਾਂ ਤੇ ਏਥੇ ਬਾਬੇ ਦੇ ਪਿਆਰ ਖਾਤਰ ਉਸ ਦੀ ਪ੍ਰੇਮ ਭਰੀ ਸੇਵਾ ਵਿਚ ਹਿੱਸਾ ਲੈਣ ਆਯਾ ਹਾਂ। ਰੁਪੱਯਾਂ ਦੀ ਖਾਤਰ ਮੈਂ ਐਨੀਂ ਦੂਰ ਰੋਜ਼ ਆਪਣੀ ਛੁੱਟੀ ਦਾ ਅਰਾਮ ਬਰਬਾਦ ਕਰਨ ਵਾਸਤੇ ਕਦੇ ਨਹੀਂ ਆ ਸਕਦਾ, ਨਾਂ ਰੁਪੱਯਾਂ ਦੀ ਖਾਤਰ ਇਸ ਉਗਾਹੀਆਂ ਭਰਣ ਵਾਲੇ ਕੰਮ ਵਿਚ ਮੈਂ ਦਖਲ ਦੇਣਾ ਪਸੰਦ ਕਰ ਸਕਦਾ ਹਾਂ, ਜਦ ਕਿ ਮੇਰਾ ਫਰਜ਼ ਮੈਨੂੰ ਵੰਗਾਰ ਨਹੀਂ ਰਿਹਾ। ਮੈਂ ਤਾਂ ਇਸ ਬਾਬੇ ਦੇ ਅਮਲੀ ਜੀਵਨ ਦਾ ਕਦਰਦਾਨ ਹਾਂ ਤੇ ਇਸ ਦੀ ਆਗਯਾ ਪਾਲਣ ਵਿਚ ਆਪ ਦੀ ਸੇਵਾ ਕਰ ਰਿਹਾ ਹਾਂ।

ਬ੍ਰਿਸਟਰ – ਇਹ ਬਾਬਾ ਸਾਡੀ ਸੇਵਾ ਕਿਉਂ ਕਰ ਰਿਹਾ ਹੈ?

ਡਾਕਟਰ – ਹੱਛਾ, ਆਪਨੂੰ ਇਹ ਬੀ ਪਤਾ ਨਹੀਂ? ਤਾਂ ਮੈਂ ਭੀ ਭੁਲੇਵੇ ਵਿਚ ਰਿਹਾ। ਮੈਂ ਜਾਤਾ ਤੁਸੀਂ ਸਤਿਸੰਗੀ ਪੁਰਸ਼ ਹੋ ਤੇ ਬਾਬਾ ਉਸ ਪਿਆਰ ਕਰ ਕੇ ਤੁਹਾਡੇ ਸਦਕੇ ਹੋ ਰਿਹਾ ਹੈ। ਤੁਸੀਂ ਬਿਲਕੁਲ ਓਪਰੇ ਹੋ ਤੇ ਮਲੂਮ ਹੁੰਦਾ ਹੈ ਕਿ ਉੱਚ ਜੀਵਨ ਦੇ ਜਾਣੂੰ ਭੀ ਨਹੀਂ ਹੋ ਤੇ ਫੇਰ ਵੀ ਬਾਬਾ ਤੁਸਾਂ ਨਾਲ ਪ੍ਰੇਮ ਕਰ ਰਿਹਾ ਹੈ। ਵਾਹ ਬਈ ਬਾਬਾ! ਤੇਰੀ ਰਾਤ ਤੂੰਹੇਂ ਜੰਮਿਆਂ ਹੈਂ।

ਵਹੁਟੀ – ਡਾਕਟਰ ਜੀ! ਮਾਫ ਕਰਨਾ! ਅਸੀਂ ਢੇਰ ਸਾਰਾ ਹਿੱਸਾ ਉਮਰ ਦਾ ਯੂਰਪ ਵਿਚ ਲਾਯਾ ਹੈ ਤੇ ਅਸਾਂ ਸਿੱਖਯਾ ਹੈ ਕਿ ਜਗਤ ਵਿਚ ਬਿਨਾਂ ਗਰਜ਼ੋਂ ਕੋਈ ਕਿਸੇ ਦਾ ਕੰਮ ਨਹੀਂ ਕਰਦਾ; ਸਭ ਥਾਈਂ ਪਦਾਰਥ ਅਤੇ ਸ੍ਰੀਰਕ ਲਾਭ ਹੀ ਜੀਵਨ ਦਾ ਮਨੋਰਥ ਹਨ। ਮਾਲੀ ਤ੍ਰੱਕੀ ਕਰਨੀ ਤੇ ਵੱਡਾ ਹੋਣਾ ਇਹ ਸਭ ਦਾ ਧਰਮ ਹੈ, ਗਰਜ਼ੇ ਕਿ ਕੇਵਲ ਮਾਲੀ ਤ੍ਰੱਕੀ ਲਈ ਮਨੁੱਖ ਜੀਉਂਦਾ ਹੈ। ਸਾਨੂੰ ਸਮਝ ਨਹੀਂ ਪੈਂਦੀ ਕਿ ਸਾਡੇ ਨਾਲ ਇੰਨਾ ਪਿਆਰ ਕਿਉਂ ਹੋਇਆ ਹੈ?

ਡਾਕਟਰ – ਸ਼ਾਇਦ ਇਸ ਲਈ ਹੋ ਰਿਹਾ ਹੋਵੇ ਕਿ ਤੁਸੀਂ ਅਮੀਰ ਆਦਮੀ ਹੋ, ਮੋਟਰਾਂ ਪੁਰ ਚੜ੍ਹਦੇ ਹੋ, ਵਕੀਲ ਹੋ, ਕਦੇ ਬਾਬੇ ਨੂੰ ਲੋੜ ਪਈ ਤਾਂ ਕੰਮ ਆਵੋਗੇ।

ਬ੍ਰਿਸਟਰ – (ਵਹੁਟੀ ਵਲ ਤੱਕ ਕੇ ਤੇ ਸੈਨਤ ਮਾਰ ਕੇ) ਡਾਕਟਰ ਸਾਹਿਬ ਸਾਨੂੰ ਕੁਛ ਹਸੀ ਕਰਦੇ ਹਨ।

ਡਾਕਟਰ – ਫੇਰ ਜੀਓ! ਅੱਜ ਕਲ ਦੀ ਦੁਨੀਆਂ ਵਿਚ ਤਾਂ ਇਹੋ ਹੀ ਹਿਸਾਬ ਹੈ। ਕੌਣ ਯਕੀਨ ਕਰ ਸਕਦਾ ਹੈ ਕਿ ਬਾਬੇ ਨੇ ਇਹ ਸਭ ਕੁਛ ਆਪਣੇ ਵਾਹਿਗੁਰੂ ਦੇ ਪਿਆਰ ਵਿਚ ਬਿਲਕੁਲ ਨਿਸ਼ਕਾਮ ਕੀਤਾ ਹੈ? ਇਹ ਕਹਿਣਾ ਅਜ

ਕੱਲ ਆਪਣੇ ਆਪ ਨੂੰ ਪਾਗਲ ਬਨਾਉਣਾ ਹੈ, ਕੋਈ ਯਕੀਨ ਨਹੀਂ ਕਰ ਸਕਦਾ, ਕਿਉਂਕਿ ਖੁਦਗਰਜ਼ੀ ਬਹੁਤ ਵਧ ਗਈ ਹੈ। ਸੰਸਾਰ ਤੋਂ ਉਚੇਰੀ ਨਜ਼ਰ ਉਠਦੀ ਹੀ ਨਹੀਂ, ਹਰ ਕੋਈ ਸੁਾਰਥ ਵਿਚ ਕੁੱਠਾ ਪਿਆ ਹੈ। ਸੋ ਸੁਆਰਥੀ ਦੇ ਭਾਣੇ ਪਰਸੁਆਰਥੀ ਕੋਈ ਹੋ ਨਹੀਂ ਸਕਦਾ, ਉਹ ਪਰਸੁਆਰਥੀ ਨੂੰ ਸੁਆਰਥੀ ਸਮਝਦਾ ਹੈ, ਸਗੋਂ ਦੁੱਖ ਦੇਂਦਾ ਹੈ। ਮੈਂ ਕਈ ਮਾਯਾ-ਧਾਰੀਆਂ ਨੂੰ ਡਿੱਠਾ ਹੈ ਕਿ ਅਕਾਰਣ ਭਲੇ ਪੁਰਖਾਂ ਨੂੰ ਦੁੱਖ ਦੇਂਦੇ ਹਨ।

ਬ੍ਰਿਸਟਰ - (ਜ਼ਰਾ ਕੋਮਲ ਸੁਰ ਵਿਚ) ਤੁਸੀਂ ਠੀਕ ਕਿਹਾ ਹੈ, ਮੇਰੇ ਹੁਣ ਹਡ ਵਰਤੀ ਹੈ। ਇਸ ਤੋਂ ਪਹਿਲਾਂ ਮੈਨੂੰ ਬ੍ਰਹਮਾਂ ਵੀ ਆ ਕੇ ਆਖਦਾ ਕਿ ਕੋਈ ਆਦਮੀ ਪਰਸੁਆਰਥ ਕਰ ਰਿਹਾ ਹੈ ਜਾਂ ਰੱਬ ਤਰਸੀ ਕੰਮ ਕਰ ਰਿਹਾ ਹੈ ਤਾਂ ਮੈਂ ਉਸਨੂੰ ਪਾਗਲ ਸਮਝਦਾ। ਹੁਣ ਮੇਰੇ ਹੱਡੀ ਆ ਵਰਤੀ ਹੈ ਤਾਂ ਬੀ ਮੈਂ ਬਾਬੇ ਨੂੰ ਪਰਸੁਆਰਥੀ ਨਹੀਂ ਸਮਝ ਸਕਿਆ। ਤੁਹਾਡੇ ਕਹਣਿ ਨਾਲ ਹੁਣ ਮੇਰੀ ਸਮਝ ਵਿਚ ਆ ਗਿਆ ਹੈ, ਪਰ ਅਜੇ ਭੀ ਸ਼ੱਕ ਉਪਜਦਾ ਹੈ ਕਿ ਖਬਰੇ ਕੋਈ ਗੱਲ ਨਿਕਲ ਨਾਂ ਆਵੇ।

ਡਾਕਟਰ - ਇਹ ਉਸ ਵਿੱਦਜਾ ਦਾ ਫਲ ਹੈ ਜੋ ਦਿਮਾਗ ਨੂੰ ਨੇਕੀ ਨਾਲ, ਗੁਣਾਂ ਨਾਲ ਭਰਮ ਦੀ ਥਾਂ 'ਮਨ ਦੀ ਮੱਤ' ਨਾਲ - ਜੇਹੀ ਉਹ ਹੋਵੇ ਤਿੱਖਜਾਂ ਤੇ ਵਧੇਰੇ ਤ੍ਰਿੱਖਜਾਂ ਕਰ ਦੇਣ ਦਾ ਕੰਮ ਕਰਦੀ ਹੈ। ਅਕਲ ਨੂੰ ਉੱਜਲ ਤੇ ਭਰੋਸੇ ਵਾਲਾ ਕਰਨ ਦੀ ਥਾਂ ਸ਼ੱਕ ਦਾ ਮਾਦਾ ਕੁੱਟ ਕੁੱਟ ਕੇ ਭਰ ਦੇਂਦੀ ਹੈ। ਐਸੀ ਵਿੱਦਜਾ ਸੁਭਾਵ ਨਹੀਂ ਪਲਟਦੀ ਸਗੋਂ ਜੇਹੇ ਸੁਭਾਵ ਹੋਣ ਉਹਨਾਂ ਨੂੰ ਸਾਣ ਤੇ ਚਾੜ੍ਹ ਦੇਂਦੀ ਹੈ। ਜਿਨ੍ਹਾਂ ਦੇਸ਼ਾਂ ਵਿਚ ਆਪ ਫਿਰਕੇ ਆਏ ਹੋ ਉਹ ਪਸ਼ੂ ਬ੍ਰਿਤੀ ਨੂੰ ਨਹੀਂ ਜਿੱਤ ਰਹੇ, ਸਗੋਂ ਪਸ਼ੂ ਬ੍ਰਿਤੀ ਨੂੰ ਵਧੇਰੇ ਜ਼ਬਰਦਸਤ ਤ੍ਰੀਕਿਆ ਨਾਲ ਸਿਰੇ ਚਾੜ੍ਹ ਰਹੇ ਹਨ। ਜੇ ਅਨਪੜ੍ਹ ਆਦਮੀ ਤਲਵਾਰ ਨਾਲ ਮਾਰਦਾ ਸੀ ਤਾਂ ਇਕ ਆਦਮੀ ਨੂੰ ਮਾਰਦਾ ਸੀ, ਹੁਣ ਪੱਛਮੀ ਵਿਦਵਾਨ ਬੜੀ ਅਕਲ ਵਾਲੀ ਤੋਪ ਤੇ ਹੋਰ ਤ੍ਰੀਕਿਆਂ ਨਾਲ ਹਜ਼ਾਰਾਂ ਦੇ ਆਹੂ ਲਾਹ ਧਰਦਾ ਹੈ। ਪਰਾਏ ਦੇਸ ਖੋਹ ਲੈਣ ਦੇ ਤ੍ਰੀਕੇ ਵਧੇਰੇ ਗੁੰਝਲਦਾਰ ਨਿਕਲ ਪਏ ਹਨ। ਜੀਵਨ ਉਹੋ ਦਾ ਉਹੋ ਪਸ਼ੂ ਜੀਵਨ ਹੈ। ਜੀਕੁਰ ਜਾਨਵਰ ਆਪਣੇ ਖਾਣ ਪੀਣ ਲਈ ਦੂਜੇ ਨੂੰ ਢੁੱਡ ਮਾਰ ਕੇ ਨਸਾਉਂਦਾ ਤੇ ਆਪਣਾ ਪੇਟ ਭਰਦਾ ਹੈ, ਇਸ ਤਰ੍ਹਾਂ ਉਸ ਵਿਦਜਾ ਵਾਲਾ ਮਨੁੱਖ ਕਰ ਰਿਹਾ ਹੈ ਜੋ ਵਿਦਜਾ ਕਿ ਹਮਦਰਦੀ ਤੇ ਪਜਾਰ ਨਹੀਂ ਸਿਖਾਉਂਦੀ। ਜੇ ਵਿਦਜਾ ਸੁਭਾਉ ਨੂੰ ਪਲਟਾ ਦੇਂਦੀ ਤਾਂ ਮਨੁਖ ਆਪਣੇ ਵਿਚ ਜਾਨਵਰਾਂ ਨਾਲੋਂ ਕੁਛ ਵਾਧਾ ਵੇਖਦਾ ਤਾਂ ਇਨਸਾਫ ਅਥਵਾ ਧਰਮ ਉੱਤੇ ਖੜੋਂਦਾ, ਆਪਣੇ ਹੱਕ ਵਿਚਾਰਦਾ, ਆਪਣੇ ਹੱਕ ਦੀ ਰਾਖੀ ਕਰਦਾ, ਪਰ ਨਾਲ ਹੀ ਪਰਾਏ ਦੇ ਹੱਕਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦਾ। ਜੇ ਮਨੁੱਖ ਨੂੰ ਹੱਕ ਦੀ ਸਮਝ ਆ ਗਈ ਤੇ ਉਸ ਲਈ ਦ੍ਰਿੜ੍ਹ ਹੋ ਰਿਹਾ ਹੈ ਤਾਂ ਅਜੇ ਪਸ਼ੂਪੁਨੇ ਤੋਂ ਬਹੁਤ ਉੱਚਾ ਨਹੀਂ ਹੋਇਆ। ਹਾਂ, ਜੇ ਉਸਨੇ ਆਪਣਾ ਫਰਜ਼ ਬੀ ਪਛਾਣਿਆ ਹੈ, ਅਰਥਾਤ ਦੂਸਰੇ ਦੇ ਹੱਕ ਦਾ ਸਤਿਕਾਰ ਕਰਨਾ ਭੀ ਸਿੱਖ ਲਿਆ ਹੈ ਤਾਂ ਉਹ ਮਨੁੱਖਤਾਈ ਵਿਚ ਆਇਆ ਹੈ, ਉਹ ਸੁਖ ਪਾਵੇਗਾ, ਸੁਖ ਦੇਵੇਗਾ। ਦੂਸਰੇ, ਜੋ ਉਸ ਨੇ ਦਇਆ ਤੇ ਸੰਤੋਖ ਸਿਖਾ ਲਿਆ ਹੈ ਤਾਂ ਉਹ ਉੱਤਮ ਮਨੁੱਖ ਜਾਂ ਦੇਵਤਾ ਹੋ ਗਿਆ ਹੈ। ਸੰਤੋਖ ਇਹ ਕਿ ਆਪਣੇ ਹੱਕ ਤੋਂ ਵਧੀਕ ਬਿਨਹੱਕਾ ਕੁਛ ਨਹੀਂ ਲੈਂਦਾ ਤੇ ਜੇ ਘੱਟ ਮਿਲ ਜਾਂਦਾ ਹੈ ਤਾਂ ਭੀ ਸੰਤੁਸ਼ਟ ਰਹਿੰਦਾ ਹੈ ਤੇ ਦਇਆ ਇਹ ਕਿ ਦੂਸਰੇ ਵਲੋਂ ਜੇ ਆਪ ਨੂੰ ਦੁਖ ਪੁੱਜਦਾ ਹੈ ਤਾਂ ਉਸ ਨਾਲ ਬੁਰਾ ਨਹੀਂ ਕਰਦਾ, ਮਨ ਕਿਰਪਾ ਦੇ ਘਰ ਵਿਚ ਰੱਖਦਾ ਹੈ। ਦੂਸਰੇ ਨੂੰ ਉਸਦੇ ਹੱਕ ਬਿਨਾਂ ਭੀ, ਪਿਆਰ ਨਾਲ, ਜੇ ਲੋੜ ਸਮਝਦਾ ਹੈ ਤਾਂ ਦੇਂਦਾ ਹੈ, ਪਰ ਇਹ ਵਿਦਜਾ ਦੇਣ ਦੇ ਤ੍ਰੀਕੇ ਦਾ ਨੁਕਸ ਹੈ। ਵਿਦਜਾ ਉਸ ਤਰ੍ਹਾਂ ਦੇਣੀ ਚਾਹੀਏ ਕਿ ਉਸ ਨਾਲ ਹਮਦਰਦੀ ਵਧੇ, ਪਜਾਰ ਵਧੇ ਤੇ ਸਚ ਆਵੇ।

ਬ੍ਰਿਸਟਰ - ਡਾਕਟਰ ਜੀ! ਮਾਫ ਕਰਨਾ ਮੈਂ ਗੱਲ ਟੁੱਕਦਾ ਹਾਂ, ਜੈਸਾ ਕੋਈ ਵਰਤੇ ਵੈਸਾ ਅਗੋਂ ਵਰਤਣਾ, ਇਹ ਤਾਂ ਮੈਂ ਸਮਝਦਾ ਹਾਂ, ਇਨ੍ਹਾਂ ਨਾਲ ਹੀ ਭਾਈਚਾਰਾ ਤੇ ਰਾਜ ਪ੍ਰਬੰਧ ਟੁਰਦਾ ਹੈ ਤੇ ਮਨੁੱਖ ਨੂੰ ਵੱਧ ਤੋਂ ਵੱਧ ਸੁਖ ਮਿਲਦਾ ਹੈ, ਪਰ ਆਪ ਦੁੱਖ ਪਾ ਕੇ ਸੁਖ ਦੇਣਾ, ਕੁਛ ਨਾ ਆਸ ਕਰ ਕੇ ਦੂਜੇ ਨੂੰ ਸੁਖ ਪੁਚਾਉਣਾ, ਇਹ ਨੇਕ ਖਿਆਲ ਹੈ, ਪਰ ਅਮਲੀ ਦੁਨੀਆਂ ਵਿਚ ਕਿਤੇ ਵਰਤ ਰਿਹਾ ਨਹੀਂ ਦਿੱਸਦਾ ਤੇ ਹੋ ਹੀ ਨਹੀਂ ਸਕਦਾ। ਇਹ ਖਿਆਲ ਹੀ ਖਿਆਲ ਹੈ, ਕੁਦਰਤ ਵਿਚ ਸੁਤੇ ਇਹ ਹੈ ਹੀ ਨਹੀਂ।

ਡਾਕਟਰ - ਤੁਹਾਨੂੰ ਆਪਣੀ ਮਾਤਾ ਦੀ ਸੰਭਾਲ ਹੈ?

ਬ੍ਰਿਸਟਰ - ਹੈ।

ਡਾਕਟਰ - ਉਸ ਨੇ ਤੁਹਾਡੇ ਨਾਲ ਆਪ ਦੁਖ ਪਾ ਕੇ ਤੁਹਾਨੂੰ ਸੁਖ ਦੇਣ ਦਾ ਵਰਤਾਉ ਕੀਤਾ ਹੈ ਕਿ ਨਹੀਂ?ਉਹ ਬਚਪਨ ਵਿਚ ਕਿਸ ਤਰ੍ਹਾਂ ਦੀ ਕੁਰਬਾਨੀ ਤੇ ਨਿਸ਼ਕਾਮਤਾ ਨਾਲ ਤੁਹਾਨੂੰ ਪਾਲਦੀ ਰਹੀ ਹੈ। ਜੇ ਕਹੋ ਉਸ ਨੂੰ ਕਾਮਨਾਂ ਹੁੰਦੀ ਹੈ ਕਿ ਪੁਤ੍ਰ ਵੱਡਾ ਹੋ ਕੇ ਮੇਰੀ ਸੇਵਾ ਕਰੇਗਾ ਤਾਂ ਨਜ਼ੀਰਾਂ ਮੌਜੂਦ ਹਨ ਕਿ ਮਾਵਾਂ ਨੇ ਸਾਰੀ ਉਮਰ ਦੇ ਰੋਗੀ ਪੁਤ੍ਰਾਂ ਦੀ ਉਸ ਪਿਆਰ ਨਾਲ ਸੇਵਾ ਪਾਲਨਾ ਕੀਤੀ ਜੀਕੂੰ ਦੂਜਿਆਂ ਦੀ। ਚੋਰ, ਜੁਆਰੀਏ ਤੇ ਖਾਨਦਾਨ ਬਰਬਾਦ ਕਰਨ ਵਾਲੇ ਪੁੱਤ੍ਰਾਂ ਨੂੰ ਮਾਵਾਂ ਨੇ ਉਸੇ ਕੋਮਲਤਾ ਤੇ ਆਦਰ ਨਾਲ ਪਿਆਰਿਆ, ਜਿਸ ਨਾਲ ਨੇਕ ਪੁੱਤ੍ਰਾਂ ਨੂੰ ਮਾਵਾਂ ਨੇ ਪਾਲਿਆ। ਕਈ ਵੇਰ ਖੋਟੇ ਪੁੱਤ੍ਰਾਂ ਨੂੰ ਮਾਵਾਂ ਨੇ ਖਰਿਆਂ ਨਾਲੋਂ ਵਧੇਰੇ ਪਿਆਰ ਕੀਤਾ ਹੈ। ਇਨ੍ਹਾਂ ਨਜ਼ੀਰਾਂ ਦੇ ਮੁਤਾਲਆ ਕਰਨ ਤੋਂ ਬ੍ਰਿਸਟਰ ਸਾਹਿਬ! ਆਪ ਨੂੰ ਪਤਾ ਲੱਗ ਜਾਏਗਾ ਕਿ ਅਮਲੀ ਜ਼ਿੰਦਗੀ ਵਿਚ ਮਾਂ ਦਾ

ਵਰਤਾਉ ਪ੍ਰਤੱਖ ਸਬੂਤ ਨਿਸ਼ਕਾਮ ਪਿਆਰ ਦਾ ਹੈ। ਦੁੱਖ ਪਾ ਕੇ ਸੁਖ ਦੇਣ ਦਾ ਅਮਲੀ ਵਤੀਰਾ ਤੇ ਨਮੂਨਾ ਮਾਤਾ ਹੈ, ਜਿਸਨੇ ਜਗਤ ਨੂੰ ਪਾਲਿਆ ਹੈ। ਮਾਵਾਂ ਇਹ ਗੁਣ ਵਿਦਯਾ ਪਾ ਕੇ, ਯਾ ਕਿਸੇ ਬਾਹਰਲੇ ਉਪਦੇਸ਼ ਨਾਲ ਨਹੀਂ ਸਿੱਖਦੀਆਂ, ਉਹਨਾਂ ਦੇ ਜੀਵਨ ਵਿਚ ਇਹ ਸੁਭਾਵਕ ਹੁੰਦਾ ਹੈ। ਤਾਂ ਤੇ ਕੁਦਰਤ ਨੇ ਦੁਖ ਪਾ ਕੇ ਸੁਖ ਦੇਣ ਦਾ, ਕਾਮਨਾਂ ਰਹਿਤ ਹੋ ਕੇ ਭਲਾ ਕਰਨ ਦਾ ਖਿਆਲ ਤੇ ਵਰਤਾਉ ਨਿਰੇ ਖਿਆਲੀ ਮੰਡਲ ਵਿਚ ਵਿਚਾਰਵਾਨ ਲੋਕਾਂ ਵਾਸਤੇ ਲੁਕੋ ਨਹੀਂ ਸੀ ਰਖਿਆ, ਸਗੋਂ ਮਾਤਾ ਦੇ ਅਮਲੀ ਜੀਵਨ ਵਿਚ ਪਾ ਦਿੱਤਾ ਸੀ। ਕੁਦਰਤ ਨੇ ਉਸ ਦੇ ਖਮੀਰ ਵਿਚ ਨਾਲ ਹੀ ਲਿਖ ਦਿੱਤਾ ਸੀ, ਜੋ ਇਸ ਸ੍ਰਿਸ਼ਟੀ ਦੀ ਪਾਲਣਾਂ ਦਾ ਅਸਲੀ ਥੰਮ੍ਹ ਤੇ ਸਹਾਰਾ ਹੈ। ਜੇ ਇਹ ਦੂਸਰੇ ਦੇ ਭਲਾ ਕਰਨ ਦਾ ਭਾਵ - ਜੋ ਮਾਤਾ ਵਿਚ ਹੈ - ਭਲੇ ਪੁਰਖਾਂ ਵਿਚ ਆਪਣੇ ਬਿਗਾਨੇ ਸਭ ਨਾਲ ਵਰਤੋਂ ਵਿਚ ਆ ਜਾਵੇਗਾ, ਤਾਂ ਓਹ ਭਲੇ ਨਤੀਜੇ ਪੈਦਾ ਕਰੇਗਾ। ਜੇ ਇਹ ਮਾਂ ਵਿਚ ਨਿਵਾਸ ਪਾ ਕੇ ਸ਼ੁਭ ਨਤੀਜੇ ਪੈਦਾ ਕਰਦਾ ਹੈ ਤਾਂ ਹਰ ਪ੍ਰਾਣੀ ਵਿਚ ਨਿਵਾਸ ਪਾ ਕੇ ਭਲੇ ਫਲ ਲਿਆਵੇਗਾ, ਜਗਤ ਨੂੰ ਬੈਕੁੰਠ ਬਣਾ ਦੇਵੇਗਾ। ਸਿ ਗੁਣ ਨੂੰ 'ਪਰ ਸੁਆਰਥ' ਦਾ ਨਿਰਾ ਖਿਆਲ ਕਹਿਣਾ ਭੁਲ ਹੈ। ਇਹ ਅਮਲੀ ਗੁਣ ਹੈ ਜੋ ਜਗਤ ਨੂੰ ਸੁਰਗ ਬਣਾਉਂਦਾ ਹੈ, ਇਹੀ ਵਸਤੂ ਹੈ ਜੋ ਜਗਤ ਪੀੜਾ ਨੂੰ ਘਟਾਉਂਦੀ ਹੈ।

ਬ੍ਰਿਸਟਰ - (ਹੋਰ ਕੋਮਲ ਹੋ ਕੇ) ਡਾਕਟਰ ਜੀ! ਆਪ ਨੇ ਮੈਨੂੰ ਬਹੁਤ ਖੂਬੀ ਨਾਲ ਸਮਝਾਇਆ ਹੈ, ਬੇਸ਼ੱਕ ਇਹ ਗੁਣ ਜਗਤ ਲਈ ਬੜਾ ਸੁਖਦਾਈ ਹੈ, ਪਰ ਇਸ ਦਾ ਨਿਵਾਸ ਆਮ ਜੀਵਾਂ ਵਿਚ ਨਹੀਂ, ਮਾਂ ਵਿਚ ਹੈ ਆਪਣੇ ਪੁੱਤ ਲਈ। ਪਰ ਇਹ ਕਿਉਂ ਸਭ ਵਿਚ ਨਹੀਂ, ਜੇ ਹੈ ਤਾਂ ਕਿਨ੍ਹਾਂ ਵਿਚ ਹੈ?

ਡਾਕਟਰ - ਸੁਤੇ ਤਾਂ ਅਸੀਂ ਜੀਵ ਸ਼੍ਰੇਣੀ ਵਿਚ ਹਾਂ, ਪਰ ਹਾਂ ਪਸ਼ੂ, ਅਕਲ ਦਾ ਵਾਧਾ ਹੈ ਜੋ ਸਾਨੂੰ ਪਸ਼ੂਆਂ ਤੋਂ ਉੱਚਾ ਕਰਦਾ ਹੈ। ਅਕਲ ਸਾਨੂੰ 'ਕਿਉਂ' ਤੇ 'ਕਿਉਂ' ਦੇ ਉੱਤਰ ਦੀ ਖੋਜ ਸਿਖਾਲਦੀ ਹੈ। ਅਕਲ ਨੇ ਸਾਨੂੰ ਸਰਬ ਦੇ ਸੁਖ ਲਈ 'ਫਰਜ਼' ਤੇ 'ਹੱਕ' ਦਾ ਪਤਾ ਦਿੱਤਾ ਤੇ ਇਨਸਾਫ ਦਾ ਤੱਕੜ ਹੱਥ ਫੜਾਯਾ ਹੈ। ਜਦ ਸਾਡੇ ਸੁਖਨ ਵਿਚ, ਖਿਆਲ ਵਿਚ, ਵਰਤੋਂ ਵਿਚ ਅਦਲ ਵੱਸ ਗਿਆ, ਸਾਰੇ ਸੁਖੀ ਹੋ ਗਏ। 'ਭਾਈਚਾਰਾ' ਤੇ ਰਯਾਸਤ' ਦੋਵੇਂ ਇਨਸਾਨ ਦੇ ਆਸ਼੍ਰਮ ਸਿਰੇ ਚੜ੍ਹੇ। ਇਸ ਤੋਂ ਉੱਚਾ ਗੁਣ ਦੁਖ ਪਾ ਕੇ ਸੁਖ ਦੇਣ ਦਾ, ਯਾ ਸੁਖ ਨਾ ਲੈਣਾ ਪਰ ਸੁਖ ਦੇਣਾ, ਕਾਮਨਾਂ ਰਹਿਤ ਭਲਾ ਕਰਨਾ, ਯਾ ਆਪਣੇ ਹੱਕ ਦੇ ਤਿਆਗ ਵਿਚ ਰਹਿਕੇ ਫਰਜ਼ ਪੂਰੇ ਕਰਨੇ, ਅਰਥਾਤ ਪਰਸੁਆਰਥ ਕਰਨਾ, ਇਹ ਗੁਣ ਅਮਲੀ ਦੁਨੀਆਂ ਵਿਚ ਮਾਂ ਵਿਚ ਹੈ ਤੇ ਇਨਸਾਨ ਨੂੰ ਮਾਂ ਦੇ ਅਮਲੀ ਜੀਵਨ ਵਿਚ ਇਹ ਦਿੱਸਿਆ ਸੀ। ਜਦੋਂ ਇਹ ਗੁਣ ਇਨਸਾਨ ਨੇ ਸਰਬ ਸਾਧਾਰਨ (ਆਮ) ਨਾਲ ਵਰਤ ਡਿੱਠਾ ਤਾਂ ਬੈਕੁੰਠ ਦੇ ਨਜ਼ਾਰੇ ਦੇਖੇ। ਜੇ ਇਹ ਗੁਣ ਸਭ ਵਿਚ ਆ ਜਾਵੇ ਤਾਂ ਪੁਲਸ, ਜੇਲ੍ਹਖਾਨੇ, ਕੋਟੜੇ, ਤਲਵਾਰ, ਬੰਦੂਕ ਕਿਸੇ ਸ਼ੈ ਦੀ ਲੋੜ ਨਾ ਰਹੇ। ਜੇ ਇਹ ਸਭ ਵਿਚ ਨਹੀਂ, ਤਾਂ ਜਿਨ੍ਹਾਂ ਥੋੜਿਆਂ ਵਿਚ ਹੈ ਓਹ ਜਗਤ ਦਾ ਸੁਖ ਵਧਾ ਰਹੇ ਹਨ, ਚਾਹੋ ਸਾਰਾ ਦੁਖ ਦੂਰ ਨਹੀਂ ਕਰ ਰਹੇ। ਦੇਖੋ, ਇਕ ਪਾਸੇ ਪਾਤਸ਼ਾਹ ਤੋਪਾਂ ਨਾਲ ਲੋਕਾਂ ਨੂੰ ਜ਼ਖਮੀ ਕਰ ਰਹੇ ਹਨ, ਦੂਜੇ ਪਾਸੇ ਪਰਸੁਆਰਥੀ ਘਰੋਂ ਖਾ ਕੇ ਉਹਨਾਂ ਮੈਦਾਨ ਜੰਗਾਂ ਵਿਚ ਜ਼ਖਮੀਆਂ ਦੀ ਮਲ੍ਹਮ ਪੱਟੀ ਕਰਕੇ ਸੁਖ ਦੇ ਰਹੇ ਹਨ।

ਥੋੜ੍ਹਿਆਂ ਵਿਚ ਇਹ ਗੁਣ ਇਸ ਲਈ ਹੈ ਕਿ ਸਾਨੂੰ ਜੋ ਵਿਦਯਾ ਮਿਲਦੀ ਹੈ ਉਹ ਇਸ ਦੀ ਜ਼ਿੰਮੇਵਾਰ ਹੈ, ਉਸ ਵਿਚ ਇਸ ਨੂੰ ਥਾਂ ਘੱਟ ਹੈ। ਇਸ ਖੂਬੀ ਦਾ ਨਿਵਾਸ ਉੱਚੇ ਤੇ ਖੁੱਲੇ ਦਿਲ ਵਾਲਿਆਂ ਵਿਚ ਹੁੰਦਾ ਹੈ, ਜਿਨ੍ਹਾਂ ਨੂੰ ਮਾਤਾ ਪਿਤਾ ਜਾਂ ਕਿਸੇ ਸੁਹਬਤ ਸਤਿਸੰਗ ਤੋਂ ਇਨਸਾਨੀ ਮਸਲੇ ਦੇ ਡੂੰਘੇ ਭਾਵਾਂ ਤੋਂ ਲੋੜਾਂ ਵਲ ਖਿਆਲ ਗਿਆ ਹੈ, ਪਰ ਕਮਾਲ ਦਾ ਨਿਵਾਸ ਇਸ ਗੁਣ ਦਾ ਉਹਨਾਂ ਵਿਚ ਹੈ, ਜਿਨ੍ਹਾਂ ਦੇ ਅੰਦਰਲੇ ਦੀ ਆਸ ਤੇ ਯਕੀਨ 'ਅਣਦਿਸਦੇ ਜਗਤ' ਵਿਚ ਗਏ ਹਨ, ਜਿਨ੍ਹਾਂ ਨੂੰ ਮੌਤ ਦੇ ਮਗਰੋਂ ਜੀਉਂਦੇ ਰਹਿਣ ਦਾ ਭਰੋਸਾ ਹੈ ਤੇ ਇਸ ਕੁਦਰਤ ਦੇ ਕਾਦਰ ਵਿਚ ਸਿਦਕ ਹੈ। ਓਹ ਉਸ ਖਿਚ ਵਿਚ ਦਿਲੋਂ ਉਚੇ ਤੇ ਸੁੱਚੇ ਰਹਿੰਦੇ ਹਨ ਤੇ ਉਹਨਾਂ ਦੇ ਅੰਦਰ ਇਕ ਪਿਆਰ ਆਉਂਦਾ ਹੈ ਜੋ ਵਿਤਕਰੇ ਦਾ ਹੱਦ ਬੰਨਾ ਕੱਟ ਦੇਂਦਾ ਹੈ। ਉਹ ਚਾਹੋ ਪੁੱਜ ਕੇ, ਜਾਣ ਕੇ, ਜ਼ੋਰ ਧਾਰ ਕੇ ਪਰਸੁਆਰਥ ਨਹੀਂ ਕਰਦੇ ਪਰ ਉਹਨਾਂ ਵਿਚ ੧. ਸੁਤੇ ਖਿਮਾਂ ਦਾ ਵਾਸ ਹੁੰਦਾ ਹੈ, ੨. ਓਹ ਔਗੁਣ ਨਹੀਂ ਚਿਤਾਰਦੇ, ੩. ਆਪਣੇ ਦੁਖ ਭੁੱਲਦੇ ਹਨ ਤੇ ਦੂਜੇ ਦੇ ਦੁਖ ਹਰਨ ਲਈ ਸੁਤੇ ਸਿਧ ਭਲਾਈ ਕਰ ਜਾਂਦੇ ਹਨ। ਰਹਿੰਦੇ ਉਹ ਇਕ ਅੰਦਰਲੇ ਦੀ ਉਚਯਾਣ ਵਿਚ ਹਨ, ਇਸ ਉਚਯਾਣ ਵਿਚ ਵੱਸਣ ਕਰਕੇ ਉਹਨਾਂ ਵਿਚ ਪਿਆਰ ਹੁੰਦਾ ਹੈ, ਉਹ ਪਯਾਰ ਉਨ੍ਹਾਂ ਤੋਂ ਸੁਤੇ ਸਿਧ ਨੇਕੀ ਕਰਾਉਂਦਾ ਹੈ, ਨਿਸ਼ਕਾਮ ਨੇਕੀ ਉਨ੍ਹਾਂ ਦਾ ਸੁਭਾਵ ਹੋ ਜਾਂਦਾ ਹੈ, ਨੇਕੀ ਦਾ ਉਮਾਹ ਸੁਤੇ ਉਹਨਾਂ ਵਿਚ ਹੁੰਦਾ ਹੈ।

ਵਹੁਟੀ - (ਅਸਚਰਜ ਹੋ ਕੇ) ਠੀਕ ਹੈ! (ਪਤੀ ਵਲ) ਦੇਖੋ! ਜਿਨ੍ਹਾਂ ਗੱਲਾਂ ਨੂੰ ਮਖੌਲ ਕਰਦੇ ਹੁੰਦੇ ਸਾਓ, ਡਾਕਟਰ ਜੀ ਨੇ ਕਿਸ ਖੂਬੀ ਨਾਲ ਸਮਝਾਈਆਂ ਹਨ! ਤੁਸੀਂ ਰੱਬ ਤੋਂ ਵੀ ਨਮੁਨਕਰ ਤੇ ਨੇਕੀ ਤੋਂ ਭੀ ਨਮੁਨਕਰ। ਵੇਖੋ! ਅੱਜ ਰੱਬ ਵਾਲਿਆਂ ਤੇ ਨੇਕੀ ਵਾਲਿਆਂ ਦੇ ਹਾਲ ਕਿਸ ਤਰ੍ਹਾਂ ਦੇ ਦੱਸੇ ਹਨ। ਉਨ੍ਹਾਂ ਦੀ ਵਰਤੋਂ ਵਿਚ ਕਿਤਨੇ ਗੁਣ ਤੇ ਕਿਤਨੇ ਲਾਭ ਹਨ?

ਬ੍ਰਿਸਟਰ - ਮੈਂ ਯੂਰਪ ਵਿਚ ਵੀ ਪਰਉਪਕਾਰੀ ਵੇਖੇ ਹਨ।

ਡਾਕਟਰ - ਮੈਂ ਨਹੀਂ ਕਿਹਾ ਕਿ ਯੂਰਪ ਨੇਕੀ ਤੋਂ ਸੁੰਞਾ ਹੈ,

ਪਰ ਤੁਸੀਂ ਉਥੋਂ ਇਹ ਗੁਣ ਕਿਉਂ ਨਹੀਂ ਸਿਖਯਾ? ਨੇਕੀ ਕਰਨੀ ਨੇਕ ਹੈ ਚਾਹੇ ਕੋਈ ਕਰੇ। ਪਰ ਮਨ ਨੂੰ ਉੱਚਾ ਕਰਕੇ ਜੋ ਨਿਸ਼ਕਾਮ ਨੇਕੀ ਕਰਦੇ ਹਨ ਉਨ੍ਹਾਂ ਦੀ ਚਿਤ ਬਿਰਤੀ ਯੋਗੀਆਂ ਵਰਗੀ ਹੋ ਜਾਂਦੀ ਹੈ, ਓਹ ਆਪ ਟਿਕੇ ਹੁੰਦੇ ਹਨ, ਸੁਖੀ ਹੁੰਦੇ ਹਨ ਤੇ ਦੂਜਿਆਂ ਨੂੰ ਸੁਖ ਦੇਂਦੇ ਹਨ।

ਵਹੁਟੀ – ਸੁਣਿਆ ਜੇ ਪਤੀ ਜੀ?

ਬ੍ਰਿਸਟਰ – ਮੈਂ ਚੰਗੀਆਂ ਗੱਲਾਂ ਦਾ ਸਦਾ ਕਾਇਲ ਹਾਂ, ਮੈਂ ਤਾਂ ਪੰਡਤਾਂ ਤੇ ਕਾਜ਼ੀਆਂ ਦੀਆਂ ਗੱਲਾਂ ਤੋਂ ਘਬਰਾਇਆ ਕਰਦਾ ਹਾਂ, ਜੋ ਐਵੇਂ ਮਸਲੇ ਘੜ ਘੜਕੇ ਖੁਆਰ ਕਰਦੇ ਹਨ। ਮੈਂ ਫੋਕੇ ਰੱਬ ਤੇ ਨੇਕੀ ਕੂਕਣ ਵਾਲਿਆਂ ਤੋਂ ਉਕਸਾਉਂਦਾ ਹਾਂ।

ਡਾਕਟਰ – ਵਾਹਿਗੁਰੂ! ਤਦ ਸਾਨੂੰ ਅੱਜ ਨਾਸਤਕਾਂ ਦੀ ਸੇਵਾ ਦਾ ਸਮਾਂ ਮਿਲਿਆ ਹੈ। ਅਸੀਂ ਆਪਣੇ ਪਰਮੇਸ਼ਰ ਦੇ ਵੈਰੀਆਂ ਦੀ ਦਾਰੀ ਕਰ ਰਹੇ ਹਾਂ! ਪਰ ਹੱਛਾ! ਬਾਬਾ ਸੁਹਣਾ ਜੀਵਨ ਬਿਤਾਉਣਾ ਸਾਥੋਂ ਚੰਗਾ ਜਾਣਦਾ ਹੈ, ਉਹ ਦੇ ਮਗਰ ਹਾਂ।

(ਬ੍ਰਿਸਟਰ ਵਲ)–ਬਾਬੂ ਸਾਹਿਬ! ਪੰਡਤ, ਮੁੱਲਾਂ ਬਹੁਤ ਲੋਕਾਂ ਨੂੰ ਗੁਮਰਾਹ ਕਰਦੇ ਹਨ, ਰੱਬ ਦੇ ਸਿੱਧੇ ਭੇਤ ਨਹੀਂ ਦੱਸਦੇ, ਗੁੰਝਲਾਂ ਪਾ ਧਰਦੇ ਹਨ। ਕਰਕੇ ਨਹੀਂ ਦੱਸਦੇ ਤੇ ਝਗੜਾ ਪਾ ਦੇਂਦੇ ਹਨ। ਸਾਡਾ ਬਈ ਧਰਮ ਉਹ ਧਰਮ ਨਹੀਂ। ਸਾਡਾ ਧਰਮ ਤਾਂ ਵਰਤੋਂ ਦਾ ਹੈ, ਜੋ ਇਹ ਹੈ –

ਕਿਰਤ ਕਰਨੀ,

ਵੰਡ ਛਕਣਾ ਤੇ

ਨਾਮ ਜਪਣਾ।

ਬਾਬੇ ਹੋਰਾਂ ਵਲ ਵੇਖ, ਵਾਹੀ ਕਰਦੇ ਹਨ, ਦਸਾਂ ਨਵ੍ਹਾਂ ਦਾ ਕਮਾਯਾ ਘਰ ਲਿਆਉਂਦੇ ਹਨ। ਜੀਕੂੰ ਆਪ ਦੀ ਸੇਵਾ ਹੋ ਰਹੀ ਹੈ, ਇਕੁਰ ਕਈ ਤਰੀਕਿਆਂ ਨਾਲ ਵੰਡ ਛਕਦੇ ਹਨ ਤੇ ਕੰਮ ਕਾਜ ਕਰਦੇ ਟੁਰਦੇ ਫਿਰਦੇ ਅੱਠੇ ਪਹਿਰ ਆਪਣੇ ਸਿਰਜਨਹਾਰ ਨਾਲ ਅੰਦਰਲੇ ਨੂੰ ਲਾਈ ਰੱਖਦੇ ਹਨ।

ਬ੍ਰਿਸਟਰ – ਮੈਂ ਤੀਜੀ ਗੱਲ ਨਹੀਂ ਸਮਝੀ।

ਡਾਕਟਰ – ਤੁਸੀਂ ਫਿਲਾਸਫੀ ਪੜ੍ਹੀ ਹੈ?

ਬ੍ਰਿਸਟਰ – ਥੋੜੀ ਜੇਹੀ।

ਡਾਕਟਰ – ਤੁਹਾਨੂੰ ਪਤਾ ਹੈ ਕਿ ਇਹ ਜਗਤ ਕਿਸੇ 'ਇਕ' – ਜੋ ਅਸਲ ਵਿਚ ਹੈ, ਸਚਮੁਚ ਹੈ ਤੇ ਸਾਡੀ ਸਮਝ ਤੋਂ ਪਰੇ ਹੈ – ਦਾ 'ਪ੍ਰਕਾਸ਼ ਹੈ।

ਬ੍ਰਿਸਟਰ – ਹਾਂ ਜੀ! (ਹੱਸ ਕੇ) ਕਿੱਡੇ ਵੱਡੇ ਵੱਡੇ ਫਿਲਾਸਫੀ ਦੇ ਭਾਵਾਂ ਨੂੰ ਡਾਕਟਰ ਸਾਹਿਬ ਨੇ ਪੰਜਾਬੀ ਦੇ ਇਕ ਫਿਕਰੇ ਵਿਚ ਕਹਿ ਦਿਤਾ ਹੈ।

ਡਾਕਟਰ – ਸੋ ਆਪਣੇ ਅੰਦਰਲੇ ਨੂੰ ਉਸ ਅਸਲ ਏਕੇ ਵਿਚ, ਜੋ ਸਚਮੁਚ ਹੈ ਤੇ ਸਮਝੋਂ ਪਰ੍ਹੇ ਹੈ, ਹਾਂ, ਉਸ ਵਿਚ ਲਾਈ ਰੱਖਣਾ, ਮਨ ਦਾ ਝੁਕਾਉ ਯਾ ਰੁਖ ਉਸ ਵਲ ਲਿਵ ਲਾਈ ਰੱਖਣਾ ਇਹ ਜਤਨ ਹੈ। ਇਸ ਨਾਲ ਦਿਲ ਉੱਚਾ ਹੁੰਦਾ ਹੈ ਤੇ ਹਰ ਸ਼ੈ ਤੇ ਪ੍ਰਭਾਵ ਪਾਉਂਦਾ ਹੈ। ਜਾਂ ਇਉਂ ਸਮਝੋ ਕਿ ਆਪਣੇ ਮਨ ਤੇ ਉਸ ਸਤਿ ਵਸਤੂ ਵਿਚ ਵਿੱਥ ਨਾ ਪੈਣ ਦੇਣੀ ਇਸ ਨੂੰ 'ਨਾਮ' ਆਖਦੇ ਹਨ। ਵਿਸਥਾਰ ਇਸ ਦਾ ਬੜਾ ਹੈ, ਪਰ ਮੋਟਾ ਜਿਹਾ ਮੈਂ ਆਪ ਨੂੰ ਇਸ ਦਾ ਇਕ ਪੱਖ ਸਮਝਾਇਆ ਹੈ।

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਡਾਕਟਰ ਸਾਹਿਬ ਨੂੰ ਆਵਾਜ਼ ਪੈ ਗਈ। ਉਹ ਤਾਂ ਬਾਹਰ ਚਲੇ ਗਏ ਤੇ ਬ੍ਰਿਸਟਰ ਜੀ ਨੂੰ ਸੋਚਾਂ ਪੈ ਗਈਆਂ ਕਿ ਮੇਰੀ ਪਿਛਲੀ ਉਮਰ ਭਾਵੇਂ ਤਾਂ ਗਲਤੀ ਵਿਚ ਬੀਤੀ ਹੈ। ਉਧਰ ਵਹੁਟੀ ਆਪਣੇ ਵਹਿਮਾਂ ਵਿਚ ਗਰਕ ਹੋ ਗਈ ਕਿ ਸਾਡਾ ਪੁਰਾਣਾ ਪੰਜਾਬ, ਜਿਸ ਨੂੰ ਅਸੀਂ ਜੰਗਲੀ ਸਮਝ ਰਹੇ ਹਾਂ ਅਰ ਪੱਛੋਂ (ਪੱਛਮ) ਕਿ ਜਿੱਥੇ ਜਾ ਕੇ ਅਸੀਂ ਬੜੇ ਅਕਲੱਈਏ ਹੋਕੇ ਮੁੜੇ ਹਾਂ, ਕਿੰਨਾਂ ਕੁ ਫਰਕ ਰੱਖਦੇ ਹਨ। ਵਿਦਯਾ ਵਿਗਯਾਨ ਤਾਂ ਉਥੇ ਕਮਾਲ ਦਾ ਹੈ, ਪਰ ਵਿਦਯਾ ਵਿਗਯਾਨ ਨਾਲ ਉਨ੍ਹਾਂ ਨੇ ਜੰਗ ਦੇ ਸਮਾਨ ਵਧਾਏ ਹਨ ਤੇ ਲੜਾਈ ਦੇ ਸੰਦ ਤ੍ਰਿੱਖੇ ਕੀਤੇ ਹਨ। ਉਨ੍ਹਾਂ ਨੇ ਆਪਣੀਆਂ ਅਡ ਅਡ ਕੌਮਾਂ ਵਿਚ ਬੀ ਪਿਆਰ ਤੇ ਹਿਤ ਨਹੀਂ ਵਧਾਯਾ, ਲੜਾਈ ਲਈ ਤੁਲੇ ਰਹਿੰਦੇ ਹਨ। ਰੰਗ ਦੀ ਨਫਰਤ ਬੀ ਉਨ੍ਹਾਂ ਵਿਚ ਹੈ, ਪਰ ਸਾਡੇ ਪਿਛਲੇ ਲੋਕਾਂ ਵਿਚ ਪਿਆਰ ਦੀਆਂ ਖਸਲਤਾਂ ਹਨ ਤੇ ਇਹ ਕਿੰਨੀਆਂ ਕੀਮਤੀ ਹਨ। ਹੁਣ ਪੰਜਾਬ ਵਿਚ ਵਿਦਯਾ ਤਾਂ ਵਧ ਰਹੀ ਹੈ ਪਰ ਪਿਆਰ ਤੇ ਪਰਉਪਕਾਰ, ਹਮਦਰਦੀ ਤੇ ਸਾਦਗੀ ਵਿਦਾ ਹੋ ਰਹੇ ਹਨ। ਮਾਨੋਂ ਪੰਜਾਬ ਵਿਚੋਂ ਪੰਜਾਬ ਵਿਦਾ ਹੋ ਰਿਹਾ ਹੈ। ਚਾਹੀਦਾ ਇਹ ਸੀ ਕਿ ਸਾਡੇ ਦਾਨੇ ਪੱਛੋਂ ਦੇ ਵਿਗਯਾਨ ਤਾਂ ਲੈਂਦੇ, ਵਿਦਯਾ ਬੀ ਵਧਾਉਂਦੇ ਪਰ ਆਪਣੇ ਦੇਸ਼ ਦੀ ਖਸਲਤ, ਪਿਆਰ, ਹਮਦਰਦੀ ਤੇ ਰਲਵਰਤਨ ਦਾ ਬੀ ਵਾਧਾ ਕਰਦੇ, ਜਿਸ ਨਾਲ ਕਿ ਅਸਲੀ ਇਨਸਾਨੀਅਤ ਵਧਦੀ ਹੈ।

ਉਧਰ ਡਾਕਟਰ ਸਾਹਿਬ ਨੇ ਜਦ ਬਾਬੇ ਦੀ ਉਹ ਲੋੜ ਪੂਰੀ ਕਰ ਲਈ ਜਿਸ ਵਾਸਤੇ ਕਿ ਬਾਬੇ ਨੇ ਉਸਨੂੰ ਕੁਆਇਆ ਸੀ, ਤਾਂ ਡਾਕਟਰ ਜੀ ਨੇ ਰਤਾਕੁ ਤ੍ਰਿੱਖੀ ਸੁਰ ਵਿਚ ਕਿਹਾ, ਬਾਬਾ ਜੀ! ਆਪਦਾ ਪਵਿਤ੍ਰ ਘਰ, ਸਤਿਸੰਗ ਦਾ ਦਰ, ਵਾਹਿਗੁਰੂ ਦੇ ਜਲਾਲ ਦਾ ਮੰਡਲ ਆਪ ਨੇ ਨਾਸਤਕਾਂ ਨੂੰ ਪਨਾਹ ਦੇ ਕੇ ਮੈਲਾ ਕਰ ਲਿਆ ਹੈ। ਮੈਂ ਕਦੇ ਸੁਪਨੇ ਵਿਚ ਵੀ ਖਿਆਲ ਨਹੀਂ ਕਰ ਸਕਦਾ ਸਾਂ ਕਿ ਆਪ ਕਦੇ ਐਸੇ ਆਦਮੀ ਨੂੰ ਆਸਰਾ ਦਿਓਗੇ ਕਿ ਜੋ ਆਪ ਸੁਆਮੀ ਤੇ ਪ੍ਰੀਤਮ ਅਕਾਲ ਪੁਰਖ ਤੋਂ ਨਮੁੱਕਰ ਹੋਵੇ, ਜੋ ਸਤਿ ਹਨ ਉਸਦੀ ਹੱਕਤ ਕਰਦਾ ਹੋਵੇ, ਆਪ ਨੂੰ ਸੁਆਰਥੀ ਤੇ ਮਤਲਬੀ ਸਮਝਦਾ ਹੋਵੇ, ਸਤਿਸੰਗ ਨੂੰ ਇਕ ਬੇਵਕੂਫੀ

ਖਿਆਲ ਕਰਦਾ ਹੋਵੇ ਤੇ ਜਿਸਦੇ ਦਿਮਾਗ ਵਿਚ ਮਾਦਾ-ਪਰੱਸਤੀ (ਦੁਨਾਜਾਵੀ ਤੁੱਕੀ ਦੀ ਪੂਜਾ) ਦਾ ਇਕੋ ਖਯਾਲ ਨਿਵਾਸ ਕਰਦਾ ਹੋਵੇ। ਕੀ ਆਪ ਨੇ ਇਹ ਉਕਾਈ ਨਹੀਂ ਖਾਧੀ?

ਬਾਬਾ ਜੀ ਇਹ ਸੁਣਕੇ ਮੁਸਕਰਾ ਪਏ ਤੇ ਕਹਿਣ ਲੱਗੇ 'ਡਾਕਚਰ ਜੀ! ਜੇ ਆਪ ਨੇ ਸਾਰੀ ਗਲ ਸਹੀ ਕਰ ਲਈ ਹੈ ਤਾਂ ਤੁਸੀਂ ਮੰਨ ਲਓ ਕਿ ਮੈਂ ਭੁੱਲ ਕੀਤੀ ਹੈ ਕਿ ਜਿਸ ਮਾਲਕ ਪਾਲਕ ਵਾਹਿਗੁਰੂ ਦਾ ਮੈਂ ਮੁੱਲ ਖਰੀਦੀ ਲਾਲਾ ਗੋਲਾ ਹਾਂ ਉਸ ਤੋਂ ਨਮੁੱਕਰ ਅਰ ਉਸਦੀ ਹੱਤਕ ਕਰਨ ਵਾਲੇ ਨੂੰ ਇਸ ਕੁਟੀਆ ਵਿਚ ਥਾਂ ਦਿੱਤੀ ਹੈ। ਸਿਆਣਿਆਂ ਨੇ ਵੈਰੀ ਤਿੰਨ ਪ੍ਰਕਾਰ ਦੇ ਗਿਣੇ ਹਨ -

ਇਕ ਆਪਣਾ ਵੈਰੀ।

ਇਕ ਆਪਣੇ ਮਿੱਤ੍ਰ ਦਾ ਵੈਰੀ।

ਇਕ ਆਪਣੇ ਵੈਰੀ ਦਾ ਮਿੱਤ੍ਰ।

ਇਹ ਸੱਜਣ ਮੇਰੇ ਮਿੱਤ੍ਰ ਵਾਹਿਗੁਰੂ ਜੀ ਦਾ ਵੈਰੀ ਹੈ ਤਾਂ ਮੇਰਾ ਵੈਰੀ ਹੈ। ਇਹ ਕਹਿ ਕੇ ਬਾਬੇ ਦੇ ਨੈਣਾਂ ਵਿਚ ਜਲ ਭਰ ਆਯਾ, ਪੰਜ ਚਾਰ ਟੇਪੇ ਅੱਖਾਂ ਤੋਂ ਕਿਰ ਪਏ, ਤੇ ਕਿੰਨਾ ਚਿਰ ਚੁਪ ਛਾਈ ਰਹੀ। ਫਿਰ 'ਵਾਹਿਗੁਰੂ ਵਾਹਿਗੁਰੂ' ਦੀ ਆਵਾਜ਼ ਆਈ ਤੇ ਬਾਬੇ ਨੇ ਆਪਾ ਸੰਭਾਲ ਕੇ ਕਿਹਾ, ਡਾਕਟਰ ਜੀ! ਸੁਹਣੇ ਵੀਰ ਜੀ! ਪਰ ਮੈਂ ਤਾਂ ਦੁਖੀਆਂ ਦੀ ਦਾਰੀ ਕੀਤੀ ਹੈ ਤੇ ਦੁਖੀ ਦੇਖਕੇ ਦੁਖ ਵਿਚ ਸਹਾਈ ਹੋਣ ਲਈ ਇਨ੍ਹਾਂ ਨੂੰ ਘਰ ਲੈ ਆਇਆ ਸਾਂ। ਦੁਖ ਵੇਲੇ ਇਸ ਪੜਤਾਲ ਦੀ ਲੋੜ ਨਹੀਂ ਹੁੰਦੀ ਕਿ ਇਹ ਕੌਣ ਹਨ। ਕਿਸੇ ਬੰਦੇ ਨੂੰ ਦੁਖੀ ਦੇਖਣਾਂ ਤੇ ਦੁਖ ਹਰਨਾ ਇਹੋ ਧਰਮ ਹੁੰਦਾ ਹੈ। ਜਗਤ ਦੁਖੀ ਹੈ, ਦੁਖੀ ਦਾ ਦੁਖ ਹਰਨਾ ਹਰ ਧਰਮੀ ਪੁਰਖ ਦਾ ਧਰਮ ਹੈ। ਮੈਂ ਪਾਤਸ਼ਾਹ ਦੇ ਵੈਰੀ ਨੂੰ ਵੈਰ ਵਿਚ ਪੱਕਾ ਕਰਨ ਲਈ ਨਹੀਂ ਲਿਆਂਦਾ, ਸਗੋਂ ਹੁਣ ਮੇਰੀ ਕੋਸ਼ਿਸ਼ ਇਹ ਹੋਵੇਗੀ ਕਿ ਇਕ ਮਾਇਆ ਨਾਲ ਚੁੰਧਿਆਏ ਵੀਰ ਨੂੰ ਔਸਰ ਦਿਆਂ ਕਿ ਉਹ ਪਰਮੇਸ਼ਰ ਦੇ ਜਲਾਲ ਦਾ ਦਰਸ਼ਨ ਕਰੇ ਅਰ ਉਸਦੇ ਅੰਦਰ ਪਿਆਰ ਫੇਰਾ ਪਾਵੇ, ਉਸ ਨੂੰ ਆਪਣੀ ਕਠੋਰ, ਬੇਰੱਸ ਤੇ ਬੇ-ਦੀਨ ਦਸ਼ਾ ਬੁਰੀ ਲੱਗੇ। ਹੁਣ ਅਸੀਂ ਪਾਤਸ਼ਾਹ ਦੇ ਵੈਰੀ ਨੂੰ ਪਾਤਸ਼ਾਹ ਦੀ ਸ਼ਰਨ ਪਾਉਣ ਵਾਸਤੇ ਜਤਨ ਕਰਾਂਗੇ। ਭੁੱਲੇ ਹੋਏ ਲੋਕਾਂ ਨੂੰ ਜੇ ਸਮਾਂ ਹੀ ਨ ਮਿਲੇ ਕਿ 'ਉੱਚ-ਜੀਵਨ' ਦਾ ਦਰਸ਼ਨ ਕਰਨ ਤਾਂ ਉਨ੍ਹਾਂ ਦੇ ਅੰਦਰ ਉਸਦੀ ਮੂਰਤ ਕਿੱਕੂੰ ਖਿਚੀਵੇ? ਤੇ ਮੂਰਤ ਖਿਚੀਜੇ ਬਿਨਾਂ ਉਨ੍ਹਾਂ ਵਿਚ ਉਸ ਲਈ ਪਿਆਰ ਕਿਸ ਤਰ੍ਹਾਂ ਉਪਜ ਪਵੇ? ਨਾਲੇ ਡਾਕਟਰ ਜੀ! ਰੱਬ ਇਨ੍ਹਾਂ ਅਪਣੇ ਤੋਂ ਨਮੁੱਕਰਾਂ ਨੂੰ ਬੀ ਪਾਲਦਾ ਹੈ, ਜੇ ਮੈਂ ਦੁਖ ਵੇਲੇ ਸੇਵਾ ਕੀਤੀ ਤਾਂ ਰੱਬੀ ਰੌ ਦੇ ਮਗਰ ਹੀ ਟੁਰਿਆ ਹਾਂ।

ਬਾਬੇ ਦੇ ਉੱਚ ਖਿਆਲ ਸੁਣਕੇ ਡਾਕਚਰ ਜੀ ਦੇ ਦੰਦ ਜੁੜ ਗਏ, ਪਰ ਜਗਤ ਦੇ ਲਹਾਵਾਂ ਚੜ੍ਹਾਵਾਂ ਦਾ ਖਯਾਲ ਕਰਕੇ ਡਾਕਟਰ ਸਾਹਿਬ ਆਖਣ ਲੱਗੇ, ਬਾਬਾ ਜੀ! ਆਪ ਧੰਨ ਹੋ ਤੇ ਆਪ ਦੇ ਵਿਚਾਰ ਧੰਨ ਹਨ, ਪਰ ਕੀ ਇਹ ਠੀਕ ਨਹੀਂ ਕਿ ਜੋ ਕੋਈ ਬਘਿਆੜ ਪਾਲੇਗਾ ਅੰਤ ਕਿਸੇ ਦਿਨ ਉਸ ਤੋਂ ਆਪਣਾ ਤਨ ਪੜਵਾਏਗਾ? ਜੋ ਸੱਪਾਂ ਨੂੰ ਦੁੱਧ ਪਿਲਾਏਗਾ, ਉਹ ਅੰਤ ਆਪਣੇ ਬੱਚੇ ਉਨ੍ਹਾਂ ਤੋਂ ਡੰਗਵਾਏਗਾ? ਸੇਵਾ ਕਰੀਏ ਤਾਂ ਆਦਮੀ ਦੀ। ਜਦੋਂ ਹੀ ਪਸ਼ੂਆਂ, ਮਾਨਸ ਖਾਣਿਆਂ ਦੀ ਸੇਵਾ ਕਰਾਂਗੇ, ਓਹ ਪਲਕੇ ਮੋਟੇ ਹੋਕੇ ਆਪਣੇ ਸੁਭਾਉ ਮੂਜਬ ਹੀ ਸਾਡੇ ਨਾਲ ਵਰਤਾਉ ਕਰਨਗੇ। ਆਪਨੂੰ ਪਤਾ ਹੈ ਕਿ ਸੰਸਕ੍ਰਿਤ ਵਿਚ ਇਕ ਕਥਾ ਹੈ ਕਿ ਕਿਸੇ ਸੱਪ ਨੂੰ ਇਕ ਮਨੁੱਖ ਨੇ ਬਲਦੀ ਅੱਗ ਵਿਚੋਂ ਕਢਿਆ ਸੀ ਤੇ ਬਾਹਰ ਆਕੇ ਉਹ ਸੱਪ ਉਸੇ ਨੂੰ ਡੰਗ ਮਾਰਨ ਲੱਗਾ ਸੀ। ਸ਼ੇਖ ਸਾਅਦੀ ਨੇ ਭੀ ਲਿਖਿਆ ਹੈ ਕਿ ਬਦਾਂ ਨਾਲ ਨੇਕੀ ਕਰਨੀ ਐਸੀ ਹੈ ਜੈਸੀ ਨੇਕਾਂ ਨਾਲ ਬਦੀ ਕਰਨੀ। ਉਸਨੇ ਨਾ-ਲਾਇਕਾਂ ਬਾਬਤ ਆਪਣਾ ਇਹ ਤਜਰਬਾ ਬੀ ਦਿੱਤਾ ਹੈ ਕਿ ਜਿਨ੍ਹਾਂ ਨੂੰ ਮੈਂ ਤੀਰ ਅੰਦਾਜ਼ੀ ਦੀ ਵਿਦਯਾ ਸਿਖਾਈ ਆਖਰ ਉਨ੍ਹਾਂ ਨੇ ਹੀ ਮੈਨੂੰ ਆਪਣੇ ਤੀਰਾਂ ਦਾ ਨਿਸ਼ਾਨਾ ਬਣਾਇਆ। ਹਾਂ ਮੈਂ ਹੁਣ ਆਪਣੀ ਅੱਖੀਂ ਅੰਮ੍ਰਿਤਸਰ ਵਿਚ ਵੇਖ ਆਯਾ ਹਾਂ ਕਿ ਇਕ ਸਿੰਘ ਦੇ ਅਨੇਕ ਦੁਸ਼ਮਨ ਹੋ ਕੇ ਉਸ ਨੂੰ ਤਸੀਹੇ ਦੇ ਰਹੇ ਹਨ, ਉਸਨੂੰ ਬਦਨਾਮ ਕਰ ਰਹੇ ਹਨ ਤੇ ਕਲੇਸ਼ਾਂ ਵਿਚ ਪਾ ਰਹੇ ਹਨ। ਮੈਂ ਚੁਪਕੇ ਚੁਪਕੇ ਸਾਰੇ ਹਾਲਾਤ ਪਤਾ ਕੀਤੇ ਤਾਂ ਪਤਾ ਲੱਗਿਆ ਕਿ ਸਿੰਘ ਜੀ ਅਤਿ ਗੁਰਮੁਖ ਹਨ ਤੇ ਏਹ ਸਾਰੇ ਲੋਕ ਓਹ ਹਨ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਉਨ੍ਹਾਂ ਤੋਂ ਲਾਭ ਪਹੁੰਚ ਚੁਕਾ ਹੈ। ਆਪ ਨੂੰ ਪਤਾ ਹੈ ਕਿ ਪਾਰਸਭਾਗ ਵਿਚ ਲਿਖਿਆ ਹੈ ਕਿ ਇਕ ਮਹਾਂਪੁਰਖ ਖੂਹ ਵਿਚ ਢੈ ਪਏ ਤੇ ਜਦੋਂ ਲੋਕੀ ਪੀੜ੍ਹੀ ਲਮਕਾ ਕੇ ਉਨ੍ਹਾਂ ਨੂੰ ਕੱਢਣ ਲੱਗੇ ਤਾਂ ਉਨ੍ਹਾਂ ਨੇ ਅੰਦਰੋਂ ਆਵਾਜ਼ ਦਿੱਤੀ ਕਿ ਓਪਰੇ ਆਦਮੀ ਮੈਨੂੰ ਕੱਢਣ, ਕੋਈ ਐਸਾ ਆਦਮੀ ਮੇਰੇ ਰੱਸੇ ਨੂੰ ਹੱਥ ਨਾ ਲਾਵੇ ਕਿ ਜਿਸਨੇ ਕਦੇ ਮੈਥੋਂ ਕੋਈ ਲਾਭ ਪਾਇਆ ਹੋਵੇ। ਕਾਰਨ ਇਹ ਸੀ ਕਿ ਇਹ ਸੱਜਣ ਨੇਕੀ ਕਰਕੇ ਜਿਨ੍ਹਾਂ ਨਾਲ ਨੇਕੀ ਕਰਦੇ ਸਨ ਉਨ੍ਹਾਂ ਦੀ ਸਿਆਣ ਨਹੀਂ ਸਨ ਰਖਦੇ, ਕਿਉਂਕਿ ਓਹ ਜਾਣਦੇ ਸਨ ਕਿ ਨੇਕੀ ਪਾਕੇ ਲੋਕੀਂ ਸ਼ੁਕਰ ਨਹੀਂ ਕਰਦੇ, ਅੱਗੋਂ ਨੇਕੀ ਨਹੀਂ ਕਰਦੇ, ਪਰ ਬਦੀ ਕਰਦੇ ਹਨ ਤੇ ਫੇਰ ਨੇਕੀ ਕਰਨ ਵਾਲੇ ਦਾ ਦਿਲ ਤੰਗ ਪੈਂਦਾ ਹੈ। ਏਸੇ ਕਰਕੇ ਹਾਤਮਤਾਈ ਕਿਹਾ ਕਰਦਾ ਸੀ ਕਿ 'ਨੇਕੀ ਕਰ ਔਰ ਦਰਯਾ ਮੇਂ ਡਾਲ।' ਮਤਲਬ ਇਹ ਸੀ ਕਿ ਜਿਨ੍ਹਾਂ ਨਾਲ ਨੇਕੀ ਕਰਦੇ ਹੋ, ਜੇ ਵਾਕਫੀ ਰੱਖੀ ਤਾਂ ਉਹੋ ਦੁਖ ਦੇਣਗੇ, ਫੇਰ ਨੇਕੀ ਕੀਤੀ ਦਾ ਪਛੁਤਾਵਾ ਲੱਗੇਗਾ। ਇਸ ਲਈ ਜਿਨ੍ਹਾਂ ਦਾ ਖਯਾਲ ਨੇਕੀ ਕਰਨ ਦਾ ਹੁੰਦਾ ਹੈ ਓਹ ਲੋਕਾਂ ਵਲੋਂ ਨੇਕੀ ਦੇ ਬਦਲੇ ਬਦੀ ਮਿਲਨ ਦੇ ਕਾਰਨ ਅੰਤ ਨੇਕੀ ਕਰਨ ਤੋਂ ਅੱਕ ਜਾਂਦੇ ਹਨ ਤੇ ਨੇਕੀ ਤੋਂ ਲਾਂਭੇ ਹੋ ਜਾਂਦੇ ਹਨ। ਇਸ ਤੋਂ ਮੇਰਾ ਸਿਧਾਂਤ ਇਹ ਹੈ ਜੋ ਸ਼ੇਖ ਸਾਅਦੀ ਦਾ ਹੈ ਕਿ ਬਦਾਂ ਨਾਲ ਨੇਕੀ ਕਰਨੀ ਹੀ

ਨਹੀਂ ਚਾਹੀਏ।

ਬਾਬਾ – (ਸਿਰ ਹਿਲਾਕੇ) ਦ੍ਰਿਸ਼ਟਾਂਤ ਮੈਂ ਸਮਝੇ, ਪਰ ਕਿਉਂ ਲੋਕੀ ਨੇਕੀ ਦੇ ਬਦਲੇ ਬਦੀ ਕਰਦੇ ਹਨ, ਕਿਉਂ ਸ਼ੇਖ ਸਾਅਦੀ ਦੇ ਚੇਲੇ ਉਸੇ ਨੂੰ ਤੀਰ ਮਾਰਦੇ ਹਨ?

ਡਾਕਟਰ – ਇਸ ਲਈ ਕਿ ਆਦਮੀਆਂ ਵਿਚ ਆਦਮੀ ਘੱਟ ਹਨ। ਸਿੰਗ, ਪੂਛ ਬਿਨਾਂ ਪਸ਼ੂ ਆਦਮੀ ਦੀ ਸ਼ਕਲ ਵਿਚ ਫਿਰ ਰਹੇ ਹਨ। ਆਮ ਸੁਭਾਵ ਪਸ਼ੂ ਹਨ। ਅਰਥਾਤ ਢੁੱਡ ਮਾਰਨਾ ਤੇ ਦੂਜੇ ਦਾ ਹੱਕ ਖੁਹ ਲੈਣਾ। ਮੈਨੂੰ ਨੇਕੀ ਦਾ ਬੜਾ ਮੌਕਾ ਮਿਲਿਆ ਹੈ ਅਰ ਮੈਂ ਹਜ਼ਾਰਾਂ ਲੋਕਾਂ ਦਾ ਜਾਣੂੰ ਹੋਇਆ ਹਾਂ। ਆਪ ਦੀ ਕਿਰਪਾ ਨਾਲ ਜੋ ਮੈਨੂੰ 'ਉੱਚ-ਜੀਵਨ' ਦੀ ਸੋਝੀ ਆਈ ਹੈ ਤੇ ਸਤਿਗੁਰ ਦੀ ਮਿਹਰ ਨਾਲ ਮੇਰੇ ਅੰਦਰ ਜੀਵਨ ਦੀ ਰੌ ਰੁਮਕੀ ਹੈ, ਮੈਂ ਪ੍ਰਤੀਤ ਕੀਤਾ ਹੈ ਕਿ ਆਦਮੀ 'ਦਿੱਸਦੇ ਆਦਮੀ' ਹਨ, ਪਰ ਸੁਭਾਵ ਅਕਸਰ ਬਘਿਆੜਾਂ, ਲੂੰਬੜੀਆਂ, ਬਾਂਦਰਾਂ ਆਦਿਕ ਪਸ਼ੂਆਂ ਦੇ ਰਖਦੇ ਹਨ। ਹੁਣ ਜਦ ਏਹਨਾਂ ਨੂੰ ਪਾਲੋਗੇ ਤਾਂ ਇਹ ਤਕੜੇ ਹੋਕੇ ਆਪਣੇ ਸੁਭਾਵ ਅਨੁਸਾਰ ਪਸ਼ੂ ਬ੍ਰਿਤੀ ਦਾ ਵਰਤਾਉ ਕਰਨਗੇ। ਜਦੋਂ ਕਿਸੇ 'ਆਦਮੀ' ਨਾਲ ਨੇਕੀ ਕਰੀਦੀ ਹੈ ਤਾਂ ਉਹ ਅਗੋਂ ਆਦਮੀਅਤ ਦਾ ਵਰਤਾਉ ਕਰਦਾ ਹੈ। ਤੁਸੀਂ ਚਾਹੋ ਗੁੱਸੇ ਹੋਵੋ, ਮੇਰਾ ਤਜਰਬਾ ਇਹ ਹੈ ਕਿ ਨੇਕੀ ਨੇਕਾਂ ਨਾਲ ਕਰਨੀ ਚਾਹੀਏ, ਬਦਾਂ ਨਾਲ ਨੇਕੀ ਕਰਨੀ ਬਦੀ ਹੈ, ਨੇਕੀ ਨਹੀਂ ਹੈ। ਮੈਨੂੰ ਬੜਾ ਗੁੱਸਾ ਆਇਆ ਹੈ ਜਿਸ ਵੇਲੇ ਉਸ ਪੱਥਰਚਿੱਤ ਦਾ ਖਯਾਲ ਮੈਨੂੰ ਇਹ ਮਲੂਮ ਹੋਇਆ ਹੈ ਕਿ ਤੁਸੀਂ ਉਸ ਨਾਲ ਨੇਕੀ ਕਿਸੇ ਐਸੇ ਇਰਾਦੇ ਨਾਲ ਕਰ ਰਹੇ ਹੋ ਕਿ ਕਿਸੇ ਵੇਲੇ ਉਸ ਤੋਂ ਲਾਭ ਉਠਾਓਗੇ। ਉਹ ਮਾਇਆ ਦਾ ਵੇੜ੍ਹਿਆ ਨਹੀਂ ਸਮਝ ਸਕਦਾ ਕਿ ਸਾਡੀਆਂ ਧੀਆਂ ਤੇ ਮਾਵਾਂ ਉਸਦੀ ਸੇਵਾ ਇਸ ਲਈ ਨਹੀਂ ਕਰ ਰਹੀਆਂ ਕਿ ਉਹ ਬੜਾ ਅਮੀਰ ਹੈ ਤੇ ਅਸੀਂ ਸ੍ਵੈ ਸਤਿਕਾਰ ਦੇ ਮਾਦੇ ਤੋਂ ਖਾਲੀ ਹਾਂ। ਆਪਣੇ ਘਰ ਹਰ ਕੋਈ ਪਾਤਸ਼ਾਹ ਹੈ, ਉਸ ਨੇ ਸਾਨੂੰ ਕੀ ਜਾਤਾ ਹੈ? ਸੱਚ ਹੈ, ਬਾਬਾ ਜੀ! ਜੇ ਤੁਸੀਂ ਉਸਦੀ ਮਦਦ ਨੂੰ ਨਾਂ ਜਾਂਦੇ ਤਾਂ ਉਸ ਨੂੰ ਲੋਕਾਂ ਨੇ ਚੀਰ ਕੇ ਖਾ ਜਾਣਾ ਸੀ। ਏਹਨਾਂ ਫੋਕੀ ਵਿਦਯਾ ਦੇ ਵਿਦਵਾਨਾਂ ਦੀ ਇਹੋ ਵਿਦਯਾ ਹੈ ਕਿ ਪ੍ਰਤੱਖ ਮੌਤ ਦੇ ਪੰਜੇ ਵਿਚੋਂ ਬਚਕੇ, ਪੁਲਸ ਦੇ ਹੱਥੋਂ ਛੁੱਟਕੇ ਅਤੇ ਪ੍ਰਦੇਸ ਵਿਚ ਘਰ ਪ੍ਰਾਪਤ ਕਰਕੇ, ਮਾਵਾਂ, ਭੈਣਾਂ, ਧੀਆਂ ਤੋਂ ਪਿਆਰ ਭਰੀ ਸੇਵਾ ਲੈਕੇ, ਉਹਨਾਂ ਦੇ ਅੰਦਰ ਕੋਈ ਉੱਚ ਭਾਵ ਪੈਦਾ ਨਹੀਂ ਹੁੰਦਾ। ਐਸੇ ਕਠੋਰ ਹੋ ਗਏ ਮਨਾਂ ਤੇ ਨੀਵੀਂ ਬੁੱਧੀ ਵਾਲੇ ਲੋਕਾਂ ਨੂੰ ਆਪਣੀ ਮੌਤੇ ਮਰਨ ਦੇਣਾ ਪੁੰਨ ਹੈ। ਇਹ ਧਰਤੀ ਦਾ ਭਾਵ ਹੌਲਾ ਕਰਨਾ ਹੈ ਅਰ ਅੰਨ ਪਾਣੀ ਨੂੰ ਵਿਅਰਥ ਜਾਣ ਤੋਂ ਬਚਾਉਣਾ ਹੈ। ਮਾਫ ਕਰਨਾ, ਮੈਂ ਆਪ ਦੇ ਚਰਨਾਂ ਦੀ ਧੂੜ ਹਾਂ, ਪਰ ਮੈਥੋਂ ਆਪ ਦੀ ਨਿੰਦਿਆ ਤੇ ਵਾਹਿਗੁਰੂ ਦੀ ਬੇਅਦਬੀ ਝੱਲੀ ਨਹੀਂ ਗਈ। ਮੈਨੂੰ ਆਗਿਆ ਦਿਓ ਕਿ ਮੈਂ ਐਸੇ ਵਾਹਿਗੁਰੂ-ਬਿਮੁਖ ਦੇ ਜ਼ਖਮ ਬੰਨ੍ਹਕੇ ਫੇਰ ਆਪਣੇ ਹੱਥ ਅਪਵਿਤ੍ਰ ਨਾਂ ਕਰਾਂ, ਮੈਂ ਸੱਪਾਂ ਨੂੰ ਪਾਲਣ ਲਈ ਤਿਆਰ ਨਹੀਂ ਹਾਂ, ਮੈਨੂੰ ਪਤਾ ਹੈ ਕਿ ਐਸੇ ਲੋਕਾਂ ਨੇ ਜਗਤ ਨੂੰ ਨਰਕ ਬਣਾ ਰਖਿਆ ਹੈ।

ਬਾਬਾ – ਤੁਹਾਨੂੰ ਨੇਕੀ ਭਰਿਆ ਰੋਹ ਆਇਆ ਹੈ। ਬਰਕਤਾਂ ਵਾਲਾ ਹੈ, ਹਾਂ ਭਾਗੇ ਭਰਿਆ ਹੈ ਆਪ ਦਾ ਦਿਲ ਕਿ ਜਿਸ ਵਿਚ ਵਾਹਿਗੁਰੂ ਲਈ ਅਣਖ ਹੈ, ਇਹ ਜੀਵਨ ਦੀ ਨਿਸ਼ਾਨੀ ਹੈ। ਪਰ ਮੇਰੇ ਪ੍ਰਸ਼ਨ ਦਾ ਉੱਤਰ ਦਿਓ ਕਿ ਕਿਉਂ ਇਹ ਲੋਕ ਨੇਕੀ ਦੇ ਬਦਲੇ ਬਦੀ ਕਰਦੇ ਹਨ? ਮੈਂ ਮੰਨਿਆਂ ਕਿ ਧਰਤੀ ਦੇ ਤਖਤੇ ਉਸ ਖੂਨ ਨਾਲ ਰੱਤੇ ਹੋਏ ਪਏ ਹਨ ਜੋ ਬਦਾਂ ਨੇ ਆਪਣੇ ਨਾਲ ਨੇਕੀ ਕਰਨ ਵਾਲਿਆਂ ਦੀਆਂ ਨਾੜਾਂ ਤੋਂ ਵਗਾਇਆ। ਜਿਨ੍ਹਾਂ ਨੂੰ ਫਾਰਸੀ ਵਾਲੇ 'ਮੁਹਸਨ ਕੁਸ਼' ਆਖਦੇ ਹਨ। ਉਹਨਾਂ ਦੀਆਂ ਕਰਤੂਤਾਂ ਨੇ ਜਗਤ ਕਾਲਾ ਕਰ ਰੱਖਿਆ ਹੈ, ਪਰ ਆਖਰ ਇਸਦਾ ਕੋਈ ਕਾਰਨ ਭੀ ਤਾਂ ਹੈ ਨਾਂ?

ਡਾਕਟਰ – ....ਹ....ਹ..........ਹ। ਇਹ ਸੁਭਾਵ ਸਿਖਿਆ ਵਿਹੂਣੇ ਤੇ ਉੱਚੀ ਸਮਝ ਤੋਂ ਵਿਹੂਣੇ ਮਨੁੱਖਾਂ ਦਾ ਹੈ। ਜਿਨ੍ਹਾ ਨੇ ਸ਼ੁਕਰ ਕਰਨ ਦੀ ਜਾਚ ਨਹੀਂ ਸਿੱਖੀ ਤੇ ਕੀਤਾ ਜਾਣਨਾ ਜਿਨ੍ਹਾਂ ਨੇ ਨਹੀਂ ਪੜ੍ਹਿਆ। ਆਪਣੇ ਨਾਲ ਹੋਈ ਨੇਕੀ ਦਾ 'ਸ਼ੁਕਰ' ਇਕ ਕਰਜ਼ਾ ਹੈ ਜਿਸਦੀ ਹਦ ਦਾ ਪਤਾ ਨਹੀਂ, ਪਰ ਜੋ ਸੁਹਣੇ ਦਿਲ ਆਪੋ ਆਪਣੀ ਸੁਹਣੱਪ ਦੇ ਮੂਜਬ ਅਦਾ ਕਰਦੇ ਹਨ। ਸਾਡੇ ਨਾਲ ਜੇ ਕੋਈ ਨੇਕੀ ਕਰੇ ਤਾਂ ਅੰਦਰੋਂ ਬਾਹਰੋਂ ਸ਼ੁਕਰ ਕਰਨਾ ਚਾਹੀਏ। ਜੇ ਅਸੀਂ ਸੇਰ ਸੁਖ ਮੰਗੀਏ ਤੇ ਕੋਈ ਸਾਨੂੰ ਛਟਾਂਕ ਦੇ ਸਕੇ ਤਾਂ ਛਟਾਂਕ ਦਾ ਸ਼ੁਕਰ ਪੁੱਜਕੇ ਕਰੀਏ, ਪਰ 15 ਛਟਾਂਕਾਂ ਜੋ ਨਹੀਂ ਮਿਲੀਆਂ ਉਸਦਾ ਨਾਸ਼ੁਕਰੀਆ ਕਦੇ ਨਾ ਕਰੀਏ। ਜੇ ਕੋਈ ਇਕ ਨੇਕੀ ਕਰਾਕੇ ਫੇਰ ਨਾ ਕਰੇ ਤਾਂ ਇਕ ਨੂੰ ਨਾ ਭੁੱਲੀਏ ਤੇ ਹੋਰ ਨਾ ਹੋ ਸਕੀ ਤੋਂ ਗੁੱਸੇ ਨਾ ਹੋਈਏ। ਇਸ ਪ੍ਰਕਾਰ ਦੀ ਸਿਖਿਆ ਸਿੱਖਣੀ ਚਾਹੀਏ, ਚਾਹੋ ਵਿਦਿਆ ਪਾ ਕੇ, ਚਾਹੋ ਕਰਨੀ ਵਾਲੇ ਭਲੇ ਪੁਰਖਾਂ ਦੀ ਸੁਹਬਤ ਤੋਂ, ਚਾਹੋ ਮਾਤਾ ਪਿਤਾ ਬਚਪਨ ਤੋਂ ਇਹੋ ਜਿਹੀ ਸਿਖਿਆ ਸਿਖਾ ਦੇਣ। ਬਿਨਾਂ ਸਿਖਿਆ ਦੇ ਕੁਦਰਤੀ ਸੁਭਾਵ ਸ਼ੁਕਰ ਵਾਲਾ, ਕੀਤਾ ਜਾਣਨ ਵਾਲਾ ਹੋਣਾਂ, ਇਹ ਕੋਈ ਦਾਤ ਹੈ ਤੇ ਵਿਰਲਿਆਂ ਵਿਚ ਲਭਦੀ ਹੈ।

ਡਾਕਟਰ – ਤੁਸਾਂ ਜ਼ਿੰਦਗੀ ਦੇ ਬੜੇ ਸੁਹਣੇ ਗੁਰ ਇਸ ਪੱਖ ਦੇ ਸੁਣਾਏ ਹਨ, ਇਹ ਹਡ ਬੀਤੀਆਂ ਤੇ ਅਮਲੀ ਵਰਤਾਰਿਆਂ ਤੋਂ ਲੱਭੇ ਹੋਏ ਗੁਰ ਹਨ। ਪਰ ਗੱਲ ਤਾਂ ਉਹੋ ਹੈ ਨਾ ਕਿ ਨਾਂ ਸਿੱਖੇ ਮਨ ਵਾਲੇ ਕਿ ਪਸ਼ੂ ਮਨ ਵਾਲੇ ਹੀ ਨੇਕੀ ਦੇ ਬਦਲੇ ਬਦੀ ਕਰਦੇ ਹਨ।

ਬਾਬਾ – ਪਸ਼ੂ ਸਰੀਰ ਵਿਚ 'ਪਸ਼ੂ ਬ੍ਰਿਤੀ' ਮਨੁੱਖ ਬ੍ਰਿਤੀ ਬਣ ਸਕਦੀ ਹੈ?

ਡਾਕਟਰ – ਨਹੀਂ।

ਬਾਬਾ – ਪਰ ਮਨੁੱਖ ਢਾਂਚੇ ਵਿਚ ਤਾਂ 'ਪਸ਼ੂ ਬ੍ਰਿਤੀ' 'ਮਨੁੱਖ ਬ੍ਰਿਤੀ' ਬਣ ਸਕਦੀ ਹੈ।

ਡਾਕਟਰ – ਹਾਂ ਬਣ ਸਕਦੀ ਹੈ, ਪਰ ਤੁਸੀਂ ਬਾਹਰ ਦੇ ਦਾਨੇ ਛਡੋ, ਭਾਈ ਗੁਰਦਾਸ ਜੀ ਨੂੰ ਹੀ ਪੜ੍ਹੋ, ਓਹ ਦੱਸਦੇ ਹਨ ਕਿ ਨਹੀਂ 'ਮਨਮੁਖ ਅਸਾਧ ਸ਼ੈ ਹੈ'।

ਬਾਬਾ – ਠੀਕ ਹੈ, ਪਰ ਮੈਂ ਤਾਂ ਇਹ ਪੁੱਛਦਾ ਹਾਂ ਕਿ ਮਨੁੱਖ ਸਰੀਰ ਵਿਚ ਆਏ ਪਸ਼ੂ ਬ੍ਰਿਤੀ ਵਾਲੇ ਸੁਧਰ ਸਕਦੇ ਹਨ ਕਿ ਨਹੀਂ?

ਡਾਕਟਰ – ਹਾਂ, ਸੁਧਾਰ ਸੰਭਵ ਤਾਂ ਹੈ, ਪਰ ਹੁੰਦਾ ਨਹੀਂ।

ਬਾਬਾ – ਅਸੀਂ, ਮੈਂ, ਤੁਸੀਂ, ਸਾਰੇ ਪਸ਼ੂ ਬ੍ਰਿਤੀ ਵਾਲੇ ਸਾਂ, ਸਤਿਸੰਗ ਦੀ ਤੁਫੈਲ ਅਸੀਂ ਮਨੁੱਖ ਬ੍ਰਿਤੀ ਵਾਲੇ ਹੋ ਗਏ।

ਡਾਕਟਰ – ਠੀਕ।

ਬਾਬਾ – ਏਸੇ ਤਰ੍ਹਾਂ ਹੋਰ ਭੀ ਸੁਧਰ ਸਕਦੇ ਹਨ?

ਡਾਕਟਰ – ਹਾਂ ਜੀ!

ਬਾਬਾ – ਫੇਰ ਸਾਨੂੰ ਨਿਰਾਸ ਨਹੀਂ ਹੋਣਾ ਚਾਹੀਦਾ।

ਡਾਕਟਰ – ਪਰ ਅਸਾਧ ਰੋਗਾਂ ਦਾ ਕੀ ਦਾਰੂ?

ਬਾਬਾ – ਕੁਛ ਨਹੀਂ, ਇਲਾਜ ਕੀਤਾ, ਅੱਗੋਂ ਰੋਗੀ ਦੇ ਭਾਗ!

ਡਾਕਟਰ – ਤੁਹਾਡਾ ਕੀ ਮਤਲਬ ਹੈ?

ਖਿਮਾ ਕਰਨੀ। ਮੈਂ ਅਜੇ ਤੋੜੀ ਗੁੱਸੇ ਵਿਚ ਹਾਂ।

ਬਾਬਾ – ਤੁਸੀਂ ਠੀਕ ਹੋ। ਡਾਕਟਰ ਜੀ! ਜੋ ਜੋ ਪ੍ਰੀਖਿਆ ਤੇ ਪਰਤਾਵੇ ਇਸ ਜਗਤ ਵਿਚ ਵਾਪਰਦੇ ਹਨ ਉਹਨਾਂ ਤੋਂ ਦਿਲ ਉਦਾਸ ਹੋ ਹੋ ਕੇ ਗਮਰੁੱਠ ਹੋ ਜਾਂਦਾ ਹੈ। ਅੰਦਰ 'ਉੱਚ ਭਾਵ' ਉਠਣੇ ਬੰਦ ਹੋ ਜਾਂਦੇ ਹਨ ਤੇ ਮਨ ਕਠੋਰ ਹੋ ਕੇ ਜਗਤ ਤੋਂ ਮੂੰਹ ਮੋੜ ਕੇ ਵੱਖਰਾ ਰਹਿਣਾ ਪਸੰਦ ਕਰਦਾ ਹੈ। ਅਨੇਕਾਂ 'ਉਪਕਾਰੀ' ਇਸ ਤਰ੍ਹਾਂ ਦੇ ਕੌੜੇ ਕੌੜੇ ਵਰਤਾਉ ਝੱਲ ਝੱਲ ਕੇ ਅੰਤ ਨੂੰ 'ਅਪਕਾਰੀ' ਹੋ ਗਏ, ਪਰ ਸਾਡੇ ਲਈ ਸੋਚਣ ਦੀ ਗੱਲ ਇਹ ਹੈ ਕਿ ਇਹ ਵਰਤਾਰੇ, ਜੋ ਵਾਪਰਕੇ ਮਨ ਨੂੰ ਅੰਦਰਲੇ ਉੱਚ ਭਾਵਾਂ ਤੇ ਸੁਹਣੇ ਵਲਵਲਿਆਂ ਨੂੰ ਬੰਦ ਕਰਦੇ ਹਨ, ਇਹ ਸਾਡਾ ਹੀ ਨੁਕਸਾਨ ਹੈ, ਸਾਡੇ ਹੀ ਅੰਦਰਲੇ ਨੂੰ ਘਾਟਾ ਪੈਂਦਾ ਹੈ। ਜੇ ਅਸੀਂ ਐਸੇ ਦਾਨੀ ਹੋ ਜਾਈਏ ਕਿ ਕਿਸੇ ਦਾ ਧੋਖਾ ਨਾ ਖਾਈਏ ਤੇ ਕਦੇ ਕਿਸੇ ਥਾਂ ਨਾਂ ਪਸੀਜੀਏ ਤਾਂ ਅਸੀਂ ਕੋਰੜੂ ਮੋਠ ਹੋ ਗਏ। ਫੇਰ ਬਦੀਆਂ ਤਾਂ ਲੋਕਾਂ ਕੀਤੀਆਂ ਤੇ ਮਨ ਸਾਡਾ ਦ੍ਰਵਣੋਂ ਤੇ ਉਚਾ ਹੋਣੋਂ ਰਹਿ ਗਿਆ ਹੈ। ਇਸ ਲਈ ਮੈਂ ਆਖਦਾ ਹਾਂ, ਜੋ ਹੋਵੇ, ਸੋ ਹੋਵੇ, ਅਸੀਂ ਨੇਕੀ ਕਰੀਏ, ਦੇਖੀਏ, ਸਮਝੀਏ ਪਰ ਸਾਡੇ ਅੰਦਰਲੇ ਦੀ ਉਚਿਆਈ, ਵਡਿਆਈ, ਬਜ਼ੁਰਗੀ, ਮੌਲਣਾ, ਖਿੜਨਾ, ਉਚੇ ਵਲਵਲਿਆਂ ਵਿਚ ਜਾਣਾ ਬੰਦ ਨਾ ਹੋਵੇ।

ਡਾਕਟਰ – ਸਭ ਕੁਛ ਠੀਕ ਹੈ, ਪਰ –

ਸਪੈ ਦੁਧੁ ਪਿਆਲੀਐ ਵਿਹੁ ਮੁਖਹੁ ਸਟੈ।

ਬਾਬਾ – ਠੀਕ ਹੈ! ਮੈਂ ਜਗਤ ਵਿਚ ਨੇਕੀਆਂ ਦੇ ਬਦਲੇ ਬੜੇ ਦੁੱਖ ਝੱਲੇ ਹਨ, ਪਰ ਮੈਂ ਨੇਕੀ ਕਿਸੇ ਪ੍ਰਯੋਜਨ ਲਈ ਨਹੀਂ ਕਰਦਾ, ਨਾ ਨੇਕੀ ਨੂੰ ਮੈਂ ਸਭ ਤੋਂ ਉੱਚੀ ਗੱਲ ਸਮਝਦਾ ਹਾਂ। ਸਭ ਤੋਂ ਉੱਚੀ ਗੱਲ ਤਾਂ 'ਨਾਮ' ਹੈ ਤੇ ਨਾਮ ਦੇ ਆਇਆਂ ਨੇਕੀ ਬੰਦੇ ਤੋਂ ਸਹਿ ਸੁਭਾ ਹੁੰਦੀ ਹੈ। ਅਰਥਾਤ ਨਾਮੀ ਪੁਰਖ ਦਾ ਸੁਭਾਵ ਹੀ ਨੇਕੀ ਦਾ ਹੋ ਜਾਂਦਾ ਹੈ। ਨਾਮ ਐਸੀ ਸ਼ੈ ਹੈ ਕਿ ਇਹ ਬਦੀ ਨਹੀਂ ਕਰਨ ਦੇਂਦਾ, ਫੇਰ ਸੁਭਾ ਹੀ ਨੇਕੀ ਹੋ ਜਾਂਦਾ ਹੈ, ਸੋ ਆਪਣਾ ਸੁਭਾ ਕਰੀ ਜਾਈਦਾ ਹੈ। ਨੇਕੀ ਉਤੇ ਕੋਈ ਧੁਰ ਟੇਕ ਰੱਖਕੇ ਇਸ ਨੂੰ ਕਿਸੇ ਪ੍ਰੀਸ਼ਰਮ ਨਾਲ ਅਕੇਵੇਂ ਦੇ ਘਰ ਵਿਚ ਵੱਸ ਕੇ ਨਹੀਂ ਕਰੀਦਾ। ਨੇਕੀ ਨਿਸ਼ਕਾਮ ਕਰੀਦੀ ਹੈ।

ਡਾਕਟਰ – ਬੇਅਦਬੀ ਮਾਫ ਕਰਨੀ, ਤੁਸੀਂ ਮੈਨੂੰ ਗੁਰੂ ਸਾਹਿਬਾਂ ਦੀ ਸਿੱਖਿਆ ਦੇ ਨਚੋੜ ਦੱਸ ਰਹੇ ਹੋ, ਗੁਰਮਤ ਸਿਖਾਲ ਰਹੇ ਹੋ। ਪਰ ਬੇਅਦਬੀ ਮਾਫ ਕਰਨੀ ਜੇ ਮੈਂ ਆਪਣੇ ਰੋਹ ਵਿਚ ਬੇਅਦਬੀ ਨਾਲ ਕੁਛ ਪੁੱਛ ਬੈਠਾਂ ਤਾਂ, ਤੁਸਾਂ ਹੀ ਤੋਂ ਸਿਖਿਆ ਹੈ ਨਾ। ਜੇ ਮੈਨੂੰ ਮੁਰਦੇ ਜਿਵਾ ਦੇਣ ਦੀ ਸ਼ਕਤੀ ਮਿਲ ਜਾਵੇ ਤੇ ਮੈਂ ਇਕ ਮੋਏ ਪਏ ਸ਼ੇਰ ਨੂੰ ਜਿਵਾ ਦਿਆਂ ਤਾਂ ਉਹ ਨਵਾਂ ਨਰੋਆਂ ਹੋ ਕੇ ਜਿਸ ਵੇਲੇ ਉੱਠੇਗਾ, ਕੀਹ ਉਹ ਆਪਣੀ ਭੁੱਖ ਮਿਟਾਉਣ ਲਈ ਮੈਨੂੰ ਆਪਣਾ ਹੀ ਭੋਜਨ ਨਾ ਬਣਾਏਗਾ? ਯਾ ਮੈਂ ਐਉਂ ਬੇਨਤੀ ਕਰਾਂ ਕਿ ਜੇ ਸੱਪਾਂ ਵਿਚ ਮਰੀ ਪਵੇ ਤਾਂ ਡਾਕਟਰ ਇਲਾਜ ਵਾਸਤੇ ਘੱਲਣੇ ਆਦਮੀ ਦੀ ਵੰਸ਼ ਕੁਹਾਉਣ ਵਾਸਤੇ ਜ਼ਹਿਰ ਘੋਲਣ ਤੁੱਲ ਹੈ ਕਿ ਨਹੀਂ?

ਬਾਬਾ – ਤੁਸੀਂ ਠੀਕ ਆਖਦੇ ਹੋ ਪਰ ਮੈਂ ਹੋਰ ਗੱਲ ਆਖਦਾ ਹਾਂ। ਸੱਪਾਂ ਨੂੰ ਪਾਲਣਾਂ ਤਾਂ ਜ਼ਹਿਰ ਵਧਾਉਣੀ ਹੈ ਪਰ ਸੱਪਾਂ ਦੇ ਦੰਦਾਂ ਦੇ ਪਿੱਛੇ ਵਿਹੁ ਦੀਆਂ ਥੈਲੀਆਂ ਵਿਚ ਅੰਮ੍ਰਿਤ ਭਰ ਦੇਣਾ ਕੀ ਸੱਪਾਂ ਨਾਲ ਇਹ ਨੇਕੀ ਕਰਨੀ ਭੀ ਬਦੀ ਹੈ?

ਹੁਣ ਡਾਕਟਰ ਸਾਹਿਬ ਸੋਚੀਂ ਪੈ ਗਏ।

ਡਾਕਟਰ – ਹੂੰ, ਪਰ ਇਹ ਅਸੰਭਵ ਦੇ ਨੇੜੇ ਤੇੜੇ ਦਾ ਕੰਮ ਹੈ।

ਬਾਬਾ – ਇਹ ਸੱਚ ਹੈ, ਪਰ ਹੈ ਤਾਂ ਸੰਭਵ?

ਡਾਕਟਰ – ਹਾਂ, ਹੈ ਤਾਂ ਸਹੀ।

ਬਾਬਾ – ਮੈਂ ਆਪਣੀ ਜਾਣਦਾ ਹਾਂ, ਜੇ ਕਿਸੇ ਵਾਹਿਗੁਰੂ ਦੇ ਪਿਆਰੇ, ਨਾਮ ਦੇ ਪਿਆਰੇ ਗੁਰਸਿਖ ਨੂੰ ਮਰੇ ਤੇ ਤਰਸ ਨਾ ਆਉਂਦਾ ਤੇ ਮੈਨੂੰ ਉਹ ਨਾ ਸੁਆਰਦਾ ਤਾਂ ਮੈਂ 'ਦੁਖਦਾਈ ਜੰਤ' ਹੀ ਜਗਤ ਵਿਚ ਰਹਿ ਜਾਂਦਾ। ਜੇ ਉਹ ਆਪਣੀ ਨੇਕੀ ਨਾਲ ਮੇਰੀ ਬਦੀ ਨੂੰ ਨੇਕੀ ਨਾ ਬਣਾਉਂਦਾ ਤਾਂ ਮੈਂ ਕਦ ਬਦਲਦਾ? ਸੋ ਜਿਵੇਂ ਕਿਸੇ ਗੁਰਸਿਖ ਨੇ ਮੈਨੂੰ ਸਤਿਗੁਰ ਦੇ ਘਰ ਜਨਮ ਦੇ ਕੇ ਮੇਰਾ ਬਦੀ ਵਿਚ ਗਵਨ

ਮਿਟਾਇਆ ਤਿਵੇਂ ਮੇਰੀ ਗੁਰਸਿਖੀ ਮੈਨੂੰ ਆਖਦੀ ਹੈ, ਗੁਰ ਵਾਕ ਪੜ੍ਹ –

ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮ ਜਪਾਵੈ॥ ਪੰਨਾ – 306

ਮੇਰਾ ਯਤਨ ਹੈ ਕਿ ਹੋਰਨਾਂ ਨੂੰ ਨਾਮ ਜਪਾਵਾਂ, ਜਪਾਂ ਤੇ ਜਪਾਵਾਂ। ਸੋ ਇਹ ਨੇਕੀ ਜੇ ਹੋ ਜਾਵੇ ਤਾਂ ਸੱਪ ਦਾ ਸੁਭਾਉ ਬਦਲ ਦਿੰਦੀ ਹੈ, ਬਘਿਆੜ ਦੀ ਬਦੀ ਉਲਟਾ ਦਿੰਦੀ ਹੈ। ਸਤਿਗੁਰੂ ਨੇ ਇਸੇ ਕਰਕੇ ਹੋਰ ਸਭ ਨੇਕੀਆਂ ਨੂੰ ਊਣੇ ਦੱਸਿਆ ਹੈ, ਇਹ ਨੇਕੀ ਪੂਰਣ ਨੇਕੀ ਦੱਸੀ ਹੈ। ਨਾਮ ਨਾਲ ਮਨੁੱਖ ਦਾ ਅੰਦਰ ਬਦਲਦਾ ਹੈ। ਫਿਰ ਉਸ ਤੋਂ ਜੋ ਹੁੰਦਾ ਹੈ, ਸੋ ਨੇਕੀ ਹੁੰਦਾ ਹੈ। ਵਾਹਿਗੁਰੂ ਮੈਥੋਂ ਕਦੇ ਕਿਸੇ ਦੀ ਸੇਵਾ ਕਰਾਉਂਦਾ ਹੈ ਤਾਂ ਮੇਰਾ ਪ੍ਰਯੋਜਨ ਇਹ ਹੁੰਦਾ ਹੈ ਕਿ ਕਿਵੇਂ ਇਸ ਨੂੰ ਮੈਂ 'ਨਾਮ' ਦਾ ਮਹਾਤਮ ਦਿਖਾ ਸਕਾਂ ਤੇ ਇਸ ਨੂੰ ਨਾਮ ਪਿਆਰਾ ਲੱਗੇ ਤੇ ਇਹ ਇਸ ਉੱਤਮ ਜੀਵਨ ਵਿਚ ਆ ਜਾਵੇ – ਇਹ ਉੱਚ ਜੀਵਨ ਵਾਲਾ ਹੋ ਜਾਵੇ। ਹਾਂ ਸੁਰਤ ਉੱਚੀ ਰਹੇ ਸੂ, ਤੇ ਮਨ ਵਿਚ ਨੇਕੀ ਆ ਜਾਵੇ ਸੁ ਤੇ ਹੱਥਾਂ ਤੋਂ ਭਲਾ ਕਰੇ। ਮੂਲ ਕੀ ਇਸ ਦਾ ਜਨਮ ਪਲਟ ਜਾਵੇ ਤੇ ਇਹ ਦੇਉਤਾ ਬਿਰਤੀ ਵਾਲਾ ਹੋ ਜਾਵੇ।

ਡਾਕਟਰ – (ਝਿਜਕ ਕੇ) ਠੀਕ ਹੈ, ਬਾਬਾ ਜੀ! ਪਰ ਕੀ ਤੁਸੀਂ ਆਸ ਕਰਦੇ ਹੋ ਕਿ ਇਹ ਨਾਸਤਕ ਕਦੇ ਨਾਮ ਜਪੇਗਾ?

ਬਾਬਾ – ਆਸ ਘੱਟ ਹੈ, ਸ਼ਾਇਦ ਨਾ ਉਮੈਦੀ ਹੈ, ਪਰ ਮੈਨੂੰ ਅਵਸਰ ਮਿਲਿਆ ਹੈ, ਮੈਂ ਯਤਨ ਕਰਨਾ ਹੈ। ਭਗਵੰਤ ਦੇ ਘਰ ਦਾ ਕੀ ਪਤਾ ਹੈ ਕਿ ਇਸ ਨੇ ਮੇਰੇ ਤੇਰੇ ਨਾਲੋਂ ਵਧੀਕ ਸਾਈਂ ਦਾ ਪਿਆਰਾ ਬਣ ਜਾਣਾ ਹੈ? ਕੀ ਜਾਣੀਏਂ ਸਾਈਂ ਘੇਰ ਘਾਰ ਕੇ ਇਸ ਨੂੰ ਏਥੇ ਏਸੇ ਲਈ ਲੈ ਆਇਆ ਹੈ ਕਿ ਇਹ ਆਪਣੇ ਆਪੇ ਨਾਲ ਆਪ ਦੁਸ਼ਮਨੀ ਕਰਨੀ ਛੋੜ ਦੇਵੇ ਤੇ ਭਲੇ ਰਸਤੇ ਲੱਗ ਜਾਵੇ।

ਡਾਕਟਰ – ਤਾਂ ਕੀ ਤੁਸੀਂ ਇਸ ਨੂੰ ਵਾਹਿਗੁਰੂ ਵੱਲ ਲਾਉਣ ਦਾ ਯਤਨ ਕਰੋਗੇ?

ਬਾਬਾ – ਵਾਹਿਗੁਰੂ ਦੀ ਮਿਹਰ ਨਾਲ?

ਡਾਕਟਰ – ਜੇ ਇਹ ਨਾ ਲੱਗਾ ਤਾਂ ਤੁਸੀਂ ਇਕ ਪਾਪੀ ਨੂੰ ਮੌਤ ਤੋਂ ਛੁਡਾ ਕੇ ਬਦੀ ਕਰਨ ਲਈ ਜਾਨ ਪਾ ਦਿੱਤੀ।

ਬਾਬਾ – ਨਹੀਂ, ਜਾਨ ਪਾਉਣ ਕੱਢਣ ਵਾਲਾ ਰੱਬ ਹੈ, ਮੈਨੂੰ ਇਕ ਬੰਦਾ ਦੁਖ ਵਿਚ ਦਿੱਸਿਆ, ਮੈਂ ਉਸ ਦਾ ਦੁੱਖ ਹਰਨ ਦਾ ਉਪਰਾਲਾ ਕੀਤਾ, ਚਾਹੇ ਕੋਈ ਸੀ। ਵਾਹਿਗੁਰੂ ਜੀ ਭੀ ਖੂਨੀਆਂ, ਡਾਕੂਆਂ, ਚੋਰਾਂ ਸਭ ਨੂੰ ਰੋਟੀ ਦੇਂਦੇ ਹਨ, ਕਿਸੇ ਦਾ ਆਹਾਰ ਬੰਦ ਨਹੀਂ ਕਰਦੇ। ਮੈਨੂੰ ਵਾਹਿਗੁਰੂ ਨੇ ਹਮਦਰਦ ਮਨੁੱਖ ਬਣਾਇਆ ਹੈ, ਮੈਂ ਹਮਦਰਦੀ ਕਰਨੀ ਹੈ। ਨਿਆਂ ਕਰਨਾ ਉਸ ਦੇ ਆਪਣੇ ਹੱਥ ਹੈ। ਫਿਰ ਡਾਕਦਾਰਾ! ਬਦੀ ਆਪਣੀ ਆਪ ਸਜ਼ਾ ਹੈ, ਬਦੀ ਕਰਨ ਵਾਲੇ ਨੂੰ ਆਪਣਾ ਮਨ ਵੱਢ ਵੱਢ ਖਾਂਦਾ ਹੈ, ਬਦੀ ਕਰਨ ਵਾਲਾ ਕਦੇ ਅੰਦਰੋਂ ਠੰਢਾ ਨਹੀਂ, ਬਦੀ ਉਲਟ ਫੇਰ ਖਾ ਕੇ ਬਦੀ ਕਰਨ ਵਾਲੇ ਦੇ ਸਿਰ ਪੈਂਦੀ ਹੈ। ਜਦੋਂ ਬਦਾਂ ਨੂੰ ਦੁੱਖ ਪੈਂਦਾ ਹੈ, ਹਾਂ ਜਦੋਂ ਬਦ ਆਪਣੀ ਬਦੀ ਦੇ ਜਾਲ ਵਿਚ ਫਸਦੇ ਤੇ ਸੜਦੇ ਹਨ ਉਹੋ ਸਮਾਂ ਉਨ੍ਹਾਂ ਦੇ ਸੁਧਾਰ ਦਾ ਹੁੰਦਾ ਹੈ। ਉਹੋ ਵੇਲਾ ਹੁੰਦਾ ਹੈ ਜਦੋਂ ਉਨ੍ਹਾਂ ਦਾ ਅਮੋੜ ਮਨ ਸਿੱਖਿਆ ਸੁਣ ਸਕਦਾ ਹੈ, ਉਸ ਵੇਲੇ ਨੂੰ ਵਰਤ ਲੈਣਾ ਚਾਹੀਏ। ਇਸ ਕਰਕੇ ਡਾਕਟਰ ਜੀ ਮੇਰਾ ਜੀ ਹੁਣ ਇਹ ਚਾਹੁੰਦਾ ਹੈ ਕਿ ਆਪਣੇ ਘਰ ਆਏ ਦੁਖੀਏ ਦੇ ਵੈਰ ਵਾਲੇ ਸੁਭਾਵ ਨੂੰ ਪਿਆਰ ਨਾਲ ਜਿੱਤਾਂ, ਇਸ ਦੇ ਵਿਤਕਰੇ ਨੂੰ ਮੁਹੱਬਤ ਨਾਲ ਫਤਹ ਕਰਾਂ, ਇਸ ਦੀ ਨਮੁਕਰਤਾਈ ਨੂੰ ਵਾਹਿਗੁਰੂ-ਪ੍ਰੇਮ ਨਾਲ ਜੈ ਕਰਾਂ। ਡੰਡ ਦੇਣਾ ਮੇਰਾ ਕਰਮ ਨਹੀਂ, ਕਰਮ ਤੋਲਣੇ ਮੇਰਾ ਧਰਮ ਨਹੀਂ, ਮੇਰਾ ਧਰਮ ਹੈ ਗੁਰਸਿਖੀ, ਤੇ ਗੁਰਸਿੱਖੀ ਹੈ –

..........***ਜੋ ਆਪਿ ਜਪੈ ਅਵਰਹ ਨਾਮ ਜਪਾਵੈ॥***
ਪੰਨਾ – 306

ਹਾਂ ਜੀ, ਦਾਤਾ ਸਤਿਗੁਰ ਆਖਦਾ ਹੈ –

ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 306

ਮੈਂ ਇਸ ਯੋਗ ਨਹੀਂ, ਮੈਂ ਨੀਵਾਂ ਹਾਂ, ਆਪ ਭੁੱਲਣਹਾਰ ਹਾਂ, ਆਪ ਅਪੂਰਨ ਤੇ ਅਧੂਰਾ ਹਾਂ, ਪਰ ਸੰਗਤ ਨੇ ਮੈਨੂੰ 'ਸਿੱਖ' ਆਖਿਆ ਹੈ, 'ਗੁਰੂ ਦਾ ਸਿੱਖ' ਆਖਿਆ ਹੈ, ਅੰਮ੍ਰਿਤ ਛਕਾ ਕੇ ਕਿਹਾ ਹੈ 'ਤੂੰ ਗੁਰੂ ਦਾ ਸਿੱਖ ਹੈਂ' ਹੁਣ ਜਪਣਾ ਤੇ ਜਪਾਉਣਾ ਗੁਰਸਿਖੀ ਦਾ ਫਰਜ਼ ਹੈ, ਹੁਣ ਦੱਸੋ ਮੈਂ ਕੀ ਕਰਾਂ?

ਡਾਕਟਰ – ਬਲਿਹਾਰ, ਪਰ ਬਾਬਾ ਜੀ! ਇਹ ਕੰਮ ਸੌਖਾ ਨਹੀਂ ਹੈ।

ਬਾਬਾ – ਖਰਾ ਕਠਨ, ਜਦ ਦੇ ਇਹ ਆਏ ਹਨ ਸਾਡੇ ਸਾਰੇ ਘਰ ਵਿਚ ਇਨ੍ਹਾਂ ਦਾ ਪ੍ਰਭਾਵ ਪੈਂਦਾ ਹੈ। ਜਦ ਇਹ ਜ਼ਖਮੀ ਬੜਾਉਂਦੇ ਹਨ ਤਾਂ ਭੈੜੇ ਵਾਕ ਬੋਲਦੇ ਹਨ, ਪਰ ਹੁਣ ਆ ਜੋ ਮਿਲੇ। ਸਾਈਂ ਨੇ ਮੇਲ ਕਰਾਏ, ਸੰਜੋਗੀ ਮੇਲੇ ਹਨ। ਡਾਕਦਾਰਾ! ਓਦਰ ਨਾ, ਯਾਰਾ! ਤਕੜਾ ਹੋ। ਅਸੀਂ ਸਤਿਗੁਰ ਦੇ ਸਿੱਖ ਹਾਂ, ਅਸੀਂ ਜਗਤ ਵਿਚ ਵਾਹਿਗੁਰੂ ਦਾ ਰਾਜ ਸਥਾਪਨ ਕਰਨਾ ਹੈ, ਅਸਾਂ ਚੜ੍ਹਦੀਆਂ ਕਲਾਂ ਦਾ ਸੂਰਜ ਚਾੜ੍ਹਨਾ ਹੈ, ਅਸੀਂ ਪ੍ਰੇਮ ਦਾ ਰੰਗ ਜਮਾਉਣਾ ਹੈ, ਜਪਣਾ ਤੇ ਜਪਾਉਣਾ ਹੈ, ਅਸੀਂ ਉੱਚ ਜੀਵਨ ਦਾਨ ਕਰਨਾ ਹੈ, ਸ਼ੇਰ ਹੋ ਜਾ, ਗੁੱਸੇ ਗਿਲੇ ਛੱਡ ਕੇ ਹਿੰਮਤ ਕਰ। ਜੇ ਇਹ ਸ਼ਰਨ ਆ ਜਾਣ ਤਾਂ ਦੋ ਬੰਦੇ ਰੱਬ ਦੇ ਮੰਡਲ ਦੇ ਹੋਰ ਜਗਤ ਵਿਚ ਹੋ ਜਾਣਗੇ, ਸੁਖ ਪਾਉਣਗੇ, ਸੁਖ ਦੇਣਗੇ।

ਡਾਕਟਰ – ਮੈਂ ਕੀ ਕਰਾਂ? ਮੇਰਾ ਗੁੱਸਾ ਮੁੜ ਮੁੜ ਉਛਲਦਾ ਹੈ, ਮੈਨੂੰ ਆਪਣੇ ਤੇ ਗੁੱਸਾ ਹੈ ਕਿ ਮੈਂ ਆਪ ਦੀ ਤੇ ਰੱਬ ਦੀ ਬੇਅਦਬੀ ਸੁਣੀ ਤੇ ਠੁੱਕਸ ਨਾ ਕੀਤੀ।

ਬਾਬਾ – ਤੁਸਾਂ ਬੜਾ ਚੰਗਾ ਕੀਤਾ ਜੋ ਉਸ ਵੇਲੇ ਸਹਾਰਾ ਕੀਤਾ। ਸਹਾਰਾ ਰੱਬੀ ਖਸਲਤ ਹੈ। ਹੁਣ ਅਸੀਂ ਯਤਨ ਕਰਾਂਗੇ ਕਿ ਇਹਨਾਂ ਦੇ ਦਿਲ ਵਿਚ ਪ੍ਰੇਮ ਦਾ ਵਾਸ ਹੋਵੇ ਤੇ ਮਾਇਆ ਦੀ ਕਾਈ ਕੱਟੀ ਜਾਵੇ, ਇਹ ਲੋਕਾਂ ਨੂੰ ਮੋਟਰਕਾਰਾਂ ਹੇਠ ਦਲਣ ਦੀ ਥਾਂ ਕੁਛੜ ਚਾ ਕੇ ਪਿਆਰ ਕਰਨਾ ਸਿੱਖ ਜਾਣ।

ਡਾਕਟਰ – ਸੱਤਿ ਬਚਨ! ਜਿਵੇਂ ਆਖਸੋ ਕਰਸਾਂ, ਪਰ ਆਪ ਦਾ ਧੰਨ ਜਿਗਰਾ ਹੈ, ਮੈਂ ਤਾਂ ਬਦਾਂ ਦੇ ਹੱਥੋਂ ਤੇ ਖਾਸ ਕਰ ਨੇਕੀ ਦੇ ਬਦਲੇ ਬਦੀ ਕਰਨ ਵਾਲਿਆਂ ਦੇ ਹੱਥੋਂ ਤੰਗ ਹਾਂ।

ਬਾਬਾ – ਇਹ ਠੀਕ ਹੈ। ਪਰ ਮਾੜਿਆਂ ਨੂੰ ਸਿੱਖਿਆ ਨਹੀਂ ਮਿਲੀ, ਇਸ ਲਈ ਉਹਨਾਂ ਦਾ ਵਰਤਾਉ ਠੀਕ ਨਹੀਂ। ਇਕ ਆਦਮੀ ਸਵੇਰੇ ਉਠ ਕੇ ਛੱਪੜ ਵਿਚ ਜਾ ਕੇ ਛਾਬੇ ਜਾਲੀ ਪਾ ਕੇ ਪੰਜ ਸੋ ਨਿੱਕੀਆਂ ਨਿੱਕੀਆਂ ਟਿਚਰਾਂ ਫੜਦਾ ਹੈ, ਪੰਜ ਸੌ ਜਾਨ ਉਸਦੇ ਸਾਹਮਣੇ ਤੜਫ ਕੇ ਮਰਦੀ ਹੈ ਤੇ ਸ਼ਹਿਰ ਲਿਆ ਕੇ ਉਹ ਵੇਚਦਾ ਤੇ ਚੁਆਨੀ ਖੱਟਦਾ ਹੈ। ਦੂਜਾ ਆਦਮੀ ਚਾਰ ਆਨੇ ਦੇ ਛੋਲੇ ਉਬਾਲ ਕੇ ਘੁੰਗਣੀਆਂ ਵੇਚ ਕੇ ਚਾਰ ਆਨੇ ਕਮਾ ਲੈਂਦਾ ਹੈ। ਪਹਿਲੇ ਨੂੰ ਸਿਖਿਆ ਨਹੀਂ ਮਿਲੀ ਕਿ ਪੰਜ ਸੋ ਨੂੰ ਕਲੇਸ਼ ਕਲਪਨਾ ਦਿੱਤੇ ਬਿਨਾਂ ਭੀ ਮੈਂ ਚੁਆਨੀ ਕਮਾ ਸਕਦਾ ਹਾਂ, ਮੇਰੇ ਨਾਲ ਦਾ ਹਮਸਾਇਆ ਘੁੰਗਣੀਆਂ ਵੇਚ ਕੇ ਬਿਨਾਂ ਜੀਵ ਕਲਪਾਏ ਚੁਆਨੀ ਕਮਾ ਲੈਂਦਾ ਹੈ। ਉਸ ਦੀ ਸਮਝ ਵਿਚ ਨਹੀਂ ਆਉਂਦਾ ਕਿ ਮੈਂ ਭੀ ਇਤਨਾ ਦੁਖ ਦਿੱਤੇ ਬਿਨਾਂ ਰੋਜ਼ੀ ਟੋਰ ਸਕਦਾ ਹਾਂ। ਇਹ ਗੱਲ ਮੈਂ ਇਕ ਦ੍ਰਿਸ਼ਟਾਂਤ ਵਜੋਂ ਕਹੀ ਹੈ, ਮਤਲਬ ਇਹ ਹੈ ਕਿ ਜੇ ਕਿਸੇ ਤਰ੍ਹਾਂ ਦੁਖ ਦੇਣ ਵਾਲਿਆਂ ਨੂੰ ਕੋਈ ਸਮਝਾ ਸਕੇ ਤੇ ਉਨ੍ਹਾਂ ਦਾ ਸੁਭਾਉ ਪਲਟਾ ਸਕੇ ਤਾਂ ਇਹ ਨੇਕੀ ਹੈ।

ਅਨੇਕਾਂ ਆਦਮੀ ਐਸੇ ਹਨ ਜੋ ਦੂਸਰੇ ਆਦਮੀਆਂ ਦੇ ਦਿਲ ਤਪਾਉਂਦੇ, ਦੁਖ ਦੇਂਦੇ, ਜਲਨ ਤੇ ਸਾੜੇ ਪੈਦਾ ਕਰਦੇ ਟੁਰੀ ਜਾਂਦੇ ਹਨ। ਉਹ ਐਸੇ ਕੰਮ ਕਦੇ ਭੈੜੇ ਸੁਭਾ ਕਰਕੇ ਤੇ ਕਦੇ ਰੋਟੀ ਟੋਰਨ ਲਈ ਕਰਦੇ ਹਨ। ਨਿੰਦਿਆ ਕਰਦੇ ਹਨ, ਨੁਕਸ ਛਾਂਟਦੇ ਹਨ। ਹੋਰਨਾਂ ਕਈ ਤਰੀਕਿਆਂ ਨਾਲ ਉਹ ਭਰਾਵਾਂ ਦੇ ਦਿਲ ਦੁਖਾਉਂਦੇ ਧ੍ਰੋਹ ਕਮਾਉਂਦੇ ਤੇ ਕਲੇਸ਼ ਦੇਂਦੇ ਹਨ। ਤਰ੍ਹਾਂ ਤਰ੍ਹਾਂ ਦੇ ਛਲਾਂ ਤੇ ਜ਼ੁਲਮਾਂ ਨਾਲ ਦੂਸਰਿਆਂ ਦੇ ਧਨ ਪਦਾਰਥ ਖੋਹ ਲੈਂਦੇ ਹਨ। ਹੁਣ ਤੁਸੀਂ ਦੱਸੋ ਜੇ ਐਸੇ ਆਦਮੀ ਆਪਣੇ ਭਰਾਵਾਂ ਨੂੰ ਦੁੱਖ ਦੇਣੋਂ ਹਟ ਕੇ ਸੁਖ ਦੇਣਾ ਤੇ ਸੁੱਚ ਨਾਲ ਰੋਜ਼ੀ ਕਮਾਉਣੀ ਸਿੱਖ ਜਾਣ ਤਾਂ ਮਾੜਾ ਹੈ? ਜੇ ਇਹ ਮਾਣਸਾਂ ਦੀ ਰੱਤ ਪੀਣ ਵਾਲੇ ਰੱਤ ਡੁੱਲ੍ਹੀ ਤੇ ਮਲ੍ਹਮ ਲਾਉਣ ਵਾਲੇ ਹੋ ਜਾਣ ਤਾਂ ਚੰਗਾ ਹੈ ਕਿ ਨਹੀਂ?

ਡਾਕਟਰ – ਬਹੁਤ ਹੀ ਚੰਗਾ ਹੈ, ਪਰ ਸੁਆਲ ਤਾਂ ਇਹ ਹੈ ਕਿ ਇਹ ਕਦੇ ਸਿੱਖਦੇ ਹਨ? ਇਹ ਲੋਕ ਜਾਣਦੇ ਹਨ ਫੇਰ ਕਰਦੇ ਨਹੀਂ, ਤਲੀ ਤੇ ਦੀਵਾ ਰੱਖਦੇ ਹਨ, ਫੇਰ ਡਿੱਗਦੇ ਹਨ। ਮੈਂ ਜਿਨ੍ਹਾਂ ਆਦਮੀਆਂ ਬਾਬਤ ਕਹਿ ਰਿਹਾ ਹਾਂ, ਉਹਨਾਂ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਲਿਖਿਆ ਹੈ।

ਬਾਬਾ – ਮੈਂ ਤੁਹਾਡੇ ਨਾਲ ਅਜੋੜ ਤਾਂ ਨਹੀਂ ਕਰ ਰਿਹਾ, ਤੁਸੀਂ ਠੀਕ ਕਹਿ ਰਹੇ ਹੋ। ਮੇਰਾ ਮਤਲਬ ਨਿਰਾ ਇਹ ਹੈ ਕਿ ਕਿਵੇਂ ਜਾਣੀਏਂ ਕਿ ਇਹ ਪੁਰਸ਼ ਸੁਧਰ ਸਕਦਾ ਹੈ ਜਾਂ ਨਹੀਂ? ਤਰੀਕਾ ਇਹੋ ਹੈ ਕਿ ਮੈਂ ਸੱਚੇ ਦਿਲੋਂ ਸੇਵਾ ਕਰਾਂ, ਯਤਨ ਕਰਾਂ, ਜੇ ਇਹ ਸੁਧਰ ਗਿਆ ਵਾਹ ਵਾਹ, ਨਾ ਸੁਧਰ ਗਿਆ ਤਾਂ ਸਮਝ ਲੈਸਾਂ ਕਿ ਇਹ ਅਸਾਧਯ ਰੋਗੀ ਸੀ। ਦੋਹੀਂ ਗਲੀਂ ਮੈਂ ਤਾਂ ਨੇਕੀ ਦੇ ਸੰਕਲਪ ਵਿਚ ਹਾਂ।

ਡਾਕਟਰ – ਹਾਂ, ਆਪ ਠੀਕ ਹੋ, ਜਗਤ ਵਿਚ ਸੁਧਾਰ ਕਰਨ ਵਾਲੇ ਦਾ ਏਹੀ ਇੰਦੀਆ ਠੀਕ ਹੈ, ਪਰ ਮੈਂ ਤਾਂ ਵਾਹ ਪਏ, ਕੀਤੇ ਤਜਰਬੇ ਅਤੇ ਹੱਡੀ ਵਰਤੇ ਮਾਮਲੇ ਦੱਸਦਾ ਹਾਂ ਕਿ ਇਹਨਾਂ ਲੋਕਾਂ ਨਾਲ ਨੇਕੀ ਫਲਦੀ ਨਹੀਂ।

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਕਰਦੇ ਡਾਕਟਰ ਸਾਹਿਬ ਟੁਰ ਗਏ। ਉਹ ਬਾਬੇ ਦਾ ਬੜਾ ਸਤਿਕਾਰ ਕਰਦੇ ਸਨ, ਬਾਬੇ ਤੋਂ ਉਹਨਾਂ ਨੂੰ ਬੜਾ ਲਾਭ ਪੁੱਜਾ ਸੀ। ਬਾਬੇ ਦੇ ਗੁਣਾਂ ਤੋਂ ਉਹ ਵਰੋਸਾਏ ਸਨ, ਉਹਨਾਂ ਨੂੰ ਪਤਾ ਸੀ ਕਿ ਅਸਲੀ ਸਿੱਖ ਜੀਵਨ 'ਉੱਚ-ਜੀਵਨ' ਦਾ ਬਾਬਾ ਇਕ ਸਿਰੇ ਦਾ ਨਮੂਨਾ ਹੈ। ਗੁਰੂ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ 'ਮਰਦ' ਦੀ ਵੰਨਗੀ ਦੱਸਦੇ ਹਨ, ਜਿਸ ਦਾ ਰੂਪ ਬੰਨ੍ਹਦੇ ਹਨ, ਦਸਮੇਂ ਜਾਮੇਂ ਜਿਸ ਨੂੰ ਮਾਨੋਂ ਸੱਚੇ ਵਿਚ ਢਾਲਕੇ ਬਣਾਕੇ ਰਖ ਦਿੱਤਾ ਤੇ ਆਖਿਆ ਕਿ ਹਰ ਪ੍ਰਾਣੀ ਐਸੇ ਨਮੂਨੇ ਦਾ ਹੋਵੇ ਉਹ ਬਾਬਾ ਹੈ। ਬਾਬਾ ਨਾ ਕੇਵਲ ਆਪਣੇ ਪਿੰਡ ਬਲਕਿ ਇਲਾਕੇ ਵਿਚ ਇਕ ਬਰਕਤ ਹੈ, ਇਕ ਕਲਪ ਬ੍ਰਿਛ ਹੈ। ਬਾਬੇ ਦੇ ਖਿਆਲਾਂ ਅਗੇ ਡਾਕਟਰ ਸਾਹਿਬ ਦੇ ਖਿਆਲਾਤ ਝੁਕਦੇ ਸਨ, ਪਰ ਜਗਤ ਨਾਲ, ਦੇਸ਼ ਪ੍ਰਦੇਸ਼, ਵਾਹ, ਮਾਮਲੇ ਪੈ ਕੇ ਡਾਕਟਰ ਨੂੰ ਦਿੱਸ ਪਿਆ ਸੀ ਕਿ ਜਗਤ ਵਿਚ ਸੱਚ ਦੀ, ਪਿਆਰ ਦੀ ਤੇ ਇਨਸਾਫ ਦੀ ਕਾਲੀ ਰਾਤ ਪੈ ਰਹੀ ਹੈ। ਕਈ ਮਰਨਹਾਰਾਂ ਨੂੰ ਡਾਕਟਰ ਨੇ ਮੌਤ ਦੇ ਮੂੰਹੋਂ ਵਲ ਕੀਤਾ, ਫੀਸ ਲੈਣੀ ਤਾਂ ਕਿਤੇ ਰਹੀ ਦਵਾ ਤੇ ਭੋਜਨ ਬੀ ਕੋਲੋਂ ਦਿੱਤਾ ਸੀ, ਉਹਨਾਂ ਨੇ ਹੀ ਡਾਕਟਰ ਸਾਹਿਬ ਦੇ ਵਿਰੁੱਧ ਅਫਸਰਾਂ ਪਾਸ ਚੁਗਲੀਆਂ ਮਾਰੀਆਂ ਸਨ। ਇਕ ਆਦਮੀ ਤ੍ਰੈ ਵਾਰੀ ਸੰਖੀਆ ਖਾ ਕੇ ਖੁਦਕਸ਼ੀ ਕਰਨ ਲੱਗੇ ਨੂੰ ਡਾਕਟਰ ਸਾਹਿਬ ਨੇ ਬਚਾਇਆ ਸੀ, ਉਸੇ ਨੇ ਸਾਰੇ ਇਲਾਕੇ ਵਿਚ ਘਰ ਘਰ ਫਿਰ ਕੇ ਡਾਕਟਰ ਸਾਹਿਬ ਦੀ ਨਿੰਦਾ ਕੀਤੀ ਸੀ। ਇਕ ਆਦਮੀ ਬੇਰੁਜ਼ਗਾਰ ਤ੍ਰੈ ਦਿਨ ਦੇ ਭੁੱਖੇ ਮੌਤ ਦੇ ਮੂੰਹ ਪਏ ਨੂੰ ਡਾਕਟਰ ਸਾਹਿਬ ਜੀ ਨੇ ਜਗਤ ਵਿਚ ਕਿਸੇ ਮੁਰਾਤਬੇ ਚੜ੍ਹਾ ਦਿੱਤਾ ਸੀ, ਉਸ ਨੇ ਡਾਕਟਰ ਜੀ ਦਾ ਦਮ ਨੱਕ

ਵਿਚ ਲੈ ਆਂਦਾ ਸੀ। ਇਕ ਬੱਚੇ ਨੂੰ ਹੱਥੀਂ ਪਾਲਿਆ, ਪੜ੍ਹਾਇਆ, ਲਾਇਕ ਕੀਤਾ, ਜਦ ਰੁਜ਼ਗਾਰ ਤੇ ਗਿਆ ਡਾਕਟਰ ਜੀ ਦੀ ਹੀ ਸੰਘੀ ਨਹੁੰ ਦੇ ਦਿੱਤਾ। ਕਈ ਧਰਮੀ ਕਹਿਲਾਉਣ ਵਾਲੇ ਲੋਕਾਂ ਨਾਲ ਉਪਕਾਰ ਕਮਾਏ, ਸਭਨਾਂ ਵਲੋਂ ਠੁਹਕਰ ਖਾਧੀ। ਡਾਕਟਰ ਦੀ ਵਹੁਟੀ ਤਾਂ ਹੁਣ ਇਹ ਕਹਿਣ ਲੱਗ ਪਈ ਸੀ ਕਿ ਸਾਡਾ ਲੂਣ ਖਰਾਬ ਹੈ, ਜਿਸਦੇ ਹੱਡੀਂ ਲੱਗਦਾ ਹੈ ਕਿਸੇ ਨਾਲ ਨੇਕੀ ਕਰਕੇ ਰਾਜ਼ੀ ਨਹੀਂ ਸੀ, ਸਦਾ ਏਹੋ ਕਹਿੰਦੀ ਸੀ ਕਿ ਹਰ ਆਦਮੀ ਨੂੰ ਸਵਾ ਹੱਥ ਦੀ ਵਿੱਥ ਉਤੇ ਰੱਖੋ ਤੇ ਕਿਸੇ ਨਾਲ ਮੱਥਿਓਂ ਤਿਉੜੀ ਲਾਹਕੇ ਗੱਲ ਨਾ ਕੀਤਾ ਕਰੋ। ਡਾਕਟਰ ਸਾਹਿਬ ਨੇ ਇਸ ਅਮਲ ਨਾਲ ਕੁਛ ਸੁਖ ਵੀ ਪਾਇਆ ਸੀ, ਪਰ ਉਹਨਾਂ ਦੇ ਅੰਦਰ ਜੋ ਨਾਮ ਦੀ ਕਣੀ ਦਗਦਗ ਕਰਦੀ ਦਮਕਦੀ ਸੀ ਉਹ ਉਹਨਾਂ ਤੋਂ ਸੁਚੇ ਤੇ ਸਹਿ ਸੁਭਾ ਨੇਕੀ ਦਾ ਵਰਤਾਉ ਕਦ ਛੁੱਟਣ ਦੇਂਦੀ ਸੀ? ਪਰ ਠੁਹਕਰਾਂ ਬੀ ਇੰਨੀਆਂ ਕੁ ਆਈਆਂ ਸਨ ਕਿ ਜੇ ਕਦੇ ਅੰਦਰ ਨਾਮ ਨਾ ਹੁੰਦਾ ਤਾਂ ਨੇਕੀ ਕਰਨ ਦੀ ਇੱਛਾ ਐਉਂ ਸੜ ਕੇ ਕੋਲੇ ਹੋ ਜਾਂਦੀ ਜਿਸ ਤਰ੍ਹਾਂ ਖੰਡ ਦੇ ਕਵਾਮ ਨੂੰ ਜੇ ਪੂਰੇ ਸੇਕ ਨਾਲੋਂ ਵਧੀਕ ਸੇਕ ਲੱਗ ਜਾਵੇ ਤਾਂ ਮਿਸਰੀ ਦੀ ਥਾਂ ਕੋਲੇ ਬਣ ਜਾਂਦਾ ਹੈ। ਪਰ ਸਭ ਨੇਕੀਆਂ ਜਿਸ ਤੋਂ ਐਉਂ ਨਿਕਲਦੀਆਂ ਹਨ ਜਿੱਕੂੰ ਅੱਗ ਤੋਂ ਕਿਰਨਾਂ, ਉਹ ਚਮਕਦਾ ਸੂਰਜ 'ਨਾਮ' ਅੰਦਰ ਵੱਸ ਰਿਹਾ ਸੀ। ਨੇਕੀ ਕਰਦੇ ਸਨ, ਪਰ ਬਚ ਬਚਕੇ। ਸਵਾ ਹੱਥ ਦੀ ਵਿੱਥ ਤੇ ਜ਼ਰੂਰ ਰਹਿੰਦੇ ਸਨ, ਪਰ ਸੁਭਾ ਨਹੀਂ ਸੀ ਛੁੱਟਦਾ। ਅੱਜ ਡਾਕਟਰ ਜੀ ਨੇ ਬਾਬੇ ਦੀ ਬੇਅਦਬੀ ਨਹੀਂ ਕੀਤੀ, ਉਨ੍ਹਾਂ ਦੇ ਡਾਢੇ ਪਿਆਰ ਵਿਚ ਵਾਹਿਗੁਰੂ ਤੇ ਬਾਬੇ ਦੀ ਬੇਅਦਬੀ ਨਹੀਂ ਸਹਾਰੀ ਤੇ ਬਾਬੇ ਨੂੰ ਕਿਸੇ ਮੁਸ਼ਕਲ ਦੇ ਵਿਚ ਫਸ ਜਾਣ ਤੋਂ ਬਚਾਉਣ ਲਈ ਬੇਝਕੇ ਹੋ ਕੇ ਗੱਲਾਂ ਕੀਤੀਆਂ ਹਨ ਅਰ ਜਾਂਦੇ ਹੋਏ ਵੀ ਇਹ ਸੋਚਦੇ ਗਏ ਹਨ ਕਿ ਕੀਕੂੰ ਬਾਬਾ ਜੀ ਕਿਸੇ ਆਫਤ ਵਿਚ ਪੈਣੋਂ ਬਚ ਰਹਿਣ, ਇਹ ਬੜੇ ਸੂਧੇ ਤੇ ਧੁਰੋਂ ਨੇਕ ਹਨ ਤੇ ਜਗਤ ਵਿਚ ਜੋ ਵਰਤਾਰਾ ਵਰਤ ਰਿਹਾ ਹੈ ਉਸਦਾ ਪਤਾ ਰਖਦੇ ਹਨ।

(ਪੰਨਾ 49 ਦੀ ਬਾਕੀ)

ਮਨ ਵਿਚ ਪਰਉਪਕਾਰ ਹਰ ਵਕਤ ਉਠਦਾ ਰਹਿੰਦਾ ਹੈ ਕਿ ਜਿਹੜੇ ਦੁਖੀ ਹੋਏ ਪਏ ਨੇ, ਹਨ੍ਹੇਰੇ ਵਿਚ ਚਲੇ ਗਏ ਇਨ੍ਹਾਂ ਨੂੰ ਕਿਸ ਤਰ੍ਹਾਂ ਦੇ ਨਾਲ ਪ੍ਰਕਾਸ਼ ਵਿਚ ਲਿਆਂਦਾ ਜਾਵੇ? ਕਿਵੇਂ ਇਨ੍ਹਾਂ ਦੇ ਦੁੱਖਾਂ ਦਾ ਖਾਤਮਾ ਕੀਤਾ ਜਾਵੇ। ਸੋ ਉਸ ਦੇ ਵਾਸਤੇ ਗੁਰੂ ਜੋ ਹੈ, ਗੁਰੂ ਨਾਨਕ ਪਾਤਸ਼ਾਹ, ਉਹ ਨਾਮ ਦਾ ਇਲਾਜ ਦਸਦੇ ਨੇ ਕਿ ਜਦੋ ਆਦਮੀ ਨਾਮ ਜਪਦਾ ਹੈ, ਇਸੇ ਸ਼ਬਦ ਵਿਚ ਦੱਸਿਆ ਹੈ ਕਿ ਜਦੋਂ ਨਾਮ ਹਿਰਦੇ ਵਿਚ ਆ ਕੇ ਵਸ ਗਿਆ ਫੇਰ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਹੋ ਗਈ, ਦੁੱਖਾਂ ਦਾ ਖਾਤਮਾ ਹੀ ਹੋ ਗਿਆ।

ਸੋ ਇਸ ਕਰਕੇ ਜੋ ਅੰਮ੍ਰਿਤ ਵੇਲੇ ਆਪ ਜਾਗਦੇ ਹੋ ਸਾਰੇ ਹੀ ਜਾਗਣ ਤੋਂ ਬਾਅਦ ਚਿਤ-ਬਿਰਤੀ ਇਕਾਗਰ ਕਰਕੇ, ਸੁਚੇਤ ਹੋ ਕੇ, ਚੇਤਨਾ ਦੇ ਨਾਲ ਜਦੋਂ ਅਸੀਂ ਪ੍ਰਭੂ ਦਾ ਜਸ ਸੁਣਦੇ ਹਾਂ ਤਾਂ ਇਹ ਨਾਮ ਦੀ ਇਕ ਹਾਲਤ ਹੈ ਇਸ ਦੇ ਨਾਲ ਸਾਡਾ ਪਿਆਰ ਲਗਦਾ ਹੈ। ਜਿਸਦੇ ਨਾਲ ਪਿਆਰ ਹੋਵੇ ਉਸ ਦਾ ਧਿਆਨ ਹਰ ਵਕਤ ਰਹਿੰਦਾ ਹੈ, ਉਸ ਦੀ ਖਿੱਚ ਹਿਰਦੇ ਵਿਚ ਰਹਿੰਦੀ ਹੈ। ਸੋ ਇਹ ਸਾਰਾ process (ਤਰੀਕਾ, ਪ੍ਰਕਿਰਿਆ) ਹੈ ਜਿਥੇ ਜਾ ਕੇ ਸਾਨੂੰ (illusion) ਧੋਖਾ ਖਤਮ ਹੋ ਜਾਂਦਾ ਹੈ। ਅਗਿਆਨਤਾ ਸਾਡੇ ਅੰਦਰ ਨਹੀਂ ਰਹਿੰਦੀ ਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸ ਪ੍ਰਕਾਸ਼ ਦਾ ਜੋ ਅਨੁਭਵ ਹੈ ਉਸ ਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ।

ਸੋ ਜਦੋਂ ਨਾਮ ਪ੍ਰਾਪਤ ਹੋ ਗਿਆ –

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ – 649

ਸਾਰੀਆਂ ਬਰਕਤਾਂ ਉਸ ਦੇ ਪਿਛੇ ਲੱਗ ਜਾਂਦੀਆਂ ਨੇ, ਉਸ ਦੇ ਕੋਲ ਹੁੰਦੀਆਂ ਨੇ। ਉਹ ਆਪ ਵੀ ਤਰਦਾ ਹੈ ਤੇ ਸੰਸਾਰ ਨੂੰ ਵੀ ਤਾਰ ਦਿੰਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

'ਅੱਲਾ ਯਾਰ ਖਾਨ' ਵਲੋਂ ਸਾਹਿਬਜ਼ਾਦਿਆਂ ਨੂੰ ਸ਼ਰਧਾਜਲੀ

ਗੋਬਿੰਦ ਕੇ ਦਿੱਲਦਾਰ ਕਿਲ੍ਹੇ ਸੇ ਨਿਕਲ ਆਏ।
ਵਹੁ ਦੇਖੀਏ ਸਰਕਾਰ ਕਿਲੇ ਸੇ ਨਿਕਲ ਆਏ।
ਘੋੜੇ ਪੈ ਹੋ ਅਸਵਾਰ ਕਿਲ੍ਹੇ ਸੇ ਨਿਕਲ ਆਏ।
ਲੇ ਹਾਥ ਮੇਂ ਤਲਵਾਰ ਕਿਲ੍ਹੇ ਸੇ ਨਿਕਲ ਆਏ।
ਕਿਆ ਵਸਫ ਹੋ ਉਸ ਤੇਗ ਕਾ ਇਸ ਤੇਗੇ ਜੁਬਾਨ ਸੇ।
ਵਹੁ ਮਿਆਨ ਸੇ ਨਿਕਲੀ ਨਹੀਂ ਨਿਕਲੀ ਯੇਹ ਵਹਾਂ ਸੇ।

ਸ਼ੇਅਰ ੭੯

'ਤਲਵਾਰ ਸੀ, ਤਲਵਾਰ ਥੀ ਕਿਆ ਜਾਨੀਏ ਕਿਆ ਥੀ।
ਖੂੰਖਾਰ ਥੀ, ਖੂੰਨ ਬਾਜ ਥੀ ਆਫਤ ਥੀ ਬੱਲਾ ਥੀ।
ਥੀ ਆਬ ਯਾ ਫੌਲਾਦ ਪੈ ਬਿਜਲੀ ਕੀ ਜੱਲਾ ਥੀ।
'ਯਮ ਰਾਜ' ਕੀ ਅੰਮਾਂ ਥੀ ਵਹੁ ਸ਼ਮਸ਼ੇਰ ਕੱਜ਼ਾ ਥੀ।
ਅਰਦਲ ਮੈਂ ਬਿਚਾਰੇ 'ਮਲਕੱਲ ਮੌਤ' ਖੜੇ ਥੇ
ਅਪਨੇ ਸ਼ੁਗਲੇ ਖਾਸ ਮੈਂ ਮਸ਼ੱਗੂਲ ਬੜੇ ਥੇ।

ਸ਼ੇਅਰ ੮੯

(ਪੁਸਤਕ ਸਫਰਨਾਮਾ ਤੇ ਜਫਰਨਾਮਾ ਵਿਚੋ ਧੰਨਵਾਦ ਸਹਿਤ)

ਜ਼ਰੂਰੀ ਸੂਚਨਾ

ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –

(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।

(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।

(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।

(ਇਥੋਂ ਕੱਟ ਕੇ ਭੇਜੋ ਜੀ)

Annual/Life Membership Form - Atam Marg

ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name..
3. ਪਿਤਾ ਦਾ ਨਾਮ/Father's Name..
4. ਪੂਰਾ ਪਤਾ/Full address..

....

....

PINCODE.......................Telephone..............

ਮੈਂ .... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ..................................

ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ – 7, 14, 21, 28 ਦਸੰਬਰ।

ਸੰਗਰਾਂਦ – 14 ਦਸੰਬਰ, ਦਿਨ ਐਤਵਾਰ।

ਪੂਰਨਮਾਸ਼ੀ – 8 ਦਸੰਬਰ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

For more information

please visit us on internet at -

http://www.atammarg.org

&

http://www.atammarg.com

ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/ 2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

ਪ੍ਰਿੰਟਰ ਪਬਲਿਸ਼ਰ ਤੇ ਐਡੀਟਰ ਭਾਈ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

ਦਫਤਰ ਆਤਮ ਮਾਰਗ ਫੋਨ ਨੰਬਰ –

0160-2255002

0160-2255009 (ਫੈਕਸ)

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ – 0160-2255003

ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ – 0160-2255005, 2255006. 2255007

ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ – 98142-80259